# ਨਵੀਂ ਸਰਿਸ਼ਟ ਦਾ ਸਰੂਪ

ਏ. ਐਲ. ਗਿੱਲ ਦੁਆਰਾ

Gill Ministries
www.gillministries.com

*Punjabi-New Creation*

**ਏ. ਐਲ. ਅਤੇ ਜੋਇਸ ਗਿੱਲ ਦੁਆਰਾ ਪੁਸਤਕਾਂ**
ਗਾਡ ਅਕੱਵਅਨਅਟ ਬਲੈਸੀਰਸ ਫਾਰ ਯੂ
ਗਾਡ ਸ ਪਰੋਮਿਸਸ ਫਾਰ ਯੂਅਰ ਐਵਰੀ ਨੀਡ
ਡੈਸਟਾਇਨਡ ਫਾਰ ਡੋਮੀਨੀਅਨ
ਆਊਟ ! ਇਨ ਦੀ ਨੇਮ ਆਫ ਜੀਸਸ

**ਇਹਨਾਂ ਲੜੀਆਂ ਵਿੱਚ ਪੁਸਤਕਾਂ**

***ਓਥਾਰਅਟੀ ਆਫ਼ ਦੀ ਬਿਲੀਵਰ***
*ਹਾਉ ਟੂ ਕਵਿਟ ਲੂਜ਼ੀਗ*
*ਐਂਡ ਸਟਾਟ ਵੀਨਿੰਗ*

***ਚਰਚ ਟਰਾਇਅਮਫੈਂਟ***
*ਥਰੂ ਦੀ ਬੁੱਕ ਆਫ ਐਕਟਸ*

***ਗਾਡ ਸ ਪਰਅਵੀਸ਼ਨ ਫਾਰ ਹੀਲਿੰਗ***
*ਰਿਸੀਵਿੰਗ ਐਂਡ ਮਿਨਿਸਟ੍ਰਿੰਗ*
*ਗਾਡ ਸ ਹੀਲਿੰਗ ਪਾਵਰ*

***ਦੀ ਮਿਨਿਸਟ੍ਰੀ ਗਿਫ਼ਟਸ***
*ਅਪੌਸਲ, ਪਰੋਫ਼ਿਟ, ਇਵੈਂਨਜੇਲਿਸਟ,*
*ਪਾਸਟਰ, ਉਸਤਾਦ*

***ਮਿਰਾਕਲ ਇਵੈਂਨਜੇਲਿਜ਼ਮ***
*ਗਾਡ ਸ ਪਲੈਨ ਟੂ ਰੀਚ ਦੀ ਵਲਡ*

***ਪੈਟਰਨਸ ਫਾਰ ਲੀਵਿੰਗ***
*ਫਰਾਮ ਦੀ ਉਲਡ ਟੈਸਟਾਮੈਂਟ*

***ਪਰੇਸ ਐਂਡ ਵਰਸ਼ਿਪ***
*ਬਕੰਮਿੰਗ ਵਰਸ਼ਿਪਰਸ ਆਢ ਗਾਡ*

***ਪਰੇਇਰ***
*ਬਰਿੰਗਇੰਗ ਹੈਵੱਨ ਟੂ ਅਰਥ*

***ਸੁਪਰਨੈਚੁਰਲ ਲੀਵਿੰਗ***
*ਥਰੂ ਦਾ ਗਿਫਟਸ ਆਫ਼ ਦੀ*
*ਹੋਲੀ ਸਿਪਿਰਟ*

# ਸੂਚੀ


| | | |
|---|---|---|
| **ਅਧਿਆਏ ਇੱਕ** | ਉਸਦੇ ਸਰੂਪ ਉੱਤੇ ਸਰਿਸ਼ਟ ਕੀਤੇ ਗਏ | **7** |
| **ਅਧਿਆਏ ਦੋ** | ਸਾਡੇ ਪਿਤਾ ਦਾ ਸਰੂਪ | **17** |
| **ਅਧਿਆਏ ਤਿੰਨ** | ਸਾਡਾ ਪੁੱਤਰ ਦਾ ਸਰੂਪ | **30** |
| **ਅਧਿਆਏ ਚਾਰ** | ਨਵੀਂ ਸਰਿਸ਼ਟ ਦਾ ਸਰੂਪ | **43** |
| **ਅਧਿਆਏ ਪੰਜ** | ਆਪਣੀ ਪੁਰਾਣੀ ਇਨਸਾਨੀਅਤ ਨੂੰ ਬਦਲਣਾ | **53** |
| **ਅਧਿਆਏ ਛੇ** | ਮਸੀਹ ਵਿੱਚ ਸਾਡਾ ਸਰੂਪ | **67** |
| **ਅਧਿਆਏ ਸੱਤ** | ਨਵੀਂ ਸਰਿਸ਼ਟ ਦੇ ਹੱਕ | **81** |
| **ਅਧਿਆਏ ਅੱਠ** | ਨਵੀਂ ਸਰਿਸ਼ਟ ਦੇ ਅਧਿਕਾਰ | **91** |
| **ਅਧਿਆਏ ਨੌਂ** | ਈਸ਼ਵਰੀ ਸੁਭਾਉ ਦੇ ਸਾਂਝੀਦਾਰ | **102** |
| **ਅਧਿਆਏ ਦਸ** | ਪਰਮੇਸ਼ੁਰ ਦੇ ਵਚਨ ਅਤੇ ਨਵੀਂ ਸਰਿਸ਼ਟ | **116** |

## ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇੱਕ ਸ਼ਬਦ

ਯਿਸੂ ਨੇ ਆਖਿਆ, "ਪੂਰਾ ਹੋਇਆ!" ਯਿਸੂ ਵੱਲੋਂ ਛੁਟਕਾਰੇ ਦਾ ਕੰਮ ਪੂਰਾ ਹੋਇਆ। ਤਾਂ ਫਿਰ ਕਿਉਂ, ਅਸੀਂ ਬਹੁਤ ਲੋਕਾਂ ਨੂੰ ਅਸਫਲ ਦੇਖਦੇ ਹਾਂ? ਕਿਉਂ ਬਹੁਤੇ ਵਿਸ਼ਵਾਸੀ ਬਿਮਾਰੀ ਵਿੱਚ ਜੀਉਂਦੇ ਹਨ? ਕਿਉਂ ਪਰਮੇਸ਼ੁਰ ਦੇ ਲੋਕ ਸ਼ੈਤਾਨੀ ਸ਼ਕਤੀਆਂ ਦੇ ਅਧੀਨ ਹਨ? ਸ਼ੈਤਾਨ ਨੇ ਸਾਨੂੰ ਧੋਖਾ ਦਿੱਤਾ ਹੈ! ਉੱਪਰਲੇ ਸਮੇਂ ਦੌਰਾਨ, ਅਸੀਂ ਸੁੰਦਰ ਗੱਲਾਂ ਵਿੱਚ ਛੁਟਕਾਰੇ ਨੂੰ ਮਿਲਾਕੇ ਇਸ ਸਚਾਈ ਨੂੰ ਗੁਵਾ ਦਿੱਤਾ ਹੈ। ਪੌਲੁਸ ਰਸੂਲ ਲਿਖਦਾ ਹੈ:

ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ, 2 ਕੁਰਿੰਥੀਆਂ 5:17

ਨਵੀਂ ਸਰਿਸ਼ਟ ਦੇ ਸਰੂਪ ਦਾ ਅਧਿਐਨ ਕਰਕੇ ਵਿਸ਼ਵਾਸੀ ਦਾ ਜੀਵਨ ਗੁਨਾਹ, ਨਿੰਦਾ, ਅਯੋਗਤਾ, ਘਾਟ ਹੀਣਤਾ ਤੋਂ ਪਰਿਵਰਤਨ ਹੁੰਦਾ ਹੈ ਇਸ ਕਰਕੇ ਇਹ ਮਸੀਹ ਦੇ ਸਰੂਪ ਦੇ ਅਨੁਕੂਲ ਹੁੰਦੇ ਹਨ। ਇਹ ਵਿਸ਼ਵਾਸੀ ਨੂੰ ਹੋਂਦ ਅਤੇ ਕੰਮ ਦਾ ਅਨੰਦ ਕਰਨ ਲਈ ਅਜ਼ਾਦ ਕਰਦੀ ਹੈ ਉਹ ਪਰਮੇਸ਼ੁਰ ਦੇ ਸਰੂਪ ਦੇ ਅਨੁਸਾਰ ਕੰਮ ਕਰਨ ਅਤੇ ਹੋਣ ਲਈ ਸਰਿਸ਼ਟ ਕੀਤੇ ਗਏ।

ਇਹ ਅਧਿਐਨ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਸਚਾਈ ਨੂੰ ਪਰਗਟ ਕਰਦਾ ਹੈ ਕੀ ਨਵੀ ਸਰਿਸ਼ਟ ਦੇ ਸਰੂਪ ਦਾ ਅਸਲ ਮਤਲਬ ਹੈ। ਇਹ ਬੁਨਿਆਦੀ ਸਚਾਈਆ ਹਨ ਜੋ ਹਰੇਕ ਵਿਸ਼ਵਾਸੀ ਲਈ "ਜ਼ਰੂਰੀ" ਹੈ।

ਜਿੰਨਾਂ ਜ਼ਿਆਦਾ ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੀ ਸਚਾਈ ਦੇ ਨਵੀਂ ਸਰਿਸ਼ਟ ਦੇ ਲਈ ਆਪਣੇ ਆਪ ਨੂੰ ਪਰਿਪੂਰਨ ਕਰਦੇ ਹੋ ਇਨ੍ਹਾਂ ਜ਼ਿਆਦਾ ਹੀ ਇਹ ਸਚਾਈ ਤੁਹਾਡੇ ਮੰਨ ਵਿੱਚੋਂ ਆਤਮਾ ਵੱਲ ਵੱਧਦੀ ਜਾਵੇਗੀ । ਇਹ ਦਸਤੀ ਰੂਪਰੇਖਾ ਦੇਵੇਗੀ ਤਾਂ ਜੋ ਤੁਸੀ ਇਹ ਸਚਾਈ ਦੂਸਰਿਆਂ ਨੂੰ ਦੇ ਸਕੋ।

ਸਿੱਖਿਆ ਦੇ ਪ੍ਰਭਾਵਸ਼ਾਲੀ ਹੋਣ ਲਈ ਨਿੱਜੀ ਜੀਵਨ ਦੀਆਂ ਉਦਾਹਰਨਾਂ ਜ਼ਰੂਰੀ ਹਨ। ਲੇਖਕ ਨੇ ਇਸ ਕੋਰਸ ਵਿੱਚ ਇਨ੍ਹਾਂ ਉਦਾਹਰਨਾਂ ਨੂੰ ਛੱਡ ਦਿੱਤਾ ਹੈ ਤਾਂ ਜੋ ਅਧਿਆਪਕ ਜਾਂ ਅਧਿਆਪਕਾ ਆਪਣੇ ਖ਼ੁਦ ਦੇ ਸ਼ਾਨਦਾਰ ਤਜ਼ਰਬਿਆਂ ਜਾਂ ਹੋਰਨਾਂ ਲੋਕਾਂ ਦੇ ਤਜ਼ਰਬਿਆਂ ਵਿੱਚੋਂ ਉਦਾਹਰਨਾਂ ਦੇਵੇ ਜਿਸ ਨਾਲ ਵਿਦਿਆਰਥੀ ਆਪਣੇ ਆਪ ਨੂੰ ਸੰਬੰਧਿਤ ਕਰਨ ਯੋਗ ਹੋ ਸਕਣ। ਇਹ ਹਮੇਸ਼ਾ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਹ ਪਵਿੱਤਰ ਆਤਮਾ ਹੈ ਜੋ ਸਾਨੂੰ ਸਭ ਗੱਲਾਂ ਸਿਖਾਉਣ ਦੇ ਲਈ ਸਿਖਾ ਰਿਹਾ ਹੈ, ਸਾਨੂੰ ਹਮੇਸ਼ਾ ਪਵਿੱਤਰ ਆਤਮਾ ਰਾਹੀਂ ਸਮਰੱਥਾ ਪਾਉਣੀ ਚਾਹੀਦੀ ਹੈ ਅਤੇ ਸਾਡੀ ਉਸੇ ਦੁਆਰਾ ਅਗਵਾਈ ਕੀਤੀ ਜਾਣੀ ਚਾਹੀਦੀ ਹੈ।

ਇਹ ਅਧਿਐਨ ਨਿੱਜੀ ਵਿਅਕਤੀਆਂ ਜਾਂ ਸਮੂਹਿਕ ਅਧਿਐਨਾਂ, ਸੰਡੇ ਸਕੂਲਾਂ ਅਤੇ ਘਰੇਲੂ ਸਮੂਹਾਂ ਲਈ ਬਹੁਤ ਹੀ ਚੰਗਾ ਹੈ। ਇਹ ਜ਼ਰੂਰੀ ਹੈ ਕਿ ਕੋਰਸ ਦੇ ਅਧਿਐਨ ਦੌਰਾਨ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਕੋਲ ਇਸ ਦਸਤੀ ਦੀ ਇੱਕ ਇੱਕ ਕਾਪੀ ਹੋਵੇ ਵਾਰਤਾਲਾਪ ਲਈ ਪ੍ਰਸ਼ਨ ਵੀ ਹਨ।

ਉੱਤਮ ਕਿਤਾਬਾਂ ਲਿਖੀਆਂ ਗਈਆਂ ਹਨ, ਉਨ੍ਹਾਂ ਨੂੰ ਰੇਖਾ ਅੰਕਿਤ ਕੀਤਾ ਗਿਆ ਹੈ, ਉਨ੍ਹਾਂ 'ਤੇ ਮਨਨ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਹਜ਼ਮ ਕੀਤਾ ਗਿਆ ਹੈ। ਅਸੀਂ ਤੁਹਾਡੇ ਲਈ ਨੋਟ ਅਤੇ ਟਿੱਪਣੀਆਂ ਲਿਖਣ ਵਾਸਤੇ ਜਗ੍ਹਾ ਛੱਡੀ ਹੈ। ਫਾਰਮੈਟ ਨੂੰ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਤੁਸੀਂ ਤੇਜ ਹਵਾਲਾ ਪ੍ਰਣਾਲੀ ਨਾਲ ਪੁਨਰ ਅਵਲੋਕਨ ਕਰ ਸਕਦੇ ਹੋ ਅਤੇ ਜਿਹੜਾ ਤੁਹਾਨੂੰ ਦੁਬਾਰਾ ਖੇਤਰਾਂ ਨੂੰ ਲੱਭਣ ਵਿੱਚ ਸਹਾਇਤਾ ਕਰੇਗਾ। ਇਹ ਖਾਸ ਫਾਰਮੈਟ ਹਰ ਇੱਕ ਵਿਅਕਤੀ ਲਈ ਇਸਨੂੰ ਸੰਭਵ ਬਣਾ ਦਿੰਦਾ ਹੈ, ਇੱਕ ਵਾਰ ਜਦੋਂ ਉਹ ਦੂਜਿਆਂ ਨੂੰ ਵਿਸ਼ੇ ਸਿਖਾਉਣ ਲਈ, ਇਸ ਸਾਰੀ ਸਮੱਗਰੀ ਨੂੰ ਪੂਰੀ ਤਰ੍ਹਾਂ ਪੜ੍ਹ ਚੁੱਕੇ ਹੁੰਦੇ ਹਨ।

ਪੌਲੁਸ ਨੇ ਤਿਮੋਥਿਉਸ ਨੂੰ ਲਿਖਿਆ :

ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹੀਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ 2 ਤਿਮੋਥਿਉਸ 2:2

ਇਸ ਕੋਰਸ ਨੂੰ ਮਨਿਦਸ (Ministry Development System) ਫਾਰਮੈਟ ਵਿੱਚ ਇੱਕ ਪ੍ਰਯੋਗਿਕ ਸ਼ਿਰਕਤ ਕਰਨ ਵਾਲੇ ਬਾਈਬਲ ਧਾਰਨਾ ਨੂੰ ਜੀਵਨਾਂ, ਸੇਵਕਾਈ ਅਤੇ ਵਿਦਿਆਰਥੀਆਂ ਦੀ ਭਵਿੱਖੀ ਸਿੱਖਿਆ ਵਿੱਚ ਗੁਣਨ ਕਿਰਿਆ ਲਈ ਤਿਆਰ ਕੀਤਾ ਗਿਆ ਹੈ। ਸਾਬਕਾ ਵਿਦਿਆਰਥੀ ਇਸ ਦਸਤੀ ਦਾ ਪ੍ਰਯੋਗ ਕਰਕੇ ਦੂਜਿਆਂ ਨੂੰ ਅਸਾਨੀ ਨਾਲ ਇਹ ਕੋਰਸ ਸਿਖਾ ਸਕਦੇ ਹਨ।

## ਲੇਖਕ ਬਾਰੇ

ਏ. ਐਲ. ਅਤੇ ਜੋਇਸ ਗਿੱਲ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧ ਵਕਤਾ, ਲੇਖਕ ਅਤੇ ਬਾਈਬਲ ਅਧਿਆਪਕ ਹਨ। ਏ. ਐਲ. ਦੀ ਰਸੂਲੀ ਸੇਵਕਾਈ ਉਨ੍ਹਾਂ ਨੂੰ ਸੰਸਾਰ ਦੇ 80 ਤੋਂ ਵੀ ਵੱਧ ਦੇਸ਼ਾਂ ਵਿੱਚ ਲੈ ਕੇ ਜਾ ਚੁੱਕੀ ਹੈ। ਜਿੱਥੇ ਉਨ੍ਹਾਂ ਭੀੜਾਂ ਨੂੰ ਪ੍ਰਚਾਰ ਕੀਤਾ ਜਿਨ੍ਹਾਂ ਦੀ ਗਿਣਤੀ ਲੱਖਾਂ ਦੇ ਹਿਸਾਬ ਨਾਲ ਸੀ ਅਤੇ ਕਰੋੜਾਂ ਨੂੰ ਉਨ੍ਹਾਂ ਨੇ ਰੇਡਿਓ ਅਤੇ ਟੈਲੀਵਿਜ਼ਨ ਦੁਆਰਾ ਪ੍ਰਚਾਰ ਕੀਤਾ।

ਉਨ੍ਹਾਂ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਅਤੇ ਦਸਤੀਆਂ ਦੀਆਂ 15 ਲੱਖ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ। ਉਨ੍ਹਾਂ ਦੀਆਂ ਲਿਖਤਾਂ ਨੂੰ ਜਿਨ੍ਹਾਂ ਦਾ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਚੁੱਕਾ ਹੈ, ਪੂਰੇ ਜਗਤ ਵਿੱਚ ਬਾਈਬਲ ਸਕੂਲਾਂ ਅਤੇ ਸੈਮੀਨਰਾਂ ਵਿੱਚ ਪ੍ਰਯੋਗ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੇ ਸ਼ਕਤੀਸ਼ਾਲੀ ਪ੍ਰਚਾਰ, ਸਿੱਖਿਆ, ਲਿਖਤਾਂ ਅਤੇ ਵੀਡਿਓ ਅਤੇ ਆਡੀਓ ਟੇਪ ਸੇਵਕਾਈ ਦੁਆਰਾ, ਪਰਮੇਸ਼ੁਰ ਦੇ ਵਚਨ ਦੀਆਂ ਬਦਲ ਦੇਣ ਵਾਲੀਆਂ ਸ਼ਕਤੀਸ਼ਾਲੀ ਸਚਾਈਆਂ ਦੂਜਿਆਂ ਦੇ ਜੀਵਨਾਂ ਵਿੱਚ ਧਮਾਕੇ ਨਾਲ ਫੱਟਦੀਆਂ ਹਨ।

ਪਰਮੇਸ਼ੁਰ ਦੀ ਹਜ਼ੂਰੀ ਦੀ ਅਨੋਖੀ ਮਹਿਮਾ ਦਾ ਉਨ੍ਹਾਂ ਦੇ ਉਸਤਤ ਅਤੇ ਅਰਾਧਨਾ ਸੈਮੀਨਰਾਂ ਵਿੱਚ ਅਨੁਭਵ ਕੀਤਾ ਜਾਂਦਾ ਹੈ ਜਦੋਂ ਵਿਸ਼ਵਾਸੀਆਂ ਨੂੰ ਇਹ ਪਤਾ ਲੱਗਦਾ ਹੈ ਕਿ ਕਿਵੇਂ ਉਨ੍ਹਾਂ ਨੇ ਪਰਮੇਸ਼ੁਰ ਦੇ ਸੱਚੇ ਅਤੇ ਨਜ਼ਦੀਕੀ ਅਰਾਧਕ ਜਾਂ ਭਗਤੀ ਕਰਨ ਵਾਲੇ ਬਣਨਾ ਹੈ। ਵਿਸ਼ਵਾਸੀ ਦੇ ਇਖ਼ਤਿਆਰ ਉਨ੍ਹਾਂ ਦੀਆਂ ਸਿੱਖਿਆਵਾਂ ਦੁਆਰਾ ਬਹੁਤ ਸਾਰੇ ਲੋਕਾਂ ਨੇ ਜਿੱਤ ਅਤੇ ਹਿੰਮਤ ਦੇ ਨਵੇਂ ਅਤੇ ਉਕਸਾਉਣ ਵਾਲੇ ਵਿਸਤਾਰ ਨੂੰ ਖੋਜਿਆ ਹੈ।

ਏ. ਐਲ. ਅਤੇ ਜੋਇਸ ਗਿੱਲ ਦੋਵਾਂ ਕੋਲ ਮਾਸਟਰ ਆਫ਼ ਥੀਓਲੋਜਿਕਲ ਸਟੱਡੀਜ਼ ਦੀਆਂ ਡਿਗਰੀਆਂ ਹਨ। ਏਲ.ਐਲ. ਨੂੰ ਵਿਸ਼ਨ ਕ੍ਰਿਸਚਨ ਯੂਨੀਵਰਸਿਟੀ ਵੱਲੋਂ ਥੀਓਲੋਜੀ ਵਿੱਚ ਡਾਕਟਰ ਆਫ਼ ਫਿਲੋਸਫੀ ਦੀ ਡਿਗਰੀ ਵੀ ਪ੍ਰਾਪਤ ਹੋਈ ਹੈ। ਉਨ੍ਹਾਂ ਦੀ ਸੇਵਕਾਈ ਦ੍ਰਿੜ ਰੂਪ ਵਿੱਚ ਪਰਮੇਸ਼ੁਰ ਦੇ ਵਚਨ ਤੇ ਅਧਾਰਿਤ, ਯਿਸੂ ਤੇ ਕੇਂਦਰਿਤ, ਨਿਹਚਾ ਵਿੱਚ ਮਜ਼ਬੂਤ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਵਿੱਚ ਸਿਖਾਈ ਹੋਈ ਹੈ।

ਉਨ੍ਹਾਂ ਦੀ ਸੇਵਕਾਈ ਪਿਤਾ ਦੇ ਦਿਲੀ ਪ੍ਰੇਮ ਦਾ ਪ੍ਰਗਟਾਵਾ ਹੈ। ਉਨ੍ਹਾਂ ਦੇ ਪ੍ਰਚਾਰ ਅਤੇ ਸਿੱਖਿਆ ਵਿੱਚ ਸ਼ਕਤੀਸ਼ਾਲੀ ਮਸਹ, ਚਿੰਨ੍ਹ, ਅਚਰਜ ਕੰਮ, ਅਤੇ ਚੰਗਾ ਕਰਨ ਵਾਲੇ ਚਮਤਕਾਰ ਹੁੰਦੇ ਹਨ ਜਿਸ ਨਾਲ ਬਹੁਤ ਸਾਰੇ ਲੋਕ ਪਰਮੇਸ਼ੁਰ ਦੀ ਸ਼ਕਤੀ ਅਧੀਨ ਲਹਿਰਾਂ ਵਿੱਚ ਮਸਹ ਨਾਲ ਭਰੀ ਜਾ ਰਹੇ ਹਨ। ਜਿੰਨੇ ਲੋਕ ਉਨ੍ਹਾਂ ਦੀਆਂ ਸਭਾਵਾਂ ਵਿੱਚ ਸ਼ਾਮਲ ਹੁੰਦੇ ਹਨ ਪਰਮੇਸ਼ੁਰ ਦੀ ਮਹਿਮਾ ਅਤੇ ਸ਼ਕਤੀ ਦੇ ਅਨੋਖੇ ਪ੍ਰਗਟਾਵਿਆਂ ਦਾ ਅਨੁਭਵ ਕਰ ਰਹੇ ਹਨ।

## ਅਧਿਆਏ ਇੱਕ

# ਉਸਦੇ ਸਰੂਪ ਉੱਤੇ ਸਰਿਸ਼ਟ ਕੀਤੇ ਗਏ

## ਭੂਮਿਕਾ

ਜੋ ਮਸੀਹ ਵਿੱਚ ਹਨ ਉਹਨਾਂ ਲਈ ਨਵੀਂ ਸਰਿਸ਼ਟ ਦਾ ਸਰੂਪ ਅਧਿਐਨ ਸ਼ਕਤੀਸ਼ਾਲੀ ਪ੍ਰਕਾਸ਼ ਲਿਆਵੇਗਾ-ਨਵੀਂ ਸਰਿਸ਼ਟ ਤੋਂ ਕੀ ਭਾਵ ਹੈ। ਇਹ ਗੁਨਾਹ, ਦੰਡ ਆਗਿਆ, ਅਪੂਰਨਤਾ, ਹੀਨਤਾ ਦੇ ਵਿਚਾਰ ਤੋਂ ਅਜ਼ਾਦੀ ਲਿਆਵੇਗਾ। ਇਹ ਸਾਨੂੰ ਬੜੀ ਦਲੇਰੀ ਨਾਲ ਜੀਵਨ ਬਦਲਣ ਵਾਲੇ ਅਤੇ ਜੋਸ਼ ਭਰੇ ਪ੍ਰਕਾਸ਼ਨ ਵਿੱਚ ਲੈ ਜਾਂਦਾ ਹੈ ਜਿਸ ਤੋਂ ਯਿਸੂ ਮਸੀਹ ਵਿੱਚ ਇੱਕ ਹੋਣ ਦਾ ਅਰਥ ਸਮਝ ਆਉਂਦਾ ਹੈ ।

ਅਸੀਂ ਖੋਜ ਕਰਾਂਗੇ ਕਿ ਪਰਮੇਸ਼ੁਰ ਆਪਣੇ ਮਹਾਨ ਛੁਟਕਾਰੇ ਦੇ ਕੰਮ ਵਿੱਚ ਸਾਡੇ ਤੋਂ ਕੀ ਚਾਹੁੰਦਾ ਹੈ। ਅਸੀਂ ਆਪਣੇ ਆਪ ਨੂੰ ਹੇਠ ਦੱਸੇ ਅਨੁਸਾਰ ਪ੍ਰਗਟ ਕਰਾਂਗੇ:

- ਨਵਾਂ ਜਨਮ ਪ੍ਰਾਪਤ ਕੀਤਾ ਹੋਇਆ
- ਇੱਕ ਪ੍ਰਸੰਨ ਆਤਮਾ
- ਇੱਕ ਨਵੀਂ ਸਰਿਸ਼ਟ

ਪੌਲੁਸ ਰਸੂਲ ਇਹ ਸ਼ਬਦ ਲਿਖਦਾ ਹੈ:

**2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਂਆਂ ਹੋ ਗਈਆਂ ਹਨ।**

ਵਿਸ਼ਵਾਸੀਆਂ ਵਾਂਗ, ਅਸੀਂ ਮਨੁੱਖ ਜਾਤੀ ਵਿੱਚੋਂ ਨਵੀਂ ਸੰਤਾਨ ਹਾਂ "ਨਵਾਂ ਜਨਮ ਪ੍ਰਾਪਤ ਕੀਤੀ ਹੋਈ" ਸੰਤਾਨ ਪਰਮੇਸ਼ੁਰ ਦਾ ਜੀਵਨ ਸਾਡੇ ਵਿੱਚ ਰਹਿੰਦਾ ਹੈ। ਅਸੀਂ ਮਸੀਹ ਵਿੱਚ ਨਵੀਂ ਸਰਿਸ਼ਟ ਹਾਂ। ਅਕਸਰ ਇਸ ਅਧਿਐਨ ਵਿੱਚ, ਵਿਸ਼ਵਾਸੀਆਂ ਨੂੰ "ਨਵੀਂ ਸਰਿਸ਼ਟ" ਕਰਕੇ ਸੰਕੇਤ ਦਿੱਤੇ ਗਏ ਹਨ।

ਇਹ ਅਧਿਐਨ ਇੱਕ ਨਿਰਮਲ ਪ੍ਰਕਾਸ਼ ਸਾਡੇ ਕੋਲ ਲਿਆਵੇਗੀ ਕਿ ਯਿਸੂ ਕੌਣ ਹੈ ਅਤੇ ਅਸੀਂ ਉਸ ਵਿੱਚ ਕੌਣ ਹਾਂ।

ਇਸ ਸ਼ਕਤੀਸ਼ਾਲੀ ਪ੍ਰਕਾਸ਼ ਨਾਲ, ਅਸੀਂ ਵਿਸ਼ਵਾਸੀਆਂ ਵਾਂਗੂ ਅਧਿਕਾਰ, ਦਲੇਰੀ, ਸ਼ਕਤੀ ਅਤੇ ਸਾਡੇ ਜੀਵਨ ਅਤੇ ਸੇਵਕਾਈਆਂ ਵਿੱਚ ਜਿੱਤ, ਨਾਲ ਉਤੇਜਨਾ ਦੇ ਵਿਸਤਾਰ ਨਾਲ ਚੱਲਣਾ ਸ਼ੁਰੂ ਕਰਾਂਗੇ।

ਅਸੀਂ ਆਪਣੇ ਆਪ ਨੂੰ ਦਲੇਰੀ ਨਾਲ ਇਹ ਐਲਾਨ ਕਰਦੇ ਹੋਏ ਦੇਖਾਂਗੇ।

*ਮੈਂ ਜਾਣਦਾ ਹਾਂ ਕਿ ਮੈਂ ਯਿਸੂ ਮਸੀਹ ਵਿੱਚ ਕੌਣ ਹਾਂ!*

*ਮੈਂ ਉਹ ਜਾਂ ਜੋ ਉਹ ਆਖਦਾ ਹੈ ਮੈਂ ਹਾਂ!*

*ਮੈਂ ਉਹ ਕਰ ਸਕਦਾ ਹੈ ਜੋ ਉਹ ਆਖੇ ਮੈਂ ਕਰ ਸਕਦਾ ਹਾਂ!*

*ਮੈਂ ਪ੍ਰਾਪਤ ਕਰ ਸਕਦਾ ਹਾਂ ਜੋ ਉਹ ਆਖਦਾ ਹੈ ਮੈਂ ਕਰ ਸਕਦਾ ਹਾਂ!*

## ਮਨੁੱਖ ਜਾਤੀ – ਉਸ ਦੇ ਸਰੂਪ ਉੱਤੇ ਸਰਿਸ਼ਟ ਕੀਤੀ ਗਈ

ਨਵੀਂ ਸਰਿਸ਼ਟ ਦੇ ਰੂਪ ਵਿੱਚ ਅਸੀਂ ਕੀ ਹਾਂ ਇਸ ਨੂੰ ਸਮਝਣ ਲਈ, ਸਾਨੂੰ ਇਹ ਸਮਝਣਾ (ਜਾਨਣਾ) ਜ਼ਰੂਰੀ ਹੈ ਕਿ ਪਹਿਲੇ ਆਦਮ ਤੇ ਹਵਾ ਕਿਸ ਲਈ ਸਿਰਜੇ ਗਏ ਸਨ। ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਪਰਮੇਸ਼ੁਰ ਦਾ ਮਕਸਦ ਅਤੇ ਇੱਕ ਖਾਸ ਯੋਜਨਾ ਸੀ ਜਦੋਂ ਉਸਨੇ ਆਦਮ ਅਤੇ ਹੱਵਾਹ ਨੂੰ ਆਪਣੀ ਸਰਿਸ਼ਟ ਤੇ ਸਿਰਜਿਆ ਅਤੇ ਇਸ ਧਰਤੀ ਉੱਤੇ ਪੂਰਨ ਇਖ਼ਤਿਆਰ ਦਿੱਤਾ।

**ਉਤਪਤ 1:26–28 ਤਾਂ ਪਰਮੇਸ਼ੁਰ ਨੇ ਆਖਿਆ, “ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਉਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਆਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਅਤੇ ਧਰਤੀ ਪਰ ਸਾਰੇ ਘਿਸਰਨ ਵਾਲਿਆਂ ਉੱਤੇ ਰਾਜ ਕਰਨ।”**

**ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸਨੇ ਉਨ੍ਹਾਂ ਨੂੰ ਉਤਪਤ ਕੀਤਾ।**

**ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਉ ਅਤੇ ਉਸਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਆਕਾਸ਼ ਦੇ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ।”**

### ਸਰੂਪ

ਅਸੀਂ ਪਰਮੇਸ਼ੁਰ ਦੇ ਸਰੂਪ ਤੇ ਸਿਰਜੇ ਗਏ ਸਾਂ। ਨਵੀਂ ਸਰਿਸ਼ਟ ਦੇ ਰੂਪ ਵਿੱਚ, ਅਸੀਂ ਉਸਦੇ ਪੁੱਤਰ ਦੇ ਸਰੂਪ ਵਿੱਚ ਬਦਲ ਰਹੇ ਹਾਂ। ਇੱਕ ਸਰੂਪ ਜੋ ਕਿ ਪੂਰਨ ਸਮਾਨਤਾ ਹੈ।

ਵੈਬਸਟਰ ਦੀ ਡਿਕਸ਼ਨਰੀ ਅਨੁਸਾਰ “ਸਰੂਪ” ਸ਼ਬਦ ਤੋਂ ਭਾਵ ਹੈ ਕਿ:

- ਇੱਕ ਨਕਲ ਜਾਂ ਵਿਅਕਤੀ ਦੀ ਪ੍ਰਤੀਨਿਧਤਾ
- ਦਿਖਾਈ ਦੇਣ ਵਾਲੀ ਕਿਸੇ ਚੀਜ਼ ਦਾ ਟੱਪਾ ਜੋ ਸ਼ੀਸ਼ੇ ਰਾਹੀਂ ਪ੍ਰਗਟ ਹੋ ਕੇ ਸਾਹਮਣੇ ਲਿਆਉਂਦੀ ਹੈ।
- ਇੱਕ ਵਿਅਕਤੀ ਜੋ ਪੂਰਨ ਦੂਜੇ ਦੀ ਤਰ੍ਹਾਂ ਹੈ, ਇੱਕ ਨਕਲ, ਇੱਕ ਪ੍ਰਤੀਰੂਪ, ਜਾਂ ਇਕਰੂਪਤਾ।
- ਇੱਕ ਸਪੱਸ਼ਟ ਚਿੱਤ੍ਰਣ।

ਪਰਮੇਸ਼ੁਰ ਨੇ ਆਪਣੇ ਸਮਾਨ ਆਦਮ ਨੂੰ ਸਿਰਜਿਆ। ਉਹਨੇ ਉਸਨੂੰ ਪਰਮੇਸ਼ੁਰ ਦੀ ਤਰ੍ਹਾਂ ਹੀ ਸਰਿਸ਼ਟ ਕੀਤਾ-ਇੱਕ ਸ਼ੀਸ਼ਾ ਜੋ ਪਰਮੇਸ਼ੁਰ ਸਰੀਰ ਨੂੰ ਪ੍ਰਗਟ ਕਰਦਾ ਹੈ ਉਸਦੇ ਪਰਮੇਸ਼ੁਰ ਵਿੱਚ ਜਾਨ, ਅਤੇ ਉਸਦੇ ਆਤਮਾ ਵਿੱਚੋਂ, ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ, ਜੋ ਪਰਮੇਸ਼ੁਰ ਦੇ ਸਾਹ ਅਤੇ ਜੀਵਨ ਨਾਲ ਜੀਉਂਦਾ ਸੀ।

ਮਨੁੱਖ ਜਾਤੀ ਇਸ ਧਰਤੀ ਉੱਤੇ ਪਰਮੇਸ਼ੁਰ ਦਾ ਸਰੂਪ ਤੋਂ ਪਰਤਾਪ ਲਈ ਸਿਰਜੇ ਗਏ।

**1 ਕੁਰਿੰਥੀਆਂ 11:7 "ਕਿਉਂ ਜੋ ਪੁਰਖ ਨੂੰ ਆਪਣਾ ਸਿਰ ਕੱਜਿਆ ਰੱਖਣਾ ਨਹੀਂ ਚਾਹੀਦਾ ਇਸ ਲਈ ਜੋ ਉਹ ਪਰਮੇਸ਼ੁਰ ਦਾ ਸਰੂਪ ਅਤੇ ਪਰਤਾਪ ਹੈ"।**

ਤ੍ਰੀਏਕ ਹੋਂਦ

ਪਰਮੇਸ਼ੁਰ ਨੇ ਕਿਹਾ, "ਆਉ ਅਸੀਂ ਆਦਮੀ ਨੂੰ ਆਪਣੇ ਸਰੂਪ ਤੇ ਬਣਾਈਏ", ਉਹਨੇ ਕਿਹਾ "ਆਪਣੇ" ਕਿਉਂਕਿ ਪਰਮੇਸ਼ੁਰ ਭਾਵੇਂ ਇੱਕੋ ਪਰਮੇਸ਼ੁਰ ਹੈ ਪਰ ਉਹ ਤਿਨ ਵੱਖਰੀ ਸ਼ਖਸੀਅਤਾਂ ਵਿੱਚ ਜਾਹਿਰ ਹੈ।

1. ਪਰਮੇਸ਼ੁਰ ਪਿਤਾ
2. ਪਰਮੇਸ਼ੁਰ ਪੁੱਤਰ
3. ਪਰਮੇਸ਼ੁਰ ਪਵਿੱਤਰ ਆਤਮਾ

ਆਦਮੀ ਅਤੇ ਤੀਵੀਂ ਜੇ ਉਸਦੇ ਸਰੂਪ ਵਿੱਚ ਸਿਰਜੇ ਗਏ ਵੀ ਤ੍ਰੀਏਕ ਹੋਂਦ ਹਨ।

- ***ਅਸੀਂ ਆਤਮਾ ਹਾਂ***

*ਸਾਡਾ ਆਤਮਾ ਜੋ ਸਾਡਾ ਹਿੱਸਾ ਹੈ ਉਹ ਪਰਮੇਸ਼ੁਰ ਦਾ ਜਾਣਕਾਰ ਹੈ ਜੋ ਆਤਮਿਕ ਰਾਜ ਨਾਲ ਸਬੰਧਿਤ ਉਹ ਸਾਡਾ ਹਿੱਸਾ ਹੈ ਜੋ ਪਰਮੇਸ਼ੁਰ ਨਾਲ ਸਬੰਧ ਅਤੇ ਸੰਗਤੀ ਕਰਦਾ ਹੈ।*

- ***ਸਾਡੀ ਕੋਲ ਜਾਨ (ਪ੍ਰਾਣ) ਹੈ***

ਸਾਡਾ ਪ੍ਰਾਣ ਉਹ ਹਿੱਸਾ ਹੈ ਜੋ ਕਿ ਦਿਮਾਗੀ ਰਾਜ ਨਾਲ ਸਬੰਧਿਤ ਹੈ। ਇਹ ਸਾਡੀ ਬੁੱਧੀ, ਸਾਡੀ ਭਾਵਨਾ, ਸਾਡੀ ਇੱਛਾ ਹੈ, ਇਹ ਉਹ ਸਾਡਾ ਹਿੱਸਾ ਹੈ ਜੋ ਸੋਚਦਾ ਅਤੇ ਵਾਦ ਵਿਵਾਦ ਕਰਦਾ ਹੈ।

- ***ਅਸੀਂ ਸਰੀਰ ਵਿੱਚ ਰਹਿੰਦੇ ਹਾਂ***

*ਸਾਡਾ ਬਦਨ, ਸਾਡਾ ਸਰੀਰਕ ਹਿੱਸਾ ਹੈ, ਉਹ ਘਰ ਜਿੱਥੇ ਸਾਡਾ ਆਤਮਾ ਅਤੇ ਪ੍ਰਾਣ ਰਹਿੰਦੇ ਹਨ।*

ਜਿਵੇਂ ਪਰਮੇਸ਼ੁਰ ਦੋ ਤਿੰਨ ਵਿਅਕਤੀ ਅਲੱਗ ਅਤੇ ਭਿੰਨ ਹੁੰਦੇ ਹੋਏ ਵੀ ਉਹ ਇੱਕ ਪਰਮੇਸ਼ੁਰ ਹਨ, ਉਸੇ ਤਰ੍ਹਾਂ ਸਾਡਾ ਆਤਮਾ, ਪ੍ਰਾਣ ਅਤੇ ਸਰੀਰ ਵੀ ਅਸਲੀ ਵਿਅਕਤੀ ਨਾਲ ਮਿਲਕੇ ਬਣਿਆ ਹੋਇਆ ਹੈ ਜਿਸ ਲਈ ਪਰਮੇਸ਼ੁਰ ਨੇ ਸਾਨੂੰ ਸਿਰਜਿਆ ਹੈ।

ਪੌਲੁਸ ਰਸੂਲ ਸਾਡੀ ਤ੍ਰੀਏਕ ਹੋਂਦ ਬਾਰੇ ਜ਼ਿਕਰ ਕਰਦਾ ਹੈ ਜਦੋਂ ਉਸਨੇ ਲਿਖਿਆ।

**1 ਥੱਸਲੁਨੀਕੀਆਂ 5:23 ਅਤੇ ਸ਼ਾਂਤੀਦਾਤਾ ਪਰਮੇਸ਼ੁਰ ਆਖੇ ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰੇ ਅਰ ਤੁਹਾਡਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੋ"।**

ਸਾਨੂੰ, ਆਪਣੀ ਨਵੀਂ ਸਰਿਸ਼ਟ ਆਤਮਾ ਦਾ ਪ੍ਰਕਾਸ਼ ਹੋਣਾ ਜਰੂਰੀ ਹੈ, ਅਤੇ ਉਸ ਪ੍ਰਕਾਸ਼ ਰਾਹੀਂ, ਪਰਮੇਸ਼ੁਰ ਮੁੜ ਤੋਂ ਸਾਡੇ ਪ੍ਰਾਣ ਅਤੇ ਸਰੀਰ ਨੂੰ ਵਾਪਿਸ ਲਿਆਵੇਗਾ ਜਿਸ ਲਈ ਉਹ ਸਿਰਜੇ ਗਏ ਸਨ। ਅਜਿਹਾ ਕਰਨ ਨਾਲ, ਅਸੀਂ ਪੂਰਨ ਤੌਰ ਤੇ ਸ਼ੁੱਧ ਹੋ ਜਾਵਾਂਗੇ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਦੀ ਆਮਦ ਲਈ ਬੇਦਾਗ ਰੱਖੇ ਜਾਂਦੇ ਹਾਂ।

### ਪਰਮੇਸ਼ੁਰ ਦੇ ਜੀਵਨ ਨਾਲ

ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਨੇ ਆਪਣੇ ਹੱਥਾਂ ਨਾਲ ਆਦਮ ਨੂੰ ਆਪਣੇ ਸਰੂਪ ਤੋਂ ਰਚਿਆ ਅਤੇ ਉਸ ਵਿੱਚ ਆਪਣੇ ਜੀਵਨ ਦਾ ਸਾਹ ਫੂਕਿਆ।

**ਉਤਪਤ 2:7 "ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਨ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ।**

ਜੀਵਿਤ ਰਹਿਣ ਦੀ ਅਵਸਥਾ ਤੋਂ ਵੱਧ ਕੇ ਪਰਮੇਸ਼ੁਰ ਦਾ ਜੀਵਨ ਹੈ। ਇਹ ਸਾਰੇ ਜੀਵਨ ਦਾ ਸ੍ਰੋਤ ਹੈ।

### ਜੋਅ ਜੀਵਨ

ਨਵੇਂ ਨੇਮ ਵਿੱਚ ਜੀਵਨ ਲਈ ਯੂਨਾਨੀ ਵਿੱਚ ਦੋ ਮਹੱਤਵਪੂਰਨ ਸ਼ਬਦ ਇਸਤੇਮਾਲ ਕੀਤੇ ਗਏ ਹਨ "ਪਸੂਹਕੇ" ਤੋਂ ਭਾਵ ਕੁਦਰਤੀ ਜਾਂ ਮਨੁੱਖੀ ਜੀਵਨ ਜੋਅ ਤੋਂ ਭਾਵ ਆਪਣੇ ਆਪ ਵਿੱਚ ਪਰਮੇਸ਼ੁਰ ਦਾ ਸੁਭਾਅ ਤੋਂ ਜੀਵਨ, ਇਹ ਜੀਐ ਜੀਵਨ, ਪਰਮੇਸ਼ੁਰ ਦਾ ਸੁਭਾਅ ਤੇ ਜੀਵਨ, ਜੋ ਕਿ ਹਰੇਕ ਨਵਾਂ ਜਨਮ ਪਾਏ ਹੋਏ ਵਿਸ਼ਵਾਸੀ ਅੰਦਰ ਪ੍ਰਦਾਨ ਕੀਤਾ ਗਿਆ ਹੈ।

ਕਿੰਨਾ ਅਨੋਖਾ ਇਹ ਹੈ ਅਸੀਂ ਪਰਮੇਸ਼ੁਰ ਦੇ ਸੁਭਾਅ ਤੇ ਜੀਵਨ ਨਾਲ ਜੀਉਂਦੇ ਹਾਂ। ਜਦੋਂ ਆਦਮ ਤੋਂ ਹੱਵਾਹ ਨੇ ਪਾਪ ਕੀਤਾ, ਉਨ੍ਹਾਂ ਨੇ ਪਰਮੇਸ਼ੁਰ ਦੇ (ਜੋਅ ਜੀਵਨ) ਸੁਭਾਅ ਤੇ ਜੀਵਨ ਨੂੰ ਖੋਹ ਦਿੱਤਾ। ਪਰ ਜਦੋਂ ਅਸੀਂ ਨਵਾਂ ਜਨਮ ਪਾਇਆ, ਸਾਡਾ ਆਤਮਾ, ਪਰਮੇਸ਼ੁਰ ਦੇ ਜੀਵਨ ਨਾਲ ਜਿਵਾਲਿਆ ਗਿਆ ਹੈ।

ਸਿਰਫ਼ ਪਰਮੇਸ਼ੁਰ ਦੇ ਜੀਵਨ ਕੋਲ ਹੀ ਸਰਿਸ਼ਟ ਕਰਨ ਦੀ ਸ਼ਕਤੀ ਹੈ। ਮਨੁੱਖ ਦੀ ਸਰਿਸ਼ਟੀ ਵੇਲੇ, ਧਰਤੀ ਦੀ ਮਿੱਟੀ ਜੀਉਂਦੀ ਬਣ ਗਈ ਕਿਉਂਕਿ ਪਰਮੇਸ਼ੁਰ ਦਾ ਜੀਵਨ ਉਸ ਵਿੱਚ ਫੂਕਿਆ ਗਿਆ ਸੀ।

**ਯੂਹੰਨਾ 1:3, 4 "ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੂ ਭੀ ਉਸ ਤੋਂ ਬਿਨ੍ਹਾਂ ਨਹੀਂ ਰਚੀ ਗਈ। ਉਸ ਵਿੱਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ"।**

### *ਪਰਮੇਸ਼ੁਰ ਦੇ ਚਾਨਣ ਨਾਲ*

ਪਰਮੇਸ਼ੁਰ ਦਾ ਜੀਵਨ ਚਾਨਣ ਹੈ, ਅਤੇ ਇਹ ਚਾਨਣ, ਜਾਂ ਤੇਜਸੀ ਮਹਿਮਾ, ਆਦਮ ਅਤੇ ਹੱਵਾਹ ਦੇ ਪਾਪ ਕਰਨ ਤੋਂ ਪਹਿਲਾਂ, ਚਾਨਣ ਬਣਿਆ।

**1 ਯੂਹੰਨਾ 1:5 "ਅਤੇ ਉਹ ਸਮਾਚਾਰ ਜਿਹੜਾ ਅਸਾਂ ਉਹਦੇ ਕੋਲੋਂ ਸੁਣਿਆ ਹੈ ਅਤੇ ਤੁਹਾਨੂੰ ਸੁਣਾਉਂਦੇ ਹਾਂ ਸੋ ਇਹ ਹੈ ਜੋ ਪਰਮੇਸ਼ੁਰ ਚਾਨਣ ਅਤੇ ਅਨੇਰਾ ਉਹਦੇ ਵਿੱਚ ਮੂਲੋਂ ਨਹੀਂ"।**

ਗਿਰਾਵਟ ਤੋਂ ਪਹਿਲਾਂ ਇਹ ਸੰਭਵ ਹੈ ਕਿ, ਜੋ ਆਦਮ ਅਤੇ ਹੱਵਾਹ ਪਰਮੇਸ਼ੁਰ ਤੋਂ ਚਾਨਣ ਅਤੇ ਤੇਜਸਵੀ ਮਹਿਮਾ ਵਿੱਚ – ਢੱਕੇ ਹੋਏ ਸਨ।

***ਪਰਮੇਸ਼ੁਰ ਦੀ ਸੰਪੂਰਨਤਾ ਨਾਲ***

ਅਸੀਂ ਜਾਣਦੇ ਕਿ ਆਦਮ ਅਤੇ ਹੱਵਾਹ ਦੇ ਸਰੀਰਾਂ ਵਿੱਚ ਸੰਪੂਰਨ ਤੰਦਰੁਸਤੀ, ਸ਼ਕਤੀ ਅਤੇ ਬਲ ਸ਼ਾਮਿਲ ਸੀ ਕਿਉਂਕਿ ਇਹ ਪਰਮੇਸ਼ੁਰ ਦੇ ਜੀਵਨ ਦਾ ਹਿੱਸਾ ਹਨ।

ਪਰਮੇਸ਼ੁਰ ਦੇ ਜੀਵਨ ਸਾਹ, ਉਨ੍ਹਾਂ ਦੇ ਹਰੇਕ ਸੈੱਲ ਵਿੱਚ ਖੂਨ ਰਾਹੀਂ ਵੱਗਦਾ ਸੀ, ਜੋ ਉਨ੍ਹਾਂ ਨੂੰ ਸੰਪੂਰਨ ਤੰਦਰੁਸਤੀ ਅਤੇ ਸਦੀਪਕ ਜੀਵਨ ਦੇਂਦਾ ਸੀ। ਆਦਮ ਤੇ ਹੱਵਾਹ ਹਮੇਸ਼ਾ ਲਈ ਜੀਉਂਦੇ ਰਹਿਣ ਲਈ ਸਿਰਜੇ ਗਏ। ਉਹ ਤਦ ਤੱਕ ਨਹੀਂ ਮਰੇ ਜਦੋਂ ਤੱਕ ਉਨ੍ਹਾਂ ਵਿੱਚ ਪਰਮੇਸ਼ੁਰ ਦਾ ਜੀਵਨ ਸੀ।

ਆਦਮ ਅਤੇ ਹੱਵਾਹ ਦੀਆਂ ਜਾਨਾਂ (ਮਨ, ਭਾਵਨਾ ਅਤੇ ਇੱਛਾ) ਉਨ੍ਹਾਂ ਦੇ ਸੁਭਾਅ ਵਿੱਚ ਪਰਮੇਸ਼ੁਰ ਦੀ ਤਰ੍ਹਾਂ ਸੀ। ਉਨ੍ਹਾਂ ਦੀਆਂ ਜਾਨਾਂ ਵਿੱਚ ਪਰਮੇਸ਼ੁਰ ਦਾ ਜੀਵਨ ਸੀ, ਅਤੇ ਉਨ੍ਹਾਂ ਦੇ ਮਨ, ਇੱਛਾਵਾਂ ਅਤੇ ਭਾਵਨਾਵਾਂ ਪਰਮੇਸ਼ੁਰ ਨਾਲ ਇੱਕ ਸਨ।

ਉਨ੍ਹਾਂ ਦੀਆਂ ਆਤਮਾਵਾਂ ਸੰਪੂਰਨ – ਪਰਮੇਸ਼ੁਰ ਨਾਲ ਇੱਕ ਸਨ।

**ਪ੍ਰਭੂਤਾ ਦਿੱਤੀ**

ਆਦਮ ਅਤੇ ਹੱਵਾਹ ਨੂੰ ਸਰਿਸ਼ਟ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ "ਰਾਜ ਕਰਨ"!

**ਉਤਪਤ 1:26 "ਤਾਂ ਪਰਮੇਸ਼ੁਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ ਅਤੇ ਉਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਆਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਉੱਤੇ ਧਰਤੀ ਪੁਰ ਸਾਰੇ ਘਿਸਰਨ ਵਾਲਿਆਂ ਉੱਤੇ ਰਾਜ ਕਰਨ"।**

ਪਰਮੇਸ਼ੁਰ ਨੇ ਆਦਮ ਤੇ ਹੱਵਾਹ ਨੂੰ ਸੰਪੂਰਨ ਇਖ਼ਤਿਆਰ ਅਤੇ ਇਸ ਧਰਤੀ ਰਾਜ ਕਰਨ ਦੀ ਪ੍ਰਭੂਤਾ ਦਿੱਤੀ। ਪਰਮੇਸ਼ੁਰ ਨੇ ਇਸ ਸਾਰੀ ਸਰਿਸ਼ਟ ਤੇ ਰਾਜ ਕਰਨ ਦੀ ਪ੍ਰਭੂਤਾ ਤੇ ਇਖ਼ਤਿਆਰ ਨੂੰ, ਬਿਨ੍ਹਾਂ ਗ੍ਰਹਿ ਸੰਬੰਧੀ ਤੇ ਰਹਿਣ ਦਿੱਤਾ। ਇੱਥੇ, ਉਸਨੇ ਇਹ ਇਖ਼ਤਿਆਰ ਆਪਣੀ ਨਵੀਂ ਸਰਿਸ਼ਟ ਨੂੰ ਦਿੱਤਾ ਜਿਸ ਨੂੰ ਉਸਨੇ ਆਪਣੇ ਸਮਾਨ ਹੋਣ ਲਈ ਸਿਰਜਿਆ ਸੀ।

**ਸਰਿਸ਼ਟ ਕਰਨ ਦੀ ਸ਼ਕਤੀ ਨਾਲ**

ਜਿਵੇਂ ਪਰਮੇਸ਼ੁਰ ਦੀ ਸ਼ਕਤੀ ਨੇ ਸੰਸਾਰ ਨੂੰ ਸਰਿਸ਼ਟ ਉਸੇ ਤਰ੍ਹਾਂ ਆਦਮ ਅਤੇ ਹੱਵਾਹ ਨੂੰ ਵੀ ਕਲਪਨਾ, ਵਿਸ਼ਵਾਸ ਅਤੇ ਸਰਿਸ਼ਟੀ ਕਰਨ ਦੀ ਸ਼ਕਤੀ ਦਿੱਤੀ ਗਈ।

ਜਿਵੇਂ ਕਿ ਉਨ੍ਹਾਂ ਦੀਆਂ ਇੱਛਾਵਾਂ ਪਰਮੇਸ਼ੁਰ ਨਾਲ ਇੱਕ ਸਨ, ਇਸ ਕਰਕੇ ਪਰਮੇਸ਼ੁਰ ਦੀ ਸਰਿਸ਼ਟੀ ਕਰਨ ਵਾਲੇ ਜੀਵਨ ਲਈ ਉਨ੍ਹਾਂ ਵਿੱਚ ਗਲਤ ਮਕਸਦ ਲਈ ਅਪ੍ਰਯੋਗ ਕਰਨ ਵਿੱਚ ਕੋਈ ਖ਼ਤਰਾ ਨਹੀਂ ਸੀ। ਇਸ ਧਰਤੀ ਤੇ ਸਾਰੀ ਪਰਮੇਸ਼ੁਰ ਦੀ ਸਰਿਸ਼ਟੀ ਸੰਪੂਰਨ ਤੇ ਪੂਰੀ ਸੀ ਅਤੇ ਉਹ ਵੱਧਣ ਲਈ ਹਿਦਾਇਤ ਦਿੱਤੇ ਗਏ ਜੋ ਪਹਿਲਾਂ ਤੋਂ ਹੀ ਸੰਪੂਰਨ ਸਿਰਜੇ ਗਏ ਸੀ।

**ਉਤਪਤ 1:28 ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਖਿਆ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਉ ਅਤੇ ਉਹਨੂੰ ਆਪਣੇ ਵੱਸ ਵਿੱਚ ਕਰੋ ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ। ਉੱਤੇ ਸਾਰੇ ਧਰਤੀ ਪੁਰ ਘਿਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ"।**

## ਪਰਮੇਸ਼ੁਰ ਨਾਲ ਸੰਗਤੀ ਹੋਣਾ

ਜਦੋਂ ਪਰਮੇਸ਼ੁਰ ਨੇ ਆਦਮ ਤੇ ਹੱਵਾਹ ਨੂੰ ਸਰਿਸ਼ਟ ਕੀਤਾ, ਉਨ੍ਹਾਂ ਦੀ ਉਸ ਨਾਲ ਸੰਪੂਰਨ ਸੰਗਤੀ ਸੀ। ਉਹ ਉਨ੍ਹਾਂ ਨਾਲ ਆਹਮਣੇ ਸਾਹਮਣੇ ਗੱਲਾਂ ਕਰਦਾ ਸੀ। ਉਹ ਦਲੇਰੀ ਨਾਲ ਪਰਮੇਸ਼ੁਰ ਕੋਲ ਜਾਂਦੇ ਸਨ। ਉਨ੍ਹਾਂ ਕੋਲ ਅਪਰਾਧ, ਸਜਾ ਜਾਂ ਹੀਣਤਾ ਦੀ ਭਾਵਨਾ ਨਹੀਂ ਸੀ। ਉਨ੍ਹਾਂ ਦਾ ਪਰਮੇਸ਼ੁਰ ਨਾਲ ਸੰਪੂਰਨ ਸੰਬੰਧ ਸੀ।

ਪਰਮੇਸ਼ੁਰ ਨੇ ਆਦਮ ਤੇ ਆਪਣਾ ਆਤਮ ਭਰੋਸਾ ਪ੍ਰਮਾਣਿਤ ਕੀਤਾ ਜਦੋਂ ਉਹਨੇ ਜਾਨਵਰਾਂ ਨੂੰ ਉਸ ਕੋਲ ਲਿਆਂਦਾ ਤਾਂ ਜੋ ਉਹ ਉਨ੍ਹਾਂ ਦੇ ਨਾਮ ਰੱਖੇ।

**ਉਤਪਤ 2:19 ਯਹੋਵਾਹ ਪਰਮੇਸ਼ੁਰ ਨੇ ਮਿੱਟੀ ਤੋਂ ਜੰਗਲ ਦੇ ਹਰ ਇੱਕ ਜਾਨਵਰ ਨੂੰ ਅਤੇ ਅਕਾਸ਼ ਦੇ ਹਰ ਇੱਕ ਪੰਛੀ ਨੂੰ ਰਚਿਆ ਅਤੇ ਆਦਮੀ ਕੋਲ ਲੈ ਆਇਆ ਤਾਂ ਜੋ ਉਹ ਵੇਖੇ ਭਈ ਉਹ ਕਿਵੇਂ ਉਨ੍ਹਾਂ ਨੂੰ ਸੱਦੇਗਾ ਅਤੇ ਜੋ ਕੁਝ ਆਦਮੀ ਨੂੰ ਉਸ ਜੀਉਂਦੇ ਪ੍ਰਾਣੀ ਨੂੰ ਸੱਦਿਆ ਸੋ ਉਹ ਦਾ ਨਾਉਂ ਹੋ ਗਿਆ"।**

## ਆਜ਼ਾਦ ਇੱਛਾ ਸ਼ਕਤੀ

ਪਰਮੇਸ਼ੁਰ ਨੇ ਆਦਮ ਤੇ ਹੱਵਾਹ ਨੂੰ ਇੱਕ ਚੋਣ ਵੀ ਦਿੱਤੀ-ਇੱਕ ਅਜ਼ਾਦ ਇੱਛਾ ਸ਼ਕਤੀ। ਉਹ ਮਸੀਹੀ ਆਦਮੀ ਦੀ ਤਰ੍ਹਾਂ ਨਹੀਂ ਸਰਿਸ਼ਟ ਕੀਤੇ ਗਏ ਜੋ ਬਿਨ੍ਹਾਂ ਪਸੰਦ ਕਰਨ ਯੋਗਤਾ ਜਾਂ ਪਰਮੇਸ਼ੁਰ ਵਿਰੁੱਧ ਹੋਣ। ਉਨ੍ਹਾਂ ਕੋਲ ਹੁਕਮ ਮੰਨਣ ਜਾਂ ਨਾ ਹੁਕਮ ਮੰਨਣ ਦੀ ਚੋਣ ਵਾਲੀ ਯੋਗਤਾ ਸੀ।

ਇਹ ਚੋਣ, ਪਰਮੇਸ਼ੁਰ ਦੀ ਦਿੱਤੀ ਗਈ ਹਿਦਾਇਤ ਸੀ ਜਿਹੜਾ ਖਾਸ ਕਰਕੇ ਅਦਨ ਬਾਗ ਦੇ ਬਿਰਛ ਦੇ ਸਬੰਧ ਬਾਰੇ ਜੋ ਕਿ ਭਲੇ ਤੇ ਬੁਰੇ ਦੇ ਗਿਆਨ ਦਾ ਬਿਰਛ ਸੀ ਪਰਮੇਸ਼ੁਰ ਨੇ ਕਿਹਾ ਜੇਕਰ ਉਹ ਉਸ ਬਿਰਛ ਤੋਂ ਜਿਸ ਦਿਨ ਖਾਣਗੇ ਜ਼ਰੂਰ ਮਰ ਜਾਣਗੇ।

**ਉਤਪਤ 2:16–17 ਤਾਂ ਯਹੋਵਾਹ ਨੇ ਆਦਮੀ ਨੂੰ ਆਗਿਆ ਦਿੱਤੀ ਕਿ "ਬਾਗ ਦੇ ਹਰ ਬਿਰਛ ਤੋਂ ਨਿਸੰਗ ਖਾਈ। ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾਂ ਖਾਈਂ ਕਿਉਂ ਜੋ ਜਿਸ ਦਿਨ ਤੂੰ ਖਾਵੇ ਜਰੂਰ ਮਰੇਂਗਾ।"**

**ਪਾਪ ਦਾ ਪ੍ਰਵੇਸ਼ ਕਰਨਾ – ਮਨੁੱਖ ਜਾਤੀ ਦਾ ਗੁਆਚਣਾ**

ਧਰਮ ਸ਼ਾਸਤਰ ਪ੍ਰਗਟ ਕਰਦਾ ਹੈ ਕਿ ਆਦਮ ਅਤੇ ਹੱਵਾਹ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਨੂੰ ਚੁਣਿਆ। ਇਹ ਪਾਪ ਸੀ।

**ਉਤਪਤ 3:6 "ਤਾਂ ਤੀਵੀ ਨੇ ਵੇਖਿਆ ਕਿ ਉਹ ਬਿਰਛ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਉਹ ਬਿਰਛ ਬੁੱਧ ਦੇਣ ਲਈ ਲੋੜੀਂਦਾ ਹੈ ਤਾਂ ਉਸਨੇ ਉਹਦੇ ਫਲ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਹਨੇ ਖਾਧਾ"।**

ਪਾਪ ਰਾਹੀਂ, ਸਾਰੀ ਮਨੁੱਖਤਾ ਭਿਆਨਕ ਨਾਲ ਨਾਲ ਪੀੜਿਤ ਹੋਈ।

**ਸੰਗਤੀ ਦਾ ਟੁੱਟਣਾ**

ਪਰਮੇਸ਼ੁਰ ਆਪਣੀ ਸੰਪੂਰਨ ਪਵਿੱਤਰਤਾਈ ਅਤੇ ਧਾਰਮਿਕਤਾ ਵਿੱਚ ਆਦਮ ਤੇ ਹੱਵਾਹ ਨਾਲ ਜ਼ਿਆਦਾ ਦੇਰ ਸੰਗਤੀ ਨਹੀਂ ਰੱਖ ਸਕਿਆ। ਉਨ੍ਹਾਂ ਨੇ ਅਪਰਾਧ ਤੇ ਸਜਾਵਾਂ, ਉਨ੍ਹਾਂ ਨੂੰ ਪਰਮੇਸ਼ੁਰ ਤੋਂ ਲੁੱਕਣ ਦੇ ਕਾਰਨ ਬਣੇ।

**ਉਤਪਤ 3:8 "ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ੁਰ ਦੀ ਆਵਾਜ਼ ਸੁਣੀ ਜਦ ਉਹ ਬਾਗ ਵਿੱਚ ਠੰਡੇ ਵੇਲੇ ਫਿਰਦਾ ਸੀ ਅਤੇ ਉਸ ਮਰਦ ਅਰ ਉਸਦੀ ਤੀਵੀਂ ਨੇ ਬਾਗ ਦੇ ਬਿਰਛਾਂ ਦੇ ਵਿਚਕਾਰ ਯਹੋਵਾਹ ਪਰਮੇਸ਼ੁਰ ਦੇ ਸਾਹਮਣਿਉਂ ਆਪਣੇ ਆਪ ਨੂੰ ਲੁਕਾਇਆ"।**

ਉਨ੍ਹਾਂ ਨੇ ਆਪਣੀ ਬੇਸ਼ਕੀਮਤੀ ਜਾਇਦਾਦ ਨੂੰ ਖੋਹ ਦਿੱਤਾ, ਆਪਣੀ ਪਰਮੇਸ਼ੁਰ ਨਾਲ ਸੰਪੂਰਨ ਸੰਗਤੀ ਅਤੇ ਸੰਬੰਧ ਨੂੰ ਵੀ।

**ਪਰਮੇਸ਼ੁਰ ਦੇ ਜੀਵਨ ਦਾ ਨਾਸ਼**

ਜਦੋਂ ਆਦਮ ਤੇ ਹੱਵਾਹ ਨੇ ਮਨਾ ਕੀਤੇ ਹੋਏ ਫਲ ਨੂੰ ਖਾਧਾ, ਉਹ ਆਤਮਿਕ ਤੌਰ ਨਾਲ ਮਰ ਗਏ। ਪਰਮੇਸ਼ੁਰ ਦਾ ਜੀਵਨ ਉਨ੍ਹਾਂ ਵਿੱਚ ਜ਼ਿਆਦਾ ਦੇਰ ਤੱਕ ਨਾ ਰਹਿ ਸਕਿਆ।

**ਰੋਮੀਆਂ 5:12 "ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ"।**

ਉਨ੍ਹਾਂ ਦੀਆਂ ਆਤਮਾਵਾਂ ਆਤਮਿਕ ਤੌਰ ਨਾਲ ਮੁਰਦਾ ਬਣ ਗਈਆਂ। ਉਨ੍ਹਾਂ ਦੀਆਂ ਆਤਮਾਵਾਂ ਅਕ੍ਰਿਆਤਮਕ ਬਣ ਗਈਆਂ। ਪਰਮੇਸ਼ੁਰ ਦੇ ਆਤਮਾ ਦਾ ਸਾਹ, ਜੋ ਪਰਮੇਸ਼ੁਰ ਨੇ ਆਦਮ ਵਿੱਚ ਫੂਕਿਆ ਸੀ ਜ਼ਿਆਦਾ ਸਮਾਂ ਨਾ ਰਹਿ ਸਕਿਆ।

**ਪਰਮੇਸ਼ੁਰ ਦੇ ਪਰਤਾਪ ਦਾ ਨਾਸ**

ਪਰਮੇਸ਼ੁਰ ਦਾ ਪਰਤਾਪ ਜਿਸਨੇ ਆਦਮ ਤੇ ਹੱਵਾਹ ਨੂੰ ਢੱਕ ਕੇ ਰੱਖਿਆ ਹੋਇਆ ਸੀ, ਤੁਰੰਤ ਦੂਰ ਹੋ ਗਿਆ।

**ਰੋਮੀਆਂ 3:23 "ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ"।**

ਤੁਰੰਤ ਉਨ੍ਹਾਂ ਨੇ ਮਹਿਸੂਸ ਕੀਤਾ ਭਈ ਉਹ ਨੰਗੇ ਸਨ।

**ਉਤਪਤ 7:7 ੳ "ਤਦ ਦੋਹਾਂ ਦੀਆਂ ਅੱਖਾਂ ਖੁੱਲ ਗਈਆਂ ਅਤੇ ਉਨ੍ਹਾਂ ਨੇ ਜਾ ਲਿਆ ਭਈ ਅਸੀਂ ਨੰਗੇ ਹਾਂ"।**

## ਆਤਮਿਕ ਪ੍ਰਤੱਖ ਗਿਆਨ ਦਾ ਨਾਸ਼

ਜਦੋਂ ਆਦਮ ਤੇ ਹੱਵਾਹ ਆਤਮਿਕ ਤੌਰ ਤੇ ਮਰ ਗਏ, ਉਨ੍ਹਾਂ ਦੀਆਂ ਜਾਨਾਂ ਜਿਆਦਾ ਦੇਰ ਤੱਕ ਪਰਮੇਸ਼ੁਰ ਵਿਚ ਜੀਉਂਦਿਆਂ ਨਾ ਰਹਿ ਸਕੀਆਂ। ਜ਼ਿਆਦਾ ਦੇਰ ਉਨ੍ਹਾਂ ਦੇ ਵਿਚਾਰ, ਪਰਮੇਸ਼ੁਰ ਦੇ ਵਿਚਾਰ ਨਾ ਰਹੇ। ਉਨ੍ਹਾਂ ਦੀਆਂ ਆਤਮਾਵਾਂ ਤੋਂ ਪ੍ਰਤੱਖ ਗਿਆਨ ਦਾ ਸ੍ਰੋਤ ਚਲਾ ਗਿਆ ਜੋ ਹੁਣ ਮੁਰਦਾ ਸੀ ਜੋ ਕੁਝ ਉਹ ਵਿਵੇਕ ਕਰਦੇ ਉਹ ਆਪਣੇ ਕੁਦਰਤੀ ਸਰੀਰ ਰਾਹੀਂ ਸੀ।

ਪੰਜ ਗਿਆਨ ਇੰਦਰੀ ਰਾਹੀਂ ਉਨ੍ਹਾਂ ਨੇ ਕੁਦਰਤੀ ਰਾਜ ਵਿੱਚ ਚੱਲਣਾ ਸ਼ੁਰੂ ਕਰ ਦਿੱਤਾ। ਅਸਲੀਅਤ ਅਤੇ ਸਚਿਆਈ ਉਹੋ ਬਣ ਗਈ ਜੋ ਉਹ ਦੇਖਦੇ, ਸੁਣਦੇ, ਸੁੰਘਦੇ, ਚੱਖਦੇ ਜਾਂ ਛੂੰਹਦੇ ਸਨ।

## ਸੰਪੂਰਨ ਤੰਦਰੁਸਤੀ ਦਾ ਨਾਸ਼

ਜ਼ਿਆਦਾ ਦੇਰ ਤੱਕ ਆਦਮ ਤੇ ਹੱਵਾਹ ਦੋ ਸਰੀਰਾਂ ਵਿੱਚ ਪਰਮੇਸ਼ੁਰ ਦਾ ਜੀਵਨ ਉਨ੍ਹਾਂ ਦੀਆਂ ਨਾੜਾਂ ਰਾਹੀਂ। ਹੁਣ ਉਹ ਬੀਮਾਰੀ, ਰੋਗ ਅਤੇ ਗਿਰਾਵਟ ਦੇ ਅਧੀਨ ਹੋ ਗਏ। ਜਿਸ ਪਲ ਉਨ੍ਹਾਂ ਨੇ ਪਾਪ ਕੀਤਾ, ਉਹ ਸਰੀਰਕ ਤੌਰ ਤੇ ਉਮਰ ਅਤੇ ਮਰਨਾ ਸ਼ੁਰੂ ਹੋ ਗਏ।

## ਇਖ਼ਤਿਆਰ ਦਾ ਨਾਸ

ਆਦਮ ਤੇ ਹੱਵਾਹ ਨੇ ਇਸ ਧਰਤੀ ਉੱਤੇ ਉਨ੍ਹਾਂ ਸ਼ੈਤਾਨ ਨੂੰ ਇਹ ਸੌਂਪ ਦਿੱਤਾ। ਉਹ ਹੁਣ ਉਸਦੇ ਰਾਜ ਵਿੱਚ ਜੀਉਂਦੇ ਤੇ ਮਾਯੂਸੀ ਤੌਰ ਨਾਲ ਉਸ ਦੇ ਅਧੀਨ ਹੋ ਗਏ ਜੋ ਚੋਰੀ, ਮਾਰਨ ਤੇ ਨਾਸ ਕਰਨ ਆਇਆ ਸੀ।

## ਨਾ ਨਵਾਂ ਜਨਮ ਪਾਏ ਹੋਏ ਬਣ ਗਏ

ਨਵਾਂ ਜਨਮ ਨਾ ਪਾਇਆ ਹੋਇਆ ਅਤੇ ਵਿਸ਼ਵਾਸੀ ਦਾ ਮਨ ਜੋ ਪਰਮੇਸ਼ੁਰ ਦੇ ਵਚਨ ਰਾਹੀਂ ਤਾਜਾ ਨਾ ਹੋਇਆ ਹੋਵੇ ਉਹ ਜ਼ਿਆਦਾਤਰ ਬੁਰੇ ਖਿਆਲਾਂ ਨਾਲ ਭਰਿਆ ਹੁੰਦਾ ਹੈ।

**ਕਹਾਉਤਾਂ 6:16,17,18 ਛੀਆਂ ਵਸਤਾਂ ਨਾਲ ਯਹੋਵਾਹ ਵੈਰ ਰੱਖਦਾ ਹੈ, ਸਗੋਂ ਸੱਤ ਹਨ ਜਿਹੜੀਆਂ ਉਹਦੇ ਜੀ ਨੂੰ ਘਿਣਾਉਣੀਆਂ ਲੱਗਦੀਆਂ– ਉੱਚੀਆਂ ਅੱਖਾਂ, ਝੂਠੀ ਜੀਭ, ਅਤੇ ਬੇਦੋਸ਼ ਦਾ ਖੂਨ ਕਰਨ ਵਾਲੇ ਹੱਥ, ਉਹ ਮਨ ਜਿਹੜਾ ਖੋਟੀਆਂ ਜੁਗਤਾਂ ਕਰਦਾ ਹੈ ਉਹ ਪੈਰ ਜਿਹੜੇ ਬੁਰਿਆਈ ਕਰਨ ਨੂੰ ਫੁਰਤੀ ਨਾਲ ਭੱਜਦੇ ਹਨ...**

ਉਹ ਉਨ੍ਹਾਂ ਚੀਜਾਂ ਨਾਲ ਭਰੇ ਹਨ ਜੋ ਪਰਮੇਸ਼ੁਰ ਘ੍ਰਿਣਾ ਕਰਦੇ ਹਨ

1. ਘਮੰਡ
2. ਝੂਠੀ ਜੀਭ
3. ਬੇਦੋਸ਼ ਦਾ ਖ਼ੂਨ ਕਰਨਾ
4. ਖੋਟੀਆਂ ਜੁਗਤਾਂ ਕਰਨਾ
5. ਬੁਰਿਆ ਕਰਨ ਨੂੰ ਫੁਰਤੀ ਨਾਲ ਭੱਜਣਾ

ਪੌਲੁਸ ਰਸੂਲ ਦੀ ਅਧਰਮੀ ਅਤੇ ਕੁਧਰਮੀ ਵਿਅਕਤੀ ਬਾਰੇ ਵਰਣਨ ਕਰਦਾ ਹੈ

**ਰੋਮੀਆਂ 1:18–22 "ਜਿਹੜੇ ਮਨੁੱਖ ਸਚਿਆਈ ਨੂੰ ਕੁਧਰਮ ਨਾਲ ਦਬਾਈ ਰੱਖਦੇ ਹਨ ਉਨ੍ਹਾਂ ਦੀ ਸਾਰੀ ਬੇਦੀਨੀ ਅਤੇ ਕੁਧਰਮ ਉੱਤੇ ਪਰਮੇਸ਼ੁਰ ਦਾ ਕ੍ਰੋਧ ਤਾਂ ਅਕਾਸ਼ੋਂ ਪ੍ਰਗਟ ਹੋਇਆ ਕਿਉਂ ਜੋ ਪਰਮੇਸ਼ੁਰ ਦੇ ਵਿਖੇ ਜੋ ਕੁਝ ਮਲੂਮ ਹੋ ਸਕਦਾ ਹੈ ਸੋ ਉਨ੍ਹਾਂ ਵਿੱਚ ਪਰਕਾਸ਼ ਹੈ ਇਸ ਲਈ ਜੋ ਪਰਮੇਸ਼ੁਰ ਨੇ ਉਨ੍ਹਾਂ ਉੱਤੇ ਉਸਨੂੰ ਪ੍ਰਗਟ ਕੀਤਾ। ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹਦਾ ਅਣਡਿੱਠ ਸੁਭਾਉ ਅਰਥਾਤ ਉਹਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹਦੀ ਰਚਨਾ ਤੋਂ ਚੰਗੀ ਤਰ੍ਹਾਂ ਦਿੱਸ ਪੈਂਦੀ ਹੈ। ਇਸ ਕਰਕੇ ਉਨਾਂ ਦੇ ਲਈ ਕੋਈ ਉਜ਼ਰ ਨਹੀਂ। ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਦੇ ਜੋਗ ਵਡਿਆਈ ਨਾ ਕੀਤੀ, ਨਾ ਉਹਦਾ ਧੰਨਵਾਦ ਕੀਤਾ ਸਗੋਂ ਆਪਣੀਆਂ ਸੋਚਾਂ ਵਿੱਚ ਨਿਕੰਮੇ ਬਣ ਗਏ ਅਤੇ ਉਨ੍ਹਾਂ ਦੇ ਬੁੱਧਹੀਣ ਮਨ ਅਨੇਰੇ ਹੋ ਗਏ।**

**ਉਹ ਆਪਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ"।**

## ਮੁਕਤੀਦਾਤਾ ਦਾ ਵਾਇਦਾ

### ਪਹਿਲਾ ਵਾਅਦਾ

ਆਦਮ ਤੇ ਹੱਵਾਹ ਅਦਨ ਬਗੀਚੇ ਵਿੱਚ ਖੜੇ :

- ਮਾਯੂਸੀ ਵਿੱਚ, ਉਨ੍ਹਾਂ ਦਾ ਸਬੰਧ ਅਤੇ ਪਰਮੇਸ਼ੁਰ ਨਾਲ ਸੰਗਤੀ ਨੂੰ ਖੋਹਦੇ ਹੋਣੇ
- ਆਪਣੇ ਇਖ਼ਤਿਆਰ ਤੋਂ ਖੁੰਜ ਗਏ
- ਆਪਣੀ ਸੰਪੂਰਨ ਬੁੱਧੀ ਅਤੇ ਤੰਦਰੁਸਤੀ ਤੋਂ ਰਹਿਤ

ਕਿਸੇ ਵੀ ਤਰ੍ਹਾਂ, ਜਦੋਂ ਪਰਮੇਸ਼ੁਰ ਸ਼ੈਤਾਨ ਨੂੰ ਬੋਲਿਆ, ਉਹਨੇ ਮੁਕਤੀਦਾਤਾ ਦੇ ਪ੍ਰਤੀਨਿਧੀ ਕੰਮ ਰਾਹੀਂ ਮੁੜ ਮਨੁੱਖ ਜਾਤੀ ਦੇ ਸਥਾਪਨਾ ਲਈ ਵਾਇਦਾ ਕੀਤਾ ਜੋ ਤੀਵੀਂ ਦਾ ਬੀਜ ਹੋਵੇਗਾ।

**ਉਤਪਤ 3:15 "ਅਤੇ ਤੇਰੇ ਤੇ ਤੀਵੀਂ ਵਿੱਚ ਅਤੇ ਤੇਰੀ ਤੇ ਤੀਵੀਂ ਦੀ ਸੰਤਾਨ ਵਿੱਚ ਮੈਂ ਵੈਰ ਪਾਵਾਂ। ਉਹ ਤੇਰੇ ਸਿਰ ਨੂੰ ਫੇਵੇਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਗਾ"।**

### ਅਬਰਾਹਾਮ ਦੇ ਬੀਜ ਰਾਹੀਂ

ਮੁਕਤੀਦਾਤਾ ਦਾ ਵਾਇਦਾ ਤਾਜਾ ਹੋਇਆ ਜਦੋਂ ਪਰਮੇਸ਼ੁਰ ਨੇ ਕਿਹਾ ਕਿ ਧਰਤੀ ਦੀਆਂ ਸਾਰੀਆਂ, ਕੌਮਾਂ ਅਬਰਾਹਾਮ ਰਾਹੀਂ ਬਰਕਤ ਪਾਉਣਗੀਆਂ।

**ਉਤਪਤ 18:18 "ਅਬਰਾਹਾਮ ਇੱਕ ਵੱਡੀ ਅਰ ਬਲਵੰਤ ਕੌਮ ਹੋਵੇਗਾ ਅਰ ਧਰਤੀ ਦੀਆਂ ਸਾਰੀਆਂ ਕੌਮਾਂ ਉਸ ਤੋਂ ਬਰਕਤ ਪਾਉਣਗੀਆਂ"।**

ਪਰਮੇਸ਼ੁਰ ਨੇ ਇਹ ਨੇਮ ਦਾ ਵਾਇਦਾ ਇਸਹਾਕ ਅਤੇ ਯਾਕੂਬ ਨੂੰ ਦੁਹਰਾਇਆ। ਉਹਨੇ ਵਾਇਦਾ ਕੀਤਾ ਕਿ ਧਰਤੀ ਦੀਆਂ ਸਾਰੀਆਂ ਕੌਮਾਂ ਉਨ੍ਹਾਂ ਦੇ ਬੀਜ ਰਾਹੀਂ ਬਰਕਤ ਪਾਉਣਗੀਆਂ। ਉੱਥੇ ਮੁਕਤੀਦਾਤਾ ਆ ਰਿਹਾ ਸੀ।

### ਦਾਊਦ ਦੇ ਬੀਜ ਰਾਹੀਂ

ਪਰਮੇਸ਼ੁਰ ਨੇ ਦਾਊਦ ਨਾਲ ਉਸਦੇ ਬੀਜ ਸਬੰਧਿਤ ਨੇਮ ਦਾ ਵਾਇਦਾ ਕੀਤਾ। ਇਹ ਵੀ ਆਉਣ ਵਾਲੇ ਮੁਕਤੀਦਾਤਾ, ਯਿਸੂ ਮਸੀਹ ਦਾ ਹਵਾਲਾ ਸੀ।

**ਜ਼ਬੂਰਾਂ ਦੀ ਪੋਥੀ 89:34-36 ਓ "ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ ਅਤੇ ਜੋ ਮੇਰੇ ਬੁੱਲਾਂ ਵਿੱਚੋਂ ਨਿਕਲਿਆ ਉਹਨੂੰ ਨਾ ਬਦਲਾਂਗਾ, ਇੱਕ ਵਾਰ ਮੈਂ ਆਪਣੀ ਪਵਿੱਤਰਤਾਈ ਦੀ ਸੌਂਹ ਖਾ ਚੁੱਕਾ ਹਾਂ, ਫੇਰ ਦਾਊਦ ਨਾਲ ਝੂਠ ਨਾ ਬੋਲਾਂਗਾ, ਉਹ ਦਾ ਵੰਸ ਅੰਤਕਾਲ ਤੀਕ, ਅਤੇ ਉਹ ਦੀ ਰਾਜ ਗੱਦੀ ਸੂਰਜ ਵਾਂਙੂ ਮੇਰੇ ਅੱਗੇ ਬਣੀ ਰਹੇਗੀ।**

**ਯਸਾਯਾਹ ਰਾਹੀਂ ਭਵਿੱਖਬਾਣੀ ਕੀਤੀ**

ਯਸਾਯਾਹ ਨੇ ਆ ਰਹੇ ਮੁਕਤੀਦਾਤਾ ਦੀ ਭਵਿੱਖਬਾਣੀ ਕੀਤੀ

**ਯਸਾਯਾਹ 9:6-7 ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ ਬਖਸ਼ਿਆ ਗਿਆ, ਰਾਜ ਉਹਦੇ ਮੌਢੇ ਉੱਤੇ ਹੋਵੇਗਾ, ਅਤੇ ਉਹਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ।**

ਉਹਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਦਾਊਦ ਦੀ ਰਾਜ ਗੱਦੀ ਉੱਤੇ, ਅਤੇ ਉਹਦੀ ਪਾਤਸ਼ਾਹੀ ਉੱਤੇ ਭਈ ਉਹ ਉਸਨੂੰ ਕਾਇਮ ਕਰੇ, ਅਤੇ ਨਿਆਉਂ ਦੇ ਧਰਮ ਨਾਲ ਉਸਨੂੰ ਹੁਣ ਤੋਂ ਜੁਗੋ ਜੁੱਗ ਸੰਭਾਲੇ। ਸੈਨਾ ਦਾ ਯਹੋਵਾਹ ਦੀ ਅਣਖ ਏਹ ਕਰੇਗੀ।

**ਸਾਡਾ ਪ੍ਰਤੀਨਿਧੀ**

ਪਾਪ ਅਤੇ ਮੌਤ ਆਦਮ ਅਤੇ ਹੱਵਾਹ ਦੇ ਵਿਦਰੋਹ ਦਾ ਨਤੀਜਾ ਸਨ। ਇਹ ਸਿਰਫ਼ ਸਾਡਾ ਪ੍ਰਤੀਨਿਧੀ ਦੀ ਤਰ੍ਹਾਂ ਆਉਣ ਵਾਲਾ ਆਖਿਰੀ ਆਦਮ ਰਾਹੀਂ ਅਸੀਂ ਜੋ ਇਨ੍ਹਾਂ ਸਜਾਵਾਂ ਤੋਂ ਮੁਕਤ ਕੀਤੇ ਗਏ ਤਾਂ ਯਸਾਯਾਹ ਤ੍ਰਿਵੰਝਾ ਸਾਨੂੰ ਆਉਣ ਵਾਲੇ ਮੁਕਤੀਦਾਤਾ ਦੀ ਅਨੋਖੀ ਤਸਵੀਰ ਦਿੰਦਾ ਹੈ।

**ਯਸਾਯਾਹ 53:4, 5 ਸੱਚਮੁੱਚ ਉਸਨੇ ਸਾਡੇ ਗਮ ਚੁੱਕ ਲਏ, ਅਤੇ ਸਾਡੇ ਦੁੱਖ ਚੁੱਕ ਲਏ, ਪਰ ਅਸਾਂ ਉਸਨੂੰ ਮਾਰਿਆਂ ਹੋਇਆ, ਪਰਮੇਸ਼ੁਰ ਦਾ ਭੰਨਿਆ ਹੋਇਆ ਸਮਝਿਆ। ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡਿਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ ਅਤੇ ਉਸਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।**

ਆਉਣ ਵਾਲੇ ਮਸੀਹ ਦੇ ਪ੍ਰਤੀਨਿਧੀ ਛੁਟਕਾਰੇ ਦੇ ਕੰਮ ਰਾਹੀਂ, ਸਭ ਕੁਝ ਜੋ ਆਦਮ ਅਤੇ ਹੱਵਾਹ ਨੇ ਗਿਰਾਵਟ ਵੇਲੇ ਗਵਾ ਲਿਆ ਸੀ ਉਹ ਮੁੜ ਕੇ ਵਾਪਿਸ ਕੀਤਾ ਜਾਵੇਗਾ। ਇੱਕ ਵਾਰੀ ਫੇਰ ਮਨੁੱਖ ਜਾਤੀ ਸਭ ਉਸੇ ਤਰ੍ਹਾਂ ਬਣ ਸਕਦੀ ਹੈ ਜਿਸ ਲਈ ਉਹ ਸਿਰਜੇ ਗਏ ਸਨ। ਨਵਾਂ ਸਰਿਸ਼ਟੀ ਮੁੜ ਤੋਂ ਸਥਾਪਿਤ ਕੀਤੀ ਹੋ ਜਾਵੇਗੀ।

**ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ**

1. ਕਿਉਂ ਆਦਮ ਤੋਂ ਹੱਵਾਹ ਕੋਲ ਪਰਮੇਸ਼ੁਰ ਦੀ ਤਰ੍ਹਾਂ ਗੁਣ ਸਨ ਜਦ ਉਹ ਸਿਰਜੇ ਗਏ।
2. ਕਿਹੜੀ ਚੀਜ਼ ਆਦਮ ਤੇ ਹੱਵਾਹ ਅੰਦਰ ਪਾਈ ਜਾਂਦੀ ਸੀ ਜੋ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਬਣਾਏ ਗਏ ਦੂਜੇ ਜਾਨਵਰਾਂ ਤੋਂ ਅਲੱਗ ਕਰਦੀ ਸੀ?
3. ਉਨ੍ਹਾਂ ਕੁਝ ਚੀਜਾਂ ਦੀ ਲੜੀ ਬਣਾਉ ਜਿਹੜੀ ਮਨੁੱਖ ਜਾਤੀ ਨੇ ਗਿਰਾਵਟ ਵੇਲੇ ਖੋਹ ਦਿੱਤੀ, ਜੋ ਫੇਰ ਮੁੜਕੇ ਨਵੀਂ ਸਰਿਸ਼ਟ ਵਿੱਚ ਵਾਪਸ ਕੀਤੀ ਜਾਣਗੀਆਂ।

### ਅਧਿਆਏ ਦੋ

# ਸਾਡੇ ਪਿਤਾ ਦਾ ਸਰੂਪ

**ਭੂਮਿਕਾ –**

ਸਾਡੀ ਨਵੀਂ ਸਰਿਸ਼ਟ ਦੇ ਸਰੂਪ ਨੂੰ ਸਮਝਣ ਲਈ, ਸਾਡੇ ਕੋਲ ਪਿਤਾ ਪਰਮੇਸ਼ੁਰ ਕੌਣ ਹੈ, ਉਸਦਾ ਪ੍ਰਕਾਸ਼ ਹੋਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਉਸ ਦੇ ਸਰੂਪ ਤੇ ਰਚੇ ਗਏ, ਅਸੀਂ ਕਿਉਂ ਰਚੇ ਤਦ ਤੱਕ ਨਹੀਂ ਸਮਝ ਸਕਦੇ ਜਦੋਂ ਤੱਕ ਸਾਡੇ ਕੋਲ ਪਿਤਾ ਦਾ ਅਸਲੀ ਸਰੂਪ ਨਾ ਹੋਵੇਗਾ।

ਪੌਲੁਸ ਰਸੂਲ ਨੇ ਲਿਖਿਆ, ਜਿਵੇਂ ਅਸੀਂ ਪਰਮੇਸ਼ੁਰ ਦੀ ਮਹਿਮਾ ਨੂੰ ਵੇਖਾਂਗੇ, ਅਸੀਂ ਉਸੇ ਸਰੂਪ ਵਿੱਚ ਪਰਿਵਰਤਨ ਹੋ ਜਾਵਾਂਗੇ। ਪ੍ਰਕਾਸ਼, ਪਰਿਵਰਤਨ ਲੈ ਕੇ ਆਉਂਦਾ ਹੈ।

**2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ"।**

ਇਸ ਪਾਠ ਵਿੱਚ, ਅਸੀਂ ਪਿਤਾ ਦੀ ਮਹਿਮਾ ਨੂੰ ਦੇਖਣ ਜਾ ਰਹੇ ਹਾਂ। ਪਿਤਾ ਦੇ ਗਲਤ ਸਰੂਪ ਜੋ ਸਾਡੇ ਕੋਲ ਹੈ ਉਨ੍ਹਾਂ ਨੂੰ ਅਸੀਂ ਅਪ੍ਰਵਾਨ (ਰੱਦ) ਕਰਨ ਜਾ ਰਹੇ ਹਾਂ। ਅਸੀਂ ਪਵਿੱਤਰ ਆਤਮਾ ਨੂੰ ਆਗਿਆ ਦੇਣ ਜਾ ਰਹੇ ਹਾਂ ਕਿ ਆਪਣੇ ਵਚਨ ਦੇ ਪ੍ਰਕਾਸ਼ ਰਾਹੀਂ, ਸਾਡੇ ਪਿਆਰੇ ਸਵਰਗੀ ਪਿਤਾ ਦੇ ਸੱਚੇ ਸਰੂਪ ਨੂੰ ਪ੍ਰਗਟ ਕਰ ਦੇਵੇ।

**ਆਤਮਾ ਦੀਆਂ ਤਿੰਨ ਕਾਰਵਾਈਆਂ :–**

- **ਯਿਸੂ ਦੇ ਲੋਕ**

ਯਿਸੂ ਦੇ ਲੋਕ ਅੰਦੋਲਨ ਵਿੱਚ, ਕਈਆਂ ਨੇ ਤਾਜੇ ਪ੍ਰਕਾਸ਼ ਨੂੰ ਪਾਇਆ ਅਤੇ ਨਿੱਜੀ ਸੰਬੰਧ ਅੰਦਰ ਆਏ ਅਤੇ ਯਿਸੂ ਨਾਲ ਵਿਅਕਤੀਗਤ ਤੌਰ ਨਾਲ ਸੰਗਤੀ ਕੀਤੀ।

- **ਕੈਰਿਸਮੈਟਿਕ ਸਮ੍ਰਿਤੀ ਪੁਨਰ ਆਰੰਭ**

ਮਸੀਹੀ ਪੁਨਰ ਆਰੰਭ ਵਿੱਚ, ਕਈ ਪਵਿੱਤਰ ਆਤਮਾ ਦੇ ਵਿਅਕਤੀਗਤ ਨਾਲ ਨਿੱਜੀ ਸਬੰਧ ਅਤੇ ਸੰਗਤੀ ਵਿੱਚ ਆਏ।

ਜਿਵੇਂ ਕਿ ਲੋਕ ਪਵਿੱਤਰ ਆਤਮਾ ਰਾਹੀਂ ਅਗਵਾਈ ਕੀਤੇ ਜਾ ਰਹੇ ਸਨ, ਉਨ੍ਹਾਂ ਨੇ ਪੁਰਾਣਿਆਂ ਗੀਤਾਂ ਦੀਆਂ ਕਿਤਾਬਾਂ ਨੂੰ ਪਾਸੇ ਰੱਖ ਦਿੱਤਾ ਅਤੇ ਯਿਸੂ ਦੀ ਵਡਿਆਈ, ਜੋ ਬਾਈਬਲ ਪ੍ਰਗਟੀਕਰਨ ਵਿੱਚ ਦਾਖ਼ਲ ਹੁੰਦੇ ਹੋਏ ਆਨੰਦ ਨੂੰ ਲੱਭਿਆ ਹੈ।

ਦਾਊਦ ਨੇ ਸਾਡੇ ਲਈ ਇਹ ਪ੍ਰਗਟ ਕੀਤਾ ਜਦੋਂ ਉਸਨੇ ਲਿਖਿਆ ਜ਼ਬੂਰ 100:4 – "ਧੰਨਵਾਦ ਕਰਦੇ ਹੋਏ ਉਹਦੇ ਫਾਟਕਾਂ ਦੇ ਅੰਦਰ, ਅਤੇ ਉਸਤਤ ਕਰਦੇ ਹੋਏ ਉਹ ਦੇ ਦਰਬਾਰ ਵਿੱਚ ਆਓ, ਉਹਦਾ ਧੰਨਵਾਦ ਕਰੋ ਅਤੇ ਉਹਦੇ ਨਾਮ ਨੂੰ ਮੁਬਾਰਕ ਆਖੋ"।

• **ਪਿਤਾ ਨੂੰ ਜਾਣਨਾ**

ਇਸ ਵਰਤਮਾਨ ਪਰਮੇਸ਼ੁਰ ਦੀ ਕਾਰਵਾਈ ਯਿਸੂ ਦੀ ਜਲਦ ਆਮਦ ਤੋਂ ਪਹਿਲਾਂ, ਅਸੀਂ ਪਿਤਾ ਨਾਲ ਨਿੱਜੀ ਸੰਬੰਧੀ ਅਤੇ ਸੰਗੀ ਹੋਣ ਲਈ ਜਾ ਰਹੇ ਹਾਂ। ਅਸੀਂ ਉਸਦੇ ਅਰਾਧਨਾ ਕਰਨ ਵਾਲੇ ਬਣਨ ਜਾ ਰਹੇ ਹਾਂ।

ਅਸੀਂ ਉਸਦੇ ਵੇਹੜੇ ਵਿੱਚ ਪਰਮੇਸ਼ੁਰ ਦੇ ਸਾਹਮਣੇ ਗਾਉਂਦੇ, ਹੱਥਾਂ ਨੂੰ ਉਠਾਉਂਦੇ, ਤਾਲੀਆਂ ਬਜਾਉਂਦੇ, ਰੌਲਾ ਪਾਉਂਦੇ, ਟੱਪਦੇ ਅਤੇ ਕੁੱਦਦੇ ਹਾਂ। ਕਿਸੇ ਵੀ ਤਰ੍ਹਾਂ ਹੁਣ ਇਹ ਜ਼ਬਰਦਸਤ ਇੱਛਾ ਕਿ ਪਿਤਾ ਦੀ ਹਜ਼ੂਰੀ ਵਿੱਚ ਅਤੇ ਅੱਤ ਪਵਿੱਤਰ ਸਥਾਨ ਦੇ ਅੰਦਰ ਦਾਖ਼ਲ ਹੋਣ ਦੀ ਪੂਰੀ ਹੋਈ ਹੈ।

ਹੁਣ ਤੋਂ ਅਸੀਂ ਵੇਹੜੇ ਤੱਕ ਹੀ ਰਹਿਣ ਵਿੱਚ ਸੰਤੁਸ਼ਟ ਨਹੀਂ ਹਾਂ। ਅਸੀਂ ਆਪਣੇ ਪਿਤਾ ਦੇ ਮੁਖੜੇ ਨੂੰ ਭਾਲਣ, ਉਸਦੀਆਂ ਅੱਖਾਂ ਵਿੱਚ ਦੇਖਣਾ, ਉਸਦੀਆਂ ਪਿਆਰ ਦੀਆਂ ਬਾਹਾਂ ਨੂੰ ਆਪਣੇ ਦੁਆਲੇ ਮਹਿਸੂਸ ਕਰਨ ਲਈ ਅਤੇ ਉਸ ਨਾਲ ਅਰਾਧਨਾ ਵਿੱਚ ਗੂੜ੍ਹੇ ਬਣਨ ਲਈ ਚਾਹਵਾਨ ਹਾਂ।

**ਯੂਹੰਨਾ 4:23 – "ਪਰ ਉਹ ਸਮਾ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ ਕਿਉਂਕਿ ਪਿਤਾ ਏਹੋ ਜੇਹੇ ਭਗਤਾਂ ਨੂੰ ਚਾਹੁੰਦਾ ਹੈ"।**

ਪਿਤਾ ਸੱਚੀ ਅਰਾਧਨਾ ਕਰਨ ਵਾਲਿਆਂ ਨੂੰ ਭਾਲਦਾ ਹੈ ਜੋ ਉਸਦੀ ਆਤਮਾ ਤੇ ਸਚਿਆਈ ਨਾਲ ਅਰਾਧਨਾ ਲਈ ਸਮਾ ਬਤੀਤ ਕਰਨ, ਜੋ ਅੱਤ ਪਵਿੱਤਰ ਸਥਾਨ ਵਿੱਚ ਦਾਖਲ ਹੋਣ।

## ਸਾਡਾ ਸੰਸਾਰਕ ਪਿਤਾ

ਸਾਡੇ ਸੁਰਗੀ ਪਿਤਾ ਦਾ ਸਰੂਪ ਜ਼ਿਆਦਾਤਰ ਸਾਡੇ ਸੰਸਾਰਕ ਪਿਤਾ ਦੇ ਵਿਸ਼ੇਸ਼ਤਾਵਾਂ (ਗੁਣਾ) ਕਰਕੇ ਸਥਾਪਿਤ ਹੁੰਦਾ ਹੈ। ਸਾਡਾ ਸੰਸਾਰਕ ਪਿਤਾ ਨਾਲ ਸੰਬੰਧ, ਸਾਡੇ ਸੁਰਗੀ ਪਿਤਾ ਨਾਲ ਸਬੰਧ ਉੱਤੇ ਪ੍ਰਭਾਵ ਪਾਉਂਦਾ ਹੈ।

**ਬਹੁਤ ਵਿਅਸਤ**

ਕਈ ਪਿਤਾ ਆਪਣੇ ਬੱਚਿਆਂ ਨਾਲ ਸਮਾਂ ਬਤੀਤ ਕਰਨ ਵਿੱਚ ਬਹੁਤ ਵਿਅਸਤ ਹੁੰਦੇ ਹਨ ਜਦੋਂ ਉਹ ਵੱਧ ਦੇ ਰਹੇ ਸਨ। ਇਹ ਬਹੁਤ ਚੰਗੇ ਕਾਰਨ ਲਈ ਹੋ ਸਕਦਾ ਹੈ, ਪਰੰਤੂ ਇਹ ਕਈਆਂ ਲਈ ਖਿਆਲ ਛੱਡ ਜਾਂਦਾ ਹੈ ਕਿ "ਪਰਮੇਸ਼ੁਰ ਮੇਰੇ ਲਈ ਬਹੁਤ ਵਿਅਸਤ ਹੈ"

**ਸਖਤੀ ਨਾਲ ਅਨੁਸ਼ਾਸਨ ਦਾ**

**ਪਾਲਨ ਕਰਵਾਉਣ ਵਾਲਾ :**

ਕਈ ਪਿਤਾਵਾਂ ਨੇ ਆਪਣੇ ਬੱਚਿਆਂ ਨਾਲ ਕਠੋਰ ਵਰਤਾਉ, ਬਿਨਾਂ ਪਿਆਰ ਦਿਖਾਏ ਸਖ਼ਤੀ ਨਾਲ ਅਨੁਸ਼ਾਸਨ ਦੇ ਪਾਲਨ ਦੀ ਵਰਤੋਂ ਕੀਤੀ ਹੋਵੇਗੀ। ਇਹ ਬੱਚੇ ਜ਼ਿਆਦਾਤਰ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸੁਰਗੀ ਪਿਤਾ ਸਖਤੀ ਨਾਲ ਥੱਲੇ ਵੇਖਦਾ, ਉਸਦੇ ਚਿਹਰੇ ਤੇ ਅਸਹਿਮਤੀ ਪ੍ਰਗਟ ਕਰਨ ਵਾਲੀ ਨਜ਼ਰ, ਉਸਦੇ

ਹੱਥ ਵਿੱਚ ਲਾਠੀ ਹੈ ਅਤੇ ਉਹ ਲਾਈਨ ਵਿੱਚੋਂ ਕਿਸੇ ਦੇ ਬਾਹਰ ਨਿਕਲਣ ਦਾ ਇੰਤਜਾਰ ਕਰ ਰਿਹਾ ਹੋਵੇ।

**ਪਿਆਰ ਦੀ ਕਮੀ**

ਕਈ ਅਜਿਹੇ ਜੱਗ ਵਿੱਚ ਜੁਆਨ ਹੋਏ ਜਿੱਥੇ ਉਨ੍ਹਾਂ ਦੇ ਪਿਤਾਵਾਂ ਦੁਆਰਾ ਘੱਟ ਪਿਆਰ ਜਾਂ ਧਿਆਨ ਦਿੱਤਾ ਗਿਆ। ਕੋਈ ਗੱਲ ਨਹੀਂ ਕਿੰਨੀ ਮੁਸ਼ਕਿਲ ਉਨ੍ਹਾਂ ਦੀ ਕੋਸ਼ਿਸ਼ ਸੀ, ਇੰਝ ਜਾਪਦਾ ਸੀ ਕਿ ਉਹ ਕਦੇ ਵੀ ਆਪਣੇ ਪਿਤਾਵਾਂ ਕੋਲ ਸਹਿਮਤੀ ਜਾਂ ਸਵੀਕਾਰਤਾ, ਪ੍ਰਾਪਤ ਕਰਨ ਦੇ ਯੋਗ ਹੋਣਗੇ।

ਇਨ੍ਹਾਂ ਅਨੁਸਾਰ, ਉਨ੍ਹਾਂ ਦੇ ਸੁਰਗੀ ਪਿਤਾ ਦਾ ਸਰੂਪ ਉਨ੍ਹਾਂ ਦੀਆਂ ਜਰੂਰਤਾਂ ਪ੍ਰਤੀ ਇੱਕ  ਅਸਹਿਮਤੀ ਭਰਿਆ ਅਤੇ ਵੱਖਰਾ ਹੋਵੇਗਾ ਉਹ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੀਆਂ ਪੂਰਤੀਆਂ ਬਾਰੇ ਲਾਪਰਵਾਹ ਅਤੇ ਉਹ ਸੱਚਮੁੱਚ ਉਨ੍ਹਾਂ ਨੂੰ ਪਿਆਰ ਨਹੀਂ ਕਰਦਾ।

**ਗਰੀਬੀ**

ਕਈ ਹੋਰ ਅਜਿਹੇ ਪਰਿਵਾਰਾਂ ਵਿੱਚ ਜੁਆਨ ਹੋਏ ਜਿੱਥੇ ਉਨ੍ਹਾਂ ਦੇ ਪਿਤਾਵਾਂ ਕੋਲ ਜਾਂ ਤਾਂ ਹੈ ਨਹੀਂ ਜਾਂ ਨਾ ਉਨ੍ਹਾਂ ਕੋਲ ਪੂਰੀ ਆਮਦਨ ਪਰਿਵਾਰ ਦੀ ਮਦਦ ਲਈ ਹੈ ਜੋ ਜੀਵਨ ਦੀਆਂ ਬੁਨਿਆਦੀ ਲੋੜਾਂ ਦਾ ਇੰਤਜ਼ਾਮ ਕਰ ਸਕਣ। ਉਹ ਗਰੀਬੀ ਵਿੱਚ ਜੁਆਨ ਹੋਏ।

ਇਹਨਾਂ ਲੋਕਾਂ ਕੋਲ, ਜ਼ਿਆਦਾਤਰ ਪਰਮੇਸ਼ੁਰ ਦਾ "ਗਰੀਬੀ ਦਾ ਸਰੂਪ" ਹੈ ਉਨ੍ਹਾਂ ਨੂੰ ਪਰਮੇਸ਼ੁਰ ਉੱਤੇ ਭਰੋਸਾ ਕਰਨਾ ਕਠਿਨ ਹੈ ਕਿ ਉਹ ਉਨ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ।

**ਦੁਰਵਿਹਾਰ**

ਕਈ ਬੱਚੇ ਆਪਣੇ ਸੰਸਾਰਕ ਪਿਤਾਵਾਂ ਵੱਲੋਂ ਗਲਤ ਪ੍ਰਯੋਗ ਕੀਤੇ ਗਏ। ਕਈਆਂ ਭਾਵਨਾਤਮਕ ਤੌਰ ਤੇ ਅਤੇ ਕਈਆਂ ਦੀ ਸਰੀਰਕ ਤੌਰ ਤੇ ਕੁਵਰਤੋਂ ਕੀਤੀ ਗਈ ਅਤੇ ਅਜੇ ਵੀ ਕਈ ਹੋਰ ਕਾਮਵਾਸਨਾ ਸੰਬੰਧੀ ਮਾਨਸਿਕ ਸੱਟ ਨਾਲ ਪੀੜਿਤ ਹਨ।

ਇਹ ਉਨ੍ਹਾਂ ਨੂੰ ਆਪਣੇ ਸੁਰਗੀ ਪਿਤਾ ਉੱਤੇ ਪੂਰੀ ਤਰ੍ਹਾਂ ਰੋਸਾ ਰੱਖਣ ਦੇ ਯੋਗ ਭਰੋਸਾ ਰੋਕਦਾ ਹੈ ਜਾਂ ਉਸਦੇ ਮਹਾਨ ਪਿਆਰ ਅਤੇ ਸਨੇਹ ਤੋਂ, ਉਹ ਪਰਮੇਸ਼ੁਰ ਸਾਹਮਣੇ ਦੋਸ਼ੀ ਮਹਿਸੂਸ ਕਰਦੇ ਜਾਂ ਉਸ ਨਾਲ ਗੁੱਸੇ ਹੁੰਦੇ ਹਨ, ਅਤੇ ਆਪਣੇ ਜੀਵਨਾਂ ਵਿੱਚ ਉਸ ਉੱਤੇ ਪੂਰੀ ਤਰ੍ਹਾਂ ਭਰੋਸਾ ਰੱਖਣ ਵਿੱਚ ਅਯੋਗ ਹਨ।

**ਸਾਡਾ ਸੁਰਗੀ ਪਿਤਾ**

**ਪਿਆਰ**

ਧਿਆਨ ਦਿੱਤੇ ਬਿਨਾਂ, ਨੁਕਸਾਨ, ਅਪ੍ਰਵਾਨਗੀ ਜਾਂ ਦੁਰਵਰਤੋਂ ਜੋ ਅਸੀਂ ਆਪਣੇ ਸੰਸਾਰਕ ਪਿਤਾ ਤੋਂ ਪ੍ਰਾਪਤ ਕੀਤਾ, ਸਾਨੂੰ ਉਨ੍ਹਾਂ ਨੂੰ ਮਾਫ ਕਰਨਾ ਹੈ ਅਤੇ ਪਰਮੇਸ਼ੁਰ ਕੋਲੋਂ ਤੰਦਰੁਸਤੀ ਪਾਉਣਾ ਹੈ। ਤਾਂ ਜੋ ਅਸੀਂ ਜਾਣ ਸਕੀਏ, ਅਤੇ ਆਪਣੇ ਸੁਰਗੀ ਪਿਤਾ ਦੇ ਜ਼ਬਰਦਸਤ ਪਿਆਰ ਮਾਣ ਸਕੀਏ।

**1 ਯੂਹੰਨਾ 3:1 ੳ "ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ…"।**

ਪੌਲੁਸ ਰਸੂਲ ਨੇ ਲਿਖਿਆ ਕਿ ਕੋਈ ਵੀ ਸਾਨੂੰ ਪਿਤਾ ਦੇ ਪਿਆਰ ਤੋਂ ਅੱਡ ਨਹੀਂ ਕਰ ਸਕਦਾ।

**ਰੋਮੀਆਂ 8:38–39 ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਸ਼ਕਤੀਆਂ। ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਓਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੂ ਵਿੱਚ ਹੈ ਸਾਨੂੰ ਅੱਡ ਕਰ ਸੱਕੇਗੀ।**

## ਪਿਤਾ ਸਾਡੇ ਉੱਤੇ ਖੁਸ਼ੀ ਸੁਣਾਉਂਦਾ ਹੈ।

ਕਠੋਰਤਾ ਅਤੇ ਲਾਪਰਵਾਹੀ ਪਿਤਾ ਦੀ ਬਜਾਏ, ਸਾਡੇ ਕੋਲ ਸੁਰਗੀ ਪਿਤਾ ਹੈ ਜੋ ਸਾਡੇ ਨਾਲ ਬਹੁਤ ਪਿਆਰ ਕਰਦਾ ਜੋ ਉਹ ਆਨੰਦ ਅਤੇ ਜੈਕਾਰਿਆਂ ਨਾਲ ਸਾਡੇ ਉੱਤੇ ਖੁਸ਼ੀ ਕਰਦਾ ਹੈ।

ਇਸ ਤਰ੍ਹਾਂ ਪਰਮੇਸ਼ੁਰ ਦਾ, ਸਫ਼ਨਯਾਹ ਨਬੀ ਵਰਣਨ ਕਰਦਾ ਹੈ।

**ਸਫ਼ਨਯਾਹ 3:17 ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿੱਚ ਹੈ, ਉਹ ਸਮਰੱਥੀ ਬਚਾਉਣ ਵਾਲਾ ਹੈ। ਉਹ ਅਨੰਦ ਨਾਲ ਤੇਰੇ ਉੱਤੇ ਖੁਸ਼ੀ ਕਰੇਗਾ, ਉਹ ਆਪਣਾ ਪ੍ਰੇਮ ਤਾਜ਼ਾ ਕਰੇਗਾ, ਉਹ ਤੇਰੇ ਕਾਰਨ ਜੈਕਾਰਿਆਂ ਨਾਲ ਨਿਹਾਲ ਹੋਵੇ।**

ਅਨੰਦ ਲਈ, ਇਬਰਾਨੀ ਸ਼ਬਦ ਸਫ਼ਨਯਾਹ ਨੇ ਪ੍ਰਯੋਗ ਕੀਤੇ ਸ਼ਬਦ ਦਾ ਮੁੱਢਲਾ ਅਰਥ ਹੈ "ਛਾਲ ਮਾਰਨੀ ਜਾਂ ਕੁੱਦਣਾ, ਟੱਪਣਾ"। ਪਰਮੇਸ਼ੁਰ ਸਾਡੇ ਤੇ ਆਪਣੇ ਬੱਚਿਆਂ ਦੀ ਤਰ੍ਹਾਂ ਬਹੁਤ ਖੁਸ਼ ਹੈ, ਉਹ ਉੱਪਰ ਥੱਲੇ ਕੁੱਦਦਾ, ਟੱਪਦਾ ਅਤੇ ਜ਼ਬਰਦਸਤ ਪ੍ਰਸੰਨਤਾ ਤੇ ਖੁਸ਼ੀ ਨੂੰ ਪ੍ਰਗਟਾਉਣ ਲਈ ਨੱਚਦਾ ਹੈ।

ਇਹ ਪਿਤਾ ਦਾ ਕਿੰਨਾ ਅਨੋਖਾ ਸਰੂਪ ਹੈ। ਕੀ ਪਰਮੇਸ਼ੁਰ ਸਾਡੇ ਲਈ ਰੁੱਝਿਆ ਨਹੀਂ ਹੈ। ਕੀ ਉਹ ਕਠੋਰ, ਸਖ਼ਤੀ ਨਾਲ ਅਨੁਸ਼ਾਸਨ ਦਾ ਪਾਲਨ ਕਰਵਾਉਣ ਵਾਲਾ ਹੈ? ਕੀ ਉਹ ਸਾਨੂੰ ਸਜ਼ਾ ਦੇਣ ਦਾ ਇੱਛੁਕ ਹੈ। ਉਹ ਸਾਡੇ ਉੱਪਰ ਜੈਕਾਰਿਆਂ ਨਾਲ ਅਨੰਦ ਸੁਣਾਉਂਦਾ ਹੈ। ਉਹ ਸਾਡੇ ਲਈ ਖੁਸ਼ੀ ਨਾਲ ਉੱਪਰ ਥੱਲੇ ਟੱਪਦਾ ਹੈ।

## ਹਿਰਦੇ ਪਿਤਾ ਵੱਲ ਮੋੜਨਾ

ਅੱਜ, ਜਿਵੇਂ ਕਿ ਪੁਰਾਣੇ ਨਿਯਮ ਦੀ ਤਰ੍ਹਾਂ, ਪਰਮੇਸ਼ੁਰ ਨਬੀਆਂ ਨੂੰ, ਬੱਚਿਆਂ ਦੇ ਦਿਲਾਂ ਨੂੰ ਉਨ੍ਹਾਂ ਦੇ ਪਿਤਾਵਾਂ ਵੱਲ ਮੋੜਨ ਲਈ ਇਸਤੇਮਾਲ ਕਰ ਰਿਹਾ ਹੈ।

**ਮਲਾਕੀ 4:5 ਵੇਖੋ, ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ ਘਲਾਂਗਾ। ਏਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈ ਦਾਇਕ ਦਿਨ ਆਵੇ। ਉਹ ਪੇਵਾਂ ਦੇ ਦਿਲ ਬਾਲਕਾਂ ਵੱਲ ਅਤੇ ਬਾਲਕਾਂ ਦੇ ਦਿਲ ਪੇਵਾਂ ਵੱਲ ਮੋੜੇਗਾ…।**

ਪਰਮੇਸ਼ੁਰ ਸੰਸਾਰਕ ਪਿਤਾ ਦੇ ਪੁੱਤਰਾਂ ਅਤੇ ਧੀਆਂ ਦੇ ਦਿਲਾਂ ਨੂੰ ਉਨ੍ਹਾਂ ਦੇ ਸੰਸਾਰਕ ਪਿਤਾ ਵੱਲ ਮੋੜ ਰਿਹਾ ਹੈ ਅਤੇ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਦੇ ਦਿਲਾਂ ਨੂੰ ਉਨ੍ਹਾਂ ਦੇ ਸੁਰਗੀ ਪਿਤਾ ਵੱਲ।

## ਸੰਗਤੀ ਦੇ ਪ੍ਰਤੀ ਤਿੰਨ ਰੁਕਾਵਟਾਂ

**ਪਾਪ**

ਆਦਮ ਅਤੇ ਹੱਵਾਹ ਦੀ ਪਰਮੇਸ਼ੁਰ ਨਾਲ ਸੰਪੂਰਨ ਸੰਗਤ ਸੀ ਉਸ ਪਲ ਤੀਕਰ ਜਦ ਉਨ੍ਹਾਂ ਪਾਪ ਨਾ ਕੀਤਾ। ਧਰਮੀ ਪਰਮੇਸ਼ੁਰ ਦੀ ਪਾਪ ਨਾਲ ਸੰਗਤ ਨਹੀਂ ਹੈ।

ਮੁਕਤੀ ਦੇ ਸਮੇਂ ਦੌਰਾਨ, ਸਾਡੇ ਪਾਪ ਮਾਫ਼ ਅਤੇ ਮਿਟਾਏ ਗਏ ਹਨ। ਪਰਮੇਸ਼ੁਰ ਨਾਲ ਸਾਡਾ ਸਬੰਧ ਅਤੇ ਸੰਗਤ ਸ਼ੁਰੂ ਹੁੰਦੀ ਹੈ। ਜੇਕਰ ਅਸੀਂ ਪਾਪ ਕਰਦੇ ਹਾਂ, ਤਾਂ ਭਾਵੇਂ ਪਰਮੇਸ਼ੁਰ ਨਾਲ ਸਾਡੀ ਲਗਾਤਾਰ ਸੰਗਤ ਹੋਵੇ, ਸਾਡੀ ਉਸ ਨਾਲ ਸੰਗਤ ਟੁੱਟ ਜਾਂਦੀ ਹੈ ਇਹ ਸੰਗਤ ਸਿਰਫ ਤਾਂ ਸਿਰਫ ਉਸ ਅੱਗੇ ਆਪਣੇ ਪਾਪਾਂ ਦੇ ਪਛਤਾਵੇ ਰਾਹੀਂ ਹੀ ਠੀਕ ਹੋ ਸਕਦੀ ਹੈ।

**1 ਯੂਹੰਨਾ 1:9 – "ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ"।**

ਅਪ੍ਰਵਾਨਗੀ

ਕਈ ਆਪਣੇ ਸੰਸਾਰਕ ਪਿਤਾ ਰਾਹੀਂ ਰੱਦ ਕੀਤੇ ਗਏ ਹਨ। ਉਹ ਬਿਨਾਂ ਰੋਜਾਨਾ ਤੇ ਨਾ ਗਰਭ ਹੋਣ ਦੀ ਇੱਛਾ ਦੇ ਨਤੀਜੇ ਹਨ ਸ਼ਾਇਦ ਪਿਤਾ ਨੂੰ ਵਿਪਰੀਤ ਲਿੰਗ ਦਾ ਬੱਚਾ ਚਾਹੀਦਾ ਹੋਣਾ ਜਾਂ ਬੱਚੇ ਦੀ ਤਰ੍ਹਾਂ ਹੁੰਦੇ ਹੋਏ ਉਹ ਆਪਣੇ ਪਿਤਾ ਦੀ ਆਸ ਮੁਤਾਬਿਕ ਨਾ ਮਾਪਿਆ ਜਾਂਦਾ ਹੋਵੇ।

ਭਾਵੇਂ ਇੱਕ ਵਿਅਕਤੀ ਅਸਲੀ ਅਪ੍ਰਵਾਨਗੀ ਨਾਲ ਪੀੜਿਤ ਹੋਵੇ ਜਾਂ ਅਵੱਧ ਅਪ੍ਰਵਾਨਗੀ ਦੀ ਧਾਰਨਾ, ਵੱਡਾ ਭਾਵਨਾਤਮਕ ਡਰ ਜੋ ਉਸ ਵਿਅਕਤੀ ਦੇ ਜੀਵਨ ਵਿੱਚ ਰਹਿ ਗਿਆ ਹੋਵੇ।

ਅਜਿਹੇ ਲੋਕ ਜ਼ਿਆਦਾਤਰ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸੁਰਗੀ ਪਿਤਾ ਵੀ ਉਨ੍ਹਾਂ ਨੂੰ ਅਪ੍ਰਵਾਨ ਕਰਦਾ ਹੈ। ਉਨ੍ਹਾਂ ਨੂੰ ਉਸਦੇ ਪਿਆਰ ਦਾ ਪ੍ਰਾਪਤ ਕਰਨਾ ਅਤੇ ਸਵੀਕਾਰ ਕਰਨਾ ਮੁਸ਼ਕਿਲ ਲੱਗਦਾ ਹੈ। ਕੋਈ ਅਜਿਹੀ ਚੀਜ਼ ਜਾਪਦੀ ਹੈ ਜੋ ਉਨ੍ਹਾਂ ਨੂੰ ਆਪਣੇ ਸੁਰਗੀ ਪਿਤਾ ਦੇ ਕੋਲ ਆਉਣ ਤੋਂ ਅਤੇ ਨਿੱਜੀ ਸੰਬੰਧ ਬਣਾਉਣ ਅਤੇ ਉਸਦੇ ਸੱਚੇ ਅਰਾਧਨਾ ਕਰਨ ਵਾਲੇ ਬਣਨ ਤੋਂ ਰੋਕਦੀ ਹੈ।

ਉਹ ਵਿਅਕਤੀ ਜਿਨ੍ਹਾਂ ਦੇ ਜੀਵਨ ਵਿੱਚ ਅਪ੍ਰਵਾਨਗੀ ਦੀ ਭਾਵਨਾ ਹੈ, ਉਨ੍ਹਾਂ ਨੂੰ ਮਾਫ਼ ਕਰਨ ਜਿਨ੍ਹਾਂ ਨੇ ਉਨ੍ਹਾਂ ਨੂੰ ਅਪ੍ਰਵਾਨ ਕੀਤਾ ਤਾਂ ਹੀ ਉਹ ਆਪਣੀਆਂ ਜਾਨਾਂ ਵਿੱਚ ਪਰਮੇਸ਼ੁਰ ਦੀ ਚੰਗਿਆਈ ਦੀ ਸ਼ਕਤੀ ਨੂੰ ਪ੍ਰਾਪਤ ਕਰ ਸਕਦੇ ਹਨ।

**ਡਰ**

ਪਿਤਾ ਦੀ ਹਜ਼ੂਰੀ ਵਿੱਚ ਆਉਣ ਦੇ ਡਰ ਨੇ ਕਈਆਂ ਨੂੰ ਉਸਦੇ ਸੱਚੇ ਅਰਾਧਨਾ ਕਰਨ ਵਾਲੇ ਬਣਨ ਤੋਂ, ਬਚਾ ਕੇ ਰੱਖਿਆ ਹੈ। ਕਿਸੇ ਵੀ ਤਰ੍ਹਾਂ ਡਰ ਦੀ ਬਜਾਏ, ਪਰਮੇਸ਼ੁਰ ਨੇ ਸਾਨੂੰ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ ਉਸ ਕੋਲ ਆ ਸਕਦੇ ਹਾਂ ਅਤੇ ਉਸ ਨੂੰ "ਅੱਬਾ ਪਿਤਾ" ਪੁਕਾਰਦੇ ਹਾਂ।

**ਰੋਮੀਆਂ, 8:15 ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ "ਅੱਬਾ" ਹੇ ਪਿਤਾ, ਪੁਕਾਰਦੇ ਹਾਂ।**

"ਅੱਬਾ" ਪਿਆਰ ਪੈਦਾ ਕਰਨ ਦਾ ਪ੍ਰਗਟਾਵਾ, ਜੋ ਆਪਣੇ ਪਿਤਾ ਨਾਲ ਨਿੱਜੀ ਵਿਅਕਤੀਗਤ ਸੰਬੰਧ ਹੈ ਇਸਦਾ ਅਨੁਵਾਦ "ਡੈਡੀ" ਕੀਤਾ ਜਾਵੇਗਾ।

**2 ਕੁਰਿੰਥੀਆਂ 6:18 ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ, ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।"**

ਇਹ ਸਿਰਫ ਪਿਤਾ ਦਾ ਜ਼ਬਰਦਸਤ ਪਿਆਰ ਜੋ ਸਾਡੇ ਲਈ ਹੈ ਕਿ ਉਸਨੇ ਸਾਨੂੰ ਆਪਣੇ ਬਾਲਕ ਹੋਣ ਲਈ ਗੋਦ ਲਿਆ।

**1 ਯੂਹੰਨਾ 3:1 ੳ – "ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ।"**

ਸਾਡੇ ਲਈ ਪਰਮੇਸ਼ੁਰ ਦੇ ਮਹਾਨ ਪਿਆਰ ਦੀ ਸਮਝ, ਸਾਡੇ ਡਰ ਨੂੰ ਖਤਮ ਕਰਦੀ ਹੈ।

**ਦਾਊਦ, ਸਾਡੀ ਉਦਾਹਰਨ**

ਦਾਊਦ ਉਹ ਵਿਅਕਤੀ ਸੀ ਜੋ ਪਰਮੇਸ਼ੁਰ ਦੇ ਦਿਲ ਅਨੁਸਾਰ ਸੀ। ਉਹ ਆਪਣੇ ਸੁਰਗੀ ਪਿਤਾ ਨਾਲ ਅਰਾਧਨਾ ਵਿੱਚ ਨਿੱਜੀ ਬਣਨਾ ਚਾਹੁੰਦਾ ਸੀ।

**ਜ਼ਬੂਰਾਂ ਦੀ ਪੋਥੀ 27:4 ਮੈਂ ਯਹੋਵਾਹ ਤੋਂ ਇੱਕ ਗੱਲ ਮੰਗੀ ਹੈ ਅਤੇ ਮੈਂ ਉਹੀ ਭਾਲਾਂਗਾ, ਕਿ ਮੈਂ ਜੀਵਨ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ।**

ਦਾਊਦ ਆਪਣੀ ਜ਼ਿੰਦਗੀ ਦੇ ਹਰ ਇੱਕ ਦਿਨ ਪ੍ਰਭੂ ਦੀ ਹਜ਼ੂਰੀ ਵਿੱਚ ਵੱਸਣਾ ਚਾਹੁੰਦਾ ਸੀ। ਉਹ ਪਿਤਾ ਦੀ ਹਜ਼ੂਰੀ ਵਿੱਚ ਦਾਖ਼ਲ ਹੋਣਾ ਅਤੇ ਉਸਦੀ ਮਨੋਹਰਤਾ ਨੂੰ ਦੇਖਣਾ ਚਾਹੁੰਦਾ ਸੀ।

**ਸਤੂਤੀ ਅਤੇ ਅਰਾਧਨਾ ਅਰਪਣ ਕਰਨਾ**

**ਜ਼ਬੂਰਾਂ ਦੀ ਪੋਥੀ 27:6 ਅ "ਅਤੇ ਉਹ ਦੇ ਤੰਬੂ ਵਿੱਚ ਜੈ–ਜੈ ਕਾਰ ਦੇ ਚੜ੍ਹਾਵੇ ਚੜ੍ਹਾਵਾਂਗਾ, ਮੈਂ ਗਾਵਾਂਗਾ, ਮੈਂ ਯਹੋਵਾਹ ਦੇ ਜ਼ਬੂਰ ਗਾਵਾਂਗਾ"।**

ਦਾਊਦ ਜਾਣਦਾ ਸੀ ਕਿ ਕਿਵੇਂ ਪਰਮੇਸ਼ੁਰ ਦੇ ਸਾਹਮਣੇ, ਵੇਹੜੇ ਵਿੱਚ ਸਤੂਤੀ ਗਾਉਣਾ ਅਤੇ ਨੱਚਣਾ ਹੈ। ਕਿਸੇ ਵੀ ਤਰ੍ਹਾਂ, ਉਹ ਹੋਰ ਕਰਨਾ ਚਾਹੁੰਦਾ ਸੀ। ਉਹ ਪਿਤਾ ਦੀ ਹਜ਼ੂਰੀ ਵਿੱਚ ਦਖਲ ਹੋਣਾ ਅਤੇ ਉਸਦੇ ਚਿਹਰੇ ਨੂੰ ਦੇਖਣਾ ਚਾਹੁੰਦਾ ਸੀ।

**ਜ਼ਬੂਰਾਂ ਦੀ ਪੋਥੀ 27:8 – "ਮੇਰੇ ਦਰਸ਼ਣ ਦੀ ਖੋਜ ਕਰੋ, ਤਾਂ ਮੇਰੇ ਮਨ ਨੇ ਤੈਨੂੰ ਆਖਿਆ, ਹੇ ਯਹੋਵਾਹ, ਮੈਂ ਤੇਰੇ ਦਰਸ਼ਣ ਦੀ ਖੋਜ ਕਰਾਂਗਾ"।**

## ਪਰਮੇਸ਼ੁਰ ਰਾਹੀਂ ਡਰ ਦੀ ਅਪ੍ਰਵਾਨਗੀ

ਭਾਵੇਂ ਜਿੰਨਾ ਵੀ ਦਾਊਦ, ਪਿਤਾ ਦੀ ਅਰਾਧਨਾ ਦਾ ਚਾਹਵਾਨ ਸੀ, ਜਿਵੇਂ ਉਹ ਪਿਤਾ ਦੀ ਹਜ਼ੂਰੀ ਵਿੱਚ ਨਿੱਜੀ ਅਰਾਧਨਾ ਕਰਨ ਲਈ ਦਾਖਲ ਹੁੰਦਾ ਸੀ, ਤੁਰੰਤ ਅਪ੍ਰਵਾਨਗੀ ਦਾ ਡਰ ਉਹਨੂੰ ਪਿੱਛੇ ਖਿੱਚ ਲੈਂਦਾ ਸੀ"।

**ਜ਼ਬੂਰਾਂ ਦੀ ਪੋਥੀ 27:9 – "ਆਪਣਾ ਮੁੱਖ ਮੈਥੋਂ ਨਾ ਲੁਕਾ, ਆਪਣੇ ਦਾਸ ਨੂੰ ਕ੍ਰੋਧ ਨਾਲ ਪਰੇ ਨਾ ਹਟਾ, ਤੂੰ ਮੇਰਾ ਸਹਾਇਕ ਰਿਹਾ ਹੈਂ। ਨਾ ਮੈਨੂੰ ਛੱਡ, ਨਾ ਮੈਨੂੰ ਤਿਆਗ, ਹੇ ਮੇਰੇ ਮੁਕਤੀ ਦੇ ਪਰਮੇਸ਼ੁਰ।**

## ਸੰਸਾਰਕ ਪਿਤਾ ਰਾਹੀਂ ਅਪ੍ਰਵਾਨਗੀ

ਦਾਊਦ ਆਪਣੇ ਸੰਸਾਰਕ ਪਿਤਾ ਵੱਲੋਂ ਅਪ੍ਰਵਾਨਗੀ ਨਾਲ ਪੀੜਿਤ ਹੋਇਆ ਜਦੋਂ ਉਹ ਲੜਕੇ ਦੀ ਤਰ੍ਹਾਂ ਸੀ। ਅਤੇ ਹੁਣ ਉਹੋ ਹੀ ਅਪ੍ਰਵਾਨਗੀ ਦਾ ਡਰ ਉਸਨੂੰ ਆਪਣੇ ਸੁਰਗੀ ਪਿਤਾ ਦੀ ਹਜ਼ੂਰੀ ਵਿੱਚ ਬਿਨ੍ਹਾਂ ਡਰ ਦਾਖਲ ਹੋਣ ਲਈ ਦੇਖਭਾਲ ਕਰਦਾ ਹੈ।

ਜਦੋਂ ਦਾਊਦ ਜੁਆਨ ਸੀ, ਸਮੂਏਲ ਨਬੀ ਬੈਤਲਹਮ ਵਿੱਚ ਅਗਲੇ ਰਾਜਾ ਨੂੰ ਮਸਹ ਕਰਨ ਆਇਆ। ਦਾਊਦ ਦੇ ਪਿਤਾ ਨੇ ਸਾਰੇ ਦੂਜਿਆਂ ਪੁੱਤਰਾਂ ਨੂੰ ਇਸ ਆਸਾ ਨਾਲ ਇਕੱਠਾ ਕੀਤਾ ਕਿ ਉਨ੍ਹਾਂ ਵਿੱਚੋਂ ਇੱਕ ਰਾਜਾ ਦੇ ਮਸਹ ਲਈ ਹੋਵੇਗਾ। ਉਸ ਵਿਸ਼ੇਸ਼ ਦਿਨ ਵਿੱਚ ਸਮੂਏਲ ਦੇ ਸਾਹਮਣੇ ਦਾਊਦ ਨੂੰ ਸੱਦਾ ਨਹੀਂ ਦਿੱਤਾ।

ਇਹ ਉਹ ਸਮਾਂ ਹੋਵੇਗਾ ਜਦੋਂ ਆਪਣੇ ਸੰਸਾਰਕ ਪਿਤਾ ਵੱਲੋਂ, ਦਾਊਦ ਨੇ ਡੂੰਘੀ ਅਪ੍ਰਵਾਨਗੀ ਨੂੰ ਮਹਿਸੂਸ ਕੀਤਾ। ਇਸਨੇ ਦਾਊਦ ਦੇ ਦਿਲ ਵਿੱਚ ਡਰ ਪੈਦਾ ਕੀਤਾ ਕਿ ਉਹ ਆਪਣੇ ਸੁਰਗੀ ਪਿਤਾ ਵੱਲੋਂ ਵੀ ਅਪ੍ਰਵਾਨ (ਰੱਦ) ਕੀਤਾ ਜਾਵੇਗਾ।

ਜਿੰਨਾ ਵੀ ਪਲ ਉਸ ਆਪਣੇ ਸੁਰਗੀ ਪਿਤਾ ਦੀ ਹਜ਼ੂਰੀ ਵਿੱਚ ਆਉਣ ਲਈ, ਚਿਹਰੇ ਦੇ ਦਰਸ਼ਣ ਅਤੇ ਉਸ ਦੀ ਮਨੋਹਰਤਾ ਨੂੰ ਤੱਕਣ ਲਈ ਚਾਹੇ, ਉਹ ਪਲ ਜਦੋਂ ਉਹ ਗਹਿਰੀ ਅਰਾਧਨਾ ਵਿੱਚ ਆਉਣਾ ਸ਼ੁਰੂ ਕਰਦਾ ਤਾਂ ਉਸ ਦੀ ਜਾਨ ਨੂੰ ਅਪ੍ਰਵਾਨਗੀ ਦਾ ਡਰ ਜਕੜ ਲੈਂਦਾ ਸੀ।

## ਅਪ੍ਰਵਾਨਗੀ ਵੱਲੋਂ ਆਜ਼ਾਦੀ

ਦਾਊਦ ਨੇ ਜਾਣ ਲਿਆ ਕਿ ਉਹ ਆਪਣੇ ਪਿਤਾ ਤੇ ਮਾਤਾ ਰਾਹੀਂ ਅਪ੍ਰਵਾਨ ਕੀਤਾ ਗਿਆ ਹੈ। ਉਸਨੇ ਸਮੱਸਿਆ ਨੂੰ ਸਮਝ ਲਿਆ, ਅਤੇ ਅਪ੍ਰਵਾਨਗੀ ਦੀ ਧਾਰਨਾ ਵਿਰੁੱਧ ਮਜ਼ਬੂਤ ਘੋਸ਼ਣਾ ਕੀਤੀ ਹੈ।

**ਜ਼ਬੂਰਾਂ 27:10 "ਜਦ ਮੇਰੇ ਮਾਪੇ ਮੈਨੂੰ ਤਿਆਗ ਦੇਣ, ਤਦ ਯਹੋਵਾਹ ਮੈਨੂੰ ਸਾਂਭੇਗਾ।"**

ਉਸ ਪਲ ਵਿੱਚ, ਦਾਊਦ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਭਰੋਸੇ ਨਾਲ ਚੱਲਿਆ। ਉਹਨੇ ਉਸਦੇ ਚਿਹਰੇ ਨੂੰ ਤੱਕਿਆ ਅਤੇ ਪਿਆਰ ਨੂੰ ਮਹਿਸੂਸ ਕੀਤਾ ਅਤੇ ਪਿਤਾ ਦੀ ਹਜੂਰੀ ਨੇ ਉਸਦੀ ਆਤਮਾ ਨੂੰ ਭਰ ਦਿੱਤਾ।

# ਯਿਸੂ ਨੇ ਆਪਣੇ ਪਿਤਾ ਨੂੰ ਪ੍ਰਗਟ ਕੀਤਾ

ਧਰਤੀ ਤੇ ਯਿਸੂ ਦੇ ਸਮੇਂ ਦੌਰਾਨ ਦਾ ਮੁੱਖ ਮਕਸਦ ਉਸਦੇ ਪਿਤਾ ਨੂੰ ਪ੍ਰਗਟ ਕਰਨਾ ਸੀ। ਯਿਸੂ ਦੀ ਧਰਤੀ ਦੀ ਸੇਵਕਾਈ ਦੇ ਅੰਤ ਵੇਲੇ, ਉਸਦੇ ਫੜਾਏ ਜਾਣ, ਦੁੱਖ ਅਤੇ ਸਲੀਬ ਉਠਾਏ ਜਾਣ ਤੋਂ ਤੁਰੰਤ ਪਹਿਲਾਂ, ਯਿਸੂ ਨੇ ਆਪਣੇ ਪਿਤਾ ਬਾਰੇ, ਯੂਹੰਨਾ ਦੀ ਇੰਜੀਲ ਵਿੱਚ ਹਰ ਵਾਰੀ ਚੋਦਾਂ ਤੋਂ ਸਤਾਰਾਂ ਅਧਿਆਇ ਤੀਕ ਜ਼ਿਕਰ ਕੀਤਾ ਹੈ।

ਉਸਨੇ ਬਾਰ-ਬਾਰ ਆਪਣੇ ਚੇਲਿਆਂ ਨੂੰ ਕਿਹਾ ਹੈ ਕਿ "ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਪਿਤਾ ਨੂੰ ਜਾਣੋ"

**"ਮੈਨੂੰ ਜਾਣਨਾ-ਪਿਤਾ ਨੂੰ ਜਾਣਨਾ"**

ਜੇਕਰ ਅਸੀਂ ਯਿਸੂ ਨੂੰ ਜਾਣਦੇ ਹਾਂ, ਤਾਂ ਅਸੀਂ ਪਿਤਾ ਨੂੰ ਜਾਣਦੇ ਹਾਂ। ਜਿੰਨਾ ਜ਼ਿਆਦਾ ਅਸੀਂ, ਯਿਸੂ ਨੂੰ ਜਾਣਨ ਲਈ ਸਮਾਂ ਬਤੀਤ ਕਰਦੇ ਹਾਂ, ਉਨਾਂ ਹੀ ਜ਼ਿਆਦਾ ਪਿਤਾ ਨੂੰ ਜਾਣਾਂਗੇ।

**ਯੂਹੰਨਾ 14:7 "ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋਂ ਅੱਗੇ ਤੁਸੀਂ ਉਹ ਨੂੰ ਜਾਣਦੇ ਅਤੇ ਉਹਨੂੰ ਵੇਖ ਲਿਆ ਹੈ"**

ਇੰਜੀਲਾਂ ਵਿੱਚ, ਅਸੀਂ ਯਿਸੂ ਦੇ ਪਿਆਰ ਤੇ ਤਰਸ ਨੂੰ ਦੇਖਦੇ ਹਾਂ, ਜਿਵੇਂ ਉਹ ਲਗਾਤਾਰ ਉਨ੍ਹਾਂ ਤੱਕ ਪਹੁੰਚ ਕੇ ਅਤੇ ਲੋਕਾਂ ਨੂੰ ਛੂਹਣਾ, ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਕੇ, ਸਰੀਰਾਂ ਨੂੰ ਤੰਦਰੁਸਤੀ ਅਤੇ ਜਾਨਾਂ ਨੂੰ ਮੁੜ ਠੀਕ ਕਰ ਦਿੰਦਾ ਸੀ। ਇਹ ਪਿਤਾ ਦੇ ਪਿਆਰ ਦਾ ਪ੍ਰਗਟਾਵਾ ਸੀ।

ਯੂਹੰਨਾ 14:9 ਅ "ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ"

**ਪਿਤਾ ਦਾ ਪਿਆਰ**

ਜਦੋਂ ਯਿਸੂ ਨੇ ਬੱਚਿਆਂ, ਨੂੰ ਆਪਣੀ ਗੋਦੀ ਵਿੱਚ ਚੁੱਕਿਆ ਅਤੇ ਆਪਣੀਆਂ ਬਾਹਾਂ ਦੇ ਚਾਰ ਚੁਫੇਰੇ ਰੱਖਿਆ, ਉਹਨੇ ਪਿਤਾ ਦੇ ਪਿਆਰ ਨੂੰ ਉਸਦੇ ਬੱਚਿਆਂ ਲਈ ਪ੍ਰਗਟ ਕੀਤਾ।

**ਮੱਤੀ 19:14 ਤਦ ਯਿਸੂ ਨੇ ਆਖਿਆ, ਬਾਲਕਾਂ ਨੂੰ ਕੁਝ ਨਾ ਆਖੋ ਘਰ ਉਨ੍ਹਾਂ ਨੂੰ ਮੇਰੇ ਕੋਲ ਆਉਣ ਤੋਂ ਨਾ ਵਰਜੋ ਕਿਉਂ ਜੋ ਸੁਰਗ ਦਾ ਰਾਜ ਇਹੋ ਜਿਹਿਆਂ ਦਾ ਹੈ"।**

ਇਹ ਕਿੰਨੀ ਅਨੋਖੀ ਤਸਵੀਰ ਹੈ ਕਿ ਕਿਵੇਂ ਸਾਡਾ ਪਿਤਾ ਆਪਣੀ ਨਜ਼ਦੀਕ ਸਾਨੂੰ ਲਿਆਉਣ ਲਈ ਪਿਆਰ ਕਰਦਾ ਅਤੇ ਸਾਡੇ ਚਾਰ ਚੁਫੇਰੇ ਆਪਣੀਆਂ ਬਾਹਾਂ ਰੱਖਦਾ ਹੈ।

ਜਿਵੇਂ ਯਿਸੂ ਨੇ ਉਨ੍ਹਾਂ ਨਾਲ ਸੇਵਕਾਈ ਕੀਤੀ ਜੋ ਉਸ ਦੇ ਨੇੜੇ ਸਨ। ਉਸਨੇ ਆਪਣੇ ਪਿਤਾ ਦਾ ਪਿਆਰ ਪ੍ਰਗਟ ਕੀਤਾ

**ਯੂਹੰਨਾ 14:23 "ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਬਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ।"**

ਇਹ ਕਿੰਨਾ ਸ਼ਕਤੀਸ਼ਾਲੀ ਪ੍ਰਕਾਸ਼ ਹੈ ਉੱਚੀ ਅਵਾਜ਼ ਵਿੱਚ ਇਹ ਕਹੋ

*ਮੇਰਾ ਸੁਰਗੀ ਪਿਤਾ ਮੈਨੂੰ ਪਿਆਰ ਕਰਦਾ ਹੈ ਉਹ ਯਿਸੂ ਨਾਲ ਆਉਣੇ ਚਾਹੁੰਦਾ ਹੈ ਅਤੇ ਮੇਰੇ ਨਾਲ ਵਾਸ ਕਰਨ ਲਈ ਮੇਰਾ ਪਿਤਾ ਮੇਰੇ ਨਾਲ ਆਪਣਾ ਘਰ ਬਣਾਉਣਾ ਚਾਹੁੰਦਾ ਹੈ।*

*ਪਿਤਾ ਦਾ ਦੇਣਾ*

ਯਿਸੂ ਨੇ ਕਿਹਾ ਕਿ ਅਸੀਂ ਜ਼ਰੂਰਤਾਂ ਲਈ, ਆਪਣੇ ਪਿਤਾ ਕੋਲੋਂ ਭਰੋਸੇ ਨਾਲ ਮੰਗ ਸਕਦੇ ਹਾਂ।

**ਯੂਹੰਨਾ 16:23 "ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ  ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ"।**

ਅਸੀਂ ਯਿਸੂ ਦੇ ਨਾਮ ਵਿੱਚ ਨਹੀਂ ਮੰਗਦੇ ਕਿਉਂਕਿ ਪਿਤਾ ਯਿਸੂ ਨਾਲ ਪਿਆਰ ਕਰਦਾ ਅਤੇ ਉਸਦੇ ਲਈ ਹੀ ਸਿਰਫ਼ ਕੰਮ ਕਰੇਗਾ। ਅਸੀਂ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ ਕਿਉਂਕਿ ਇਹ ਯਿਸੂ ਦੇ ਬਲੀਦਾਨ ਦੇ ਰਾਹੀਂ ਹੀ ਸਾਡਾ ਸੰਬੰਧ ਪਰਮੇਸ਼ੁਰ ਨਾਲ ਮੁੜ ਬਣਿਆ ਹੈ।

*ਪਿਤਾ ਦਾ ਘਰ*

ਯਿਸੂ ਨੇ ਸਾਨੂੰ ਆਪਣੇ ਪਿਤਾ ਦੇ ਘਰ ਬਾਰੇ ਕਿਹਾ ਹੈ। ਉਹਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਘਰ ਜਾਵੇਗਾ ਅਤੇ ਸਾਡੇ ਲਈ ਜਗ੍ਹਾ ਤਿਆਰ ਕਰੇਗਾ।

**ਯੂਹੰਨਾ 14:2 "ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਹਨ ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਕਿਉਂ ਜੋ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ"।**

ਭਵਿੱਖ, ਅਸੀਂ ਪਿਤਾ ਦੇ ਘਰ ਰਹਿਣਾ ਹੈ। ਇਹ ਉਹ ਹੈ, ਜਿੱਥੇ ਪਰਿਵਾਰ ਰਹਿੰਦਾ ਹੈ। ਸਾਡੇ ਸੁਰਗੀ ਪਿਤਾ ਨਾਲ ਅਸੀਂ ਗੂੜ੍ਹੇ ਸਬੰਧ ਰੱਖਾਂਗੇ

**"ਮੈਂ ਖੋਲ੍ਹ ਕੇ ਤੁਹਾਨੂੰ ਦੱਸਾਂਗਾ"**

ਯਿਸੂ ਆਪਣੇ ਪਿਤਾ ਬਾਰੇ ਸਾਨੂੰ ਖੋਲ੍ਹ ਕੇ ਦੱਸਣਾ ਚਾਹੁੰਦਾ ਹੈ।

**ਯੂਹੰਨਾ 16:25 – "ਮੈਂ ਏਹ ਗੱਲਾਂ ਤੁਹਾਨੂੰ ਬੁਝਾਰਤਾਂ ਵਿੱਚ ਆਖੀਆਂ ਹਨ। ਉਹ ਸਮੇਂ ਆਉਂਦਾ ਹੈ ਜਾਂ ਮੈਂ ਤੁਹਾਨੂੰ ਫੇਰ ਬੁਝਾਰਤਾਂ ਵਿੱਚ ਨਾ ਕਹਾਂਗਾ ਪਰ ਖੋਲ੍ਹ ਕੇ ਤੁਹਾਨੂੰ ਪਿਤਾ ਦੀ ਖਬਰ ਦਿਆਂਗਾ"।**

ਇਨ੍ਹਾਂ ਚਾਰ ਅਧਿਆਏ ਵਿੱਚ ਪੰਜਾਹਾਂ ਵਾਰੀ ਵਿੱਚ ਸਿਰਫ਼ ਇਹ ਥੋੜੀ ਵਾਰ ਯਿਸੂ ਨੇ ਆਪਣੇ ਪਿਤਾ ਦਾ ਜ਼ਿਕਰ ਕੀਤਾ ਹੈ ਯਿਸੂ ਨੇ ਆਪਣੀ ਮਹਾਨ ਇੱਛਾ ਨੂੰ ਪ੍ਰਗਟ ਕੀਤਾ ਕਿ ਸਾਡੇ ਵਿੱਚੋਂ ਹਰੇਕ ਉਸਦੇ ਪਿਤਾ ਨਾਲ ਨਿੱਜੀ ਸੰਬੰਧ ਤੱਕ ਆਵੇ।

## ਉਜਾੜੂ ਪੁੱਤਰ

ਜ਼ਿਆਦਾਤਰ ਉਜਾੜੂ ਪੁੱਤਰ ਦਾ ਦ੍ਰਿਸ਼ਟਾਂਤ ਸ਼ੁਭਸਮਾਚਾਰ ਸੰਦੇਸ਼ ਲਈ ਜਿਵੇਂ ਕਿ ਪਸ਼ਚਾਤਾਪ ਲਈ ਬੁਲਾਹਟ ਜਾਂ ਮੁੜ ਸੰਗਤੀ ਵਿੱਚ ਆਉਣ, ਆਦਿ ਲਈ ਪ੍ਰਯੋਗ ਕੀਤਾ ਗਿਆ। ਅਸੀਂ ਸਮਝ ਗਏ ਹਾਂ ਕਿ ਅਸੀਂ ਪਿਤਾ ਦੇ ਕੋਲ ਆਉਣਾ ਹੈ ਭਾਵੇਂ ਕਿੰਨਾਂ ਵੀ ਡਿੱਗ ਚੁੱਕੇ ਹਾਂ।

ਵਿਦਰੋਹ ਵਿੱਚ, ਉਜਾੜੂ ਪੁੱਤਰ ਨੇ ਘਰ ਛੱਡ ਦਿੱਤਾ ਅਤੇ ਸਾਰੀ ਆਪਣੀ ਜਾਇਦਾਦ ਵਹਿਸ਼ੀ ਜੀਵਨ ਵਿੱਚ ਫ਼ਜ਼ੂਲ ਖਰਚ ਕਰ ਦਿੱਤੀ। ਤਾਂ ਫੇਰ ਸਖ਼ਤ ਅਕਾਲ ਆਇਆ, ਉਹ ਸੂਰਾਂ ਨੂੰ ਚੁਰਾਉਣ ਤੱਕ ਪਹੁੰਚ ਗਿਆ ਅਤੇ ਫਲੀਆਂ ਖਾਣਾ ਚਾਹੁੰਦਾ ਸੀ ਜੋ ਸੂਰ ਖਾਂਦੇ ਸਨ।

### ਪੁੱਤਰ

ਸਾਡੇ ਵਿੱਚੋਂ ਕਈ ਪੁੱਤਰ ਨਾਲ ਸਨਾਖਰ ਕਰ ਸਕਦੇ ਹਨ। ਅਸੀਂ ਸੁਰਗੀ ਪਿਤਾ ਵੱਲੋਂ ਬੇਗਾਨੇਪਨ, ਅਪ੍ਰਵਾਨਗੀ ਦਾ ਡਰ, ਜਾਂ ਨਿਕੰਮੇਪਨ ਦੀ ਪੂਰੀ ਧਾਰਨਾ, ਪਛਤਾਵਾ ਪਾਪੀ ਮਹਿਸੂਸ ਕਰਦੇ ਹਨਅ

**ਲੂਕਾ 15:17–20 ੳ ਪਰ ਉਹ ਨੇ ਸੁਰਤ ਵਿੱਚ ਆਣ ਕੇ ਕਿਹਾ ਭਈ ਮੇਰੇ ਪਿਉ ਦੇ ਕਿੰਨੇ ਹੀ ਕਾਮਿਆਂ ਲਈ ਵਾਫ਼ਰ ਰੋਟੀਆਂ ਹਨ ਅਤੇ ਮੈਂ ਐਥੇ ਭੁੱਖਾ ਮਰਦਾ ਹਾਂ!**

**"ਮੈਂ ਉੱਠ ਕੇ ਆਪਣੇ ਪਿਉ ਕੋਲ ਜਾਵਾਂਗਾ ਅਤੇ ਉਸ ਨੂੰ ਆਖਾਂਗਾ, ਪਿਤਾ ਜੀ ਮੈਂ ਅਸਮਾਨ ਦੇ ਵਿਰੁੱਧ ਤੇ ਤੁਹਾਡੇ ਅੱਗੇ ਗੁਨਾਹ ਕੀਤਾ ਹੈ। ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ। ਮੈਨੂੰ ਆਪਣਿਆਂ ਕਾਮਿਆਂ ਵਿੱਚੋਂ ਇੱਕ ਜਿਹਾ ਰੱਖ ਲਓ।"**

ਉਹਨੇ ਕਿਹਾ, "ਮੈਂ ਹੁਣ ਇਸ ਯੋਗ ਨਹੀਂ" ਇਹ ਜੁਆਨ ਵਿਅਕਤੀ, ਇਸ ਦੀ ਤਰ੍ਹਾਂ ਅੱਜ ਵੀ ਕਈ ਹੋਰ ਵਿਸ਼ਵਾਸੀਆਂ ਨੇ ਨਿਕੰਮਾਪਨ ਮਹਿਸੂਸ ਕੀਤਾ ਹੋਵੇਗਾ। ਉਹਦੇ ਕੋਲ ਆਪਣੇ ਆਪ ਦਾ ਨਿਕੰਮਾ ਸਰੂਪ ਹੈ। ਪਰੰਤੂ ਫਿਰ ਵੀ ਉਹ ਆਪਣੇ ਉਸ ਸਰੂਪ ਨਾਲ ਘਰ ਆਇਆ।

### ਪਿਤਾ

ਸਾਡੇ ਸੁਰਗੀ ਪਿਤਾ ਦੇ ਅਨੋਖੇ ਪ੍ਰਕਾਸ਼ ਦਾ ਇਹ ਦ੍ਰਿਸ਼ਟਾਂਤ ਹੈ

*ਪਰਮੇਸ਼ੁਰ ਮੁਕੱਦਮਾ ਸੁਣਨ ਵਾਲਾ ਨਹੀਂ ਹੈ*
*ਉਹ ਕਠੋਰ ਨਹੀਂ ਹੈ,*
*ਉਹ ਆਪਣੇ ਪੁੱਤਰ ਅਤੇ ਧੀਆਂ ਤੋਂ ਮਾਫ਼ੀ ਲਈ*
*ਬੇਨਤੀ ਦਾ ਇੰਤਜਾਰ ਨਹੀਂ ਕਰਦਾ।*

ਜੋ ਉਸ ਨੇ ਕੀਤਾ ਉਸ ਦੇ ਪ੍ਰਤੀ ਯਿਸੂ ਕੀ ਆਖਦਾ ਹੈ

**ਲੂਕਾ 15:20 ਅ "ਪਰ ਉਹ ਅਜੇ ਦੂਰ ਹੀ ਸੀ ਕਿ ਉਹ ਦੇ ਪਿਉ ਨੇ ਉਹ ਨੂੰ ਡਿੱਠਾ ਅਤੇ ਉਸ ਨੂੰ ਤਰਸ ਆਇਆ ਅਰ ਦੌੜ ਕੇ ਗਲੇ ਲਾ ਲਿਆ ਅਤੇ ਉਹ ਨੂੰ ਚੁੰਮਿਆ"।**

ਸਾਡਾ ਪਿਤਾ ਆਪਣੇ ਚਿਹਰੇ ਨੂੰ ਸਾਡੇ ਤੋਂ ਪਰੇ ਕਰਨ ਦੀ ਬਜਾਏ ਉਹ ਉਸ ਕੋਲ ਆਉਣ ਲਈ ਸਾਡਾ ਇੰਤਜ਼ਾਰ ਕਰ ਰਿਹਾ ਹੈ। ਉਹ ਆਪਣੇ ਮਹਾਨ ਅਤੇ ਜ਼ਬਰਦਸਤ ਪਿਆਰ ਦੇ ਪ੍ਰਗਟਾਵੇ ਲਈ ਆਪਣੀਆਂ ਬਾਹਾਂ ਸਾਡੇ ਚਾਰ ਚੁਫੇਰੇ ਰੱਖਣਾ ਅਤੇ ਸਾਨੂੰ ਚੁੰਮਣਾ ਚਾਹੁੰਦਾ ਹੈ।

**ਆਇਤ 21 "ਅਰ ਪੁੱਤ੍ਰ ਨੇ ਉਸ ਨੂੰ ਆਖਿਆ, ਪਿਤਾ ਜੀ ਮੈਂ ਅਸਮਾਨ ਦੇ ਵਿਰੁੱਧ ਅਰ ਤੁਹਾਡੇ ਅੱਗੇ ਗੁਨਾਹ ਕੀਤਾ ਹੈ। ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤ੍ਰ ਸਦਾਵਾਂ।"**

ਪੁੱਤਰ ਨੇ ਕੀ ਕੀਤਾ ਉਸਦੀ ਵੀ ਪਿਤਾ ਨੇ ਚਰਚਾ ਨਹੀਂ ਕੀਤੀ, ਜਾਂ ਉਹ ਕੀ ਕਹਿ ਰਿਹਾ ਸੀ।

**ਆਇਤ 22-24 - "ਪਰ ਪਿਤਾ ਨੇ ਆਪਣੇ ਨੌਕਰਾਂ ਨੂੰ ਕਿਹਾ ਕਿ ਸਭ ਤੋਂ ਚੰਗੇ ਬਸਤ੍ਰ ਛੇਤੀ ਕੱਢ ਕੇ ਇਹ ਨੂੰ ਪਹਿਨਾਓ ਅਰ ਇਹ ਦੇ ਹੱਥ ਵਿੱਚ ਅੰਗੂਠੀ ਅਰ ਪੈਰੀਂ ਜੁੱਤੀ ਪਾਓ। ਅਤੇ ਪਲਿਆ ਹੋਇਆ ਵੱਛਾ ਲਿਆ ਕੇ ਕੱਟੋ ਭਈ ਖਾਈਏ ਅਤੇ ਖੁਸ਼ੀ ਕਰੀਏ। ਕਿਉਂ ਜੋ ਮੇਰਾ ਇਹ ਪੁੱਤ੍ਰ ਮੋਇਆ ਹੋਇਆ ਸੀ ਅਤੇ ਫੇਰ ਜੀ ਪਿਆ ਹੈ, ਗੁਆਚ ਗਿਆ ਸੀ ਅਤੇ ਫੇਰ ਲੱਭ ਪਿਆ ਹੈ। ਸੋ ਓਹ ਲੱਗੇ ਖੁਸ਼ੀ ਕਰਨ।**

**ਪੁੱਤਰ ਦਾ ਸਰੂਪ**

ਪਿਤਾ ਜਾਣਦਾ ਸੀ ਕਿ ਉਹ ਨੇ ਆਪਣੇ ਪੁੱਤਰ ਦੇ ਸਰੂਪ ਨੂੰ ਬਦਲਣਾ ਸੀ। ਉਸਨੇ ਉਸ ਨੂੰ ਚੰਗਾ ਚੋਗਾ ਪਹਿਨਾਇਆ, ਉਸਨੇ ਆਪਣੀ ਅੰਗੂਠੀ ਉਹਦੀ ਉਂਗਲੀ ਵਿੱਚ ਪਾਈ ਅਤੇ ਇੱਕ ਜੋੜਾ ਚੱਪਲਾਂ ਦਾ ਉਹਦੇ ਪੈਰਾਂ ਵਿੱਚ ਪਾਇਆ।

ਇੱਕ ਵਾਰੀ ਅਸੀਂ ਯਿਸੂ ਨੂੰ ਆਪਣਾ ਮੁਕਤੀਦਾਤਾ ਮੰਨ ਲੈਂਦੇ ਹਾਂ, ਸਾਡਾ ਸੁਰਗੀ ਪਿਤਾ ਸਾਨੂੰ ਪੁੱਤਰ ਤੇ ਧੀਆਂ ਦੀ ਤਰ੍ਹਾਂ ਵੇਖਦਾ ਹੈ। ਸਾਨੂੰ ਉਸਦੇ ਧਾਰਮਿਕਤਾ ਦੇ ਬਸਤ੍ਰ ਪਹਿਨਾਏ ਜਾਂਦੇ ਹਾਂ। ਸਾਡੀਆਂ ਉਂਗਲਾਂ ਵਿੱਚ ਉਸ ਦੇ ਇਖ਼ਤਿਆਰ ਦੀ ਅੰਗੂਠੀ ਹੈ।

ਪਿਆਰ ਵਿੱਚ, ਉਹ ਕਹਿ ਰਿਹਾ ਹੈ, "ਉਹ ਕਿਵੇਂ ਮੈਂ ਉਨ੍ਹਾਂ ਨੂੰ ਜਾਣਨਾ ਚਾਹੁੰਦਾ ਹਾਂ ਜੋ ਉਹ ਯਿਸੂ ਮਸੀਹ ਵਿੱਚ ਹਨ। ਉਹ ਮੇਰੇ ਪੁੱਤਰ ਨਾਲ ਇੱਕ ਹਨ। ਉਹ ਯਿਸੂ ਮਸੀਹ ਵਿੱਚ ਪਰਮੇਸ਼ੁਰ ਦੇ (ਧਰਮ) ਹਨ।

ਪੌਲੁਸ ਰਸੂਲ ਨੇ ਇਸ ਬਾਰੇ ਲਿਖਿਆ -

**2 ਕੁਰਿੰਥੀਆਂ 5:21 - "ਉਹ ਨੂੰ ਉਸਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ"।**

**ਸਾਡੀ ਨਵੀਂ ਸਰਿਸ਼ਟ ਦਾ ਸਰੂਪ**

ਜਿਵੇਂ ਹੀ ਅਸੀਂ ਯਿਸੂ ਨੂੰ ਆਪਣੇ ਪਿਤਾ ਨੂੰ ਸਾਡੇ ਤੇ ਪ੍ਰਗਟ ਕਰਨ ਦੀ ਆਗਿਆ ਦੇਵਾਂਗੇ, ਕੋਈ ਵੀ ਗਲਤ ਵਰਣਨ ਕਰਨ ਵਾਲੀ ਜਾਂ ਸੀਮਿਤ ਸਰੂਪ ਸਾਡੇ ਕੋਲ ਆਪਣੇ ਸੁਰਗੀ ਪਿਤਾ ਦੀ ਹੈ ਬਦਲ ਜਾਵੇਗੀ।

ਅਸੀਂ ਦਾਊਦ ਦੀ ਤਰ੍ਹਾਂ, ਪਰਮੇਸ਼ੁਰ ਦੀ ਮਨੋਹਰਤਾ ਨੂੰ ਤੱਕਾਂਗੇ। ਅਸੀਂ ਉਸਦੇ ਚਿਹਰੇ ਦੇ ਦਰਸ਼ਨ ਕਰਾਂਗੇ। ਉਸਦੇ ਅਸੀਂ ਅਰਾਧਨਾ ਕਰਨ ਵਾਲੇ ਬਣਾਂਗੇ। ਆਪਣੇ ਆਲੇ-ਦੁਆਲੇ ਅਸੀਂ ਮਾਨਤਾ ਮਹਿਸੂਸ ਕਰਾਂਗੇ। ਜਿਵੇਂ ਹੀ ਅਸੀਂ ਪਰਮੇਸ਼ੁਰ ਦੀ ਮਨੋਹਰਤਾ ਨੂੰ ਤੱਕਦੇ ਹਾਂ, ਸਾਡੇ ਪਿਤਾ ਦਾ ਸਰੂਪ ਬਦਲ ਜਾਵੇਗਾ, ਅਤੇ ਉਸੇ ਹੀ ਸਮੇਂ ਸਾਡੀ ਪੁਰਾਣੀ ਇਨਸਾਨੀਅਤ, (ਪੁਰਾਣਾ ਸਰੂਪ) ਨਵੇਂ ਸ੍ਰਿਸਟ ਦੇ ਸਰੂਪ ਵਿੱਚ ਬਦਲ ਜਾਵੇਗੀ।

ਕਈ ਜੋ ਹਨ ਉਸਦੇ ਮੁਖੜੇ ਦੇ ਦਰਸ਼ਣ ਦੀ ਬਜਾਏ, ਪਰਮੇਸ਼ੁਰ ਦੇ ਹੱਥ ਨੂੰ ਭਾਲਦੇ ਹਨ। ਉਹ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਪਰਮੇਸ਼ੁਰ ਕੋਲ ਆਉਣ ਤੇ ਆਪਣਾ ਸਮਾਂ ਬਤੀਤ ਕਰਦੇ ਹਨ।

**ਪਰਿਵਰਤਨ**

***ਪਿਤਾ ਨੂੰ ਭਾਲਣ ਦੁਆਰਾ***

ਇਸ ਦੇ ਬਦਲੇ ਅਸੀਂ ਪਰਮੇਸ਼ੁਰ ਕੋਲ ਆਉਂਦੇ ਹਾਂ ਅਤੇ ਉਸ ਦੇ ਚੇਹਰੇ ਨੂੰ ਭਾਲਣ ਲਈ ਸਮੇਂ ਖਰਚ ਕਰਦੇ ਹਾਂ ਅਤੇ ਉਸ ਦੀ ਮਹਿਮਾ ਨੂੰ ਫੜੀ ਰੱਖਦੇ ਹਾਂ। ਫਿਰ ਅਸੀਂ ਉਸ ਦੇ ਸਰੂਪ ਵਿੱਚ ਬਦਲ ਜਾਵਾਂਗੇ।

**2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।**

ਪੌਲੁਸ ਦੀ ਤਰ੍ਹਾਂ ਜ਼ਬੂਰਾਂ ਦਾ ਲੇਖਕ ਦਾਊਦ ਇਸੇ ਪ੍ਰਕਾਰ ਵਿਚਾਰ ਪ੍ਰਗਟ ਕਰਦਾ ਹੈ।

**ਜ਼ਬੂਰ 17:15 ਮੈਂ ਧਰਮ ਵਿੱਚ ਤੇਰੇ ਮੂੰਹ ਦਾ ਦਰਸ਼ਣ ਕਰਾਂਗਾ, ਜਦ ਮੈਂ ਜਾਗਾਂਗਾ, ਤੇਰੇ ਰੂਪ ਨਾਲ ਤ੍ਰਿਪਤ ਹੋਵਾਂਗਾ।**

**ਪਿਤਾ ਦੀ ਅਰਾਧਨਾ ਦੁਆਰਾ**

ਅਸੀਂ ਉਸ ਦੀ ਸਮਾਨਤਾ ਉੱਤੇ ਆਪਣੇ ਆਪ ਨੂੰ ਦੇਖਦੇ ਹੋਏ ਬਦਲਦੇ ਹਾਂ ਅਤੇ ਪਰਿਵਰਤਨ ਦੀ ਆਪਣੇ ਜੀਵਨ ਵਿੱਚ ਹੋਣ ਲਈ ਇੱਛਾ ਕਰਦੇ ਹਾਂ। ਅਸੀਂ ਉਸ ਦੀ ਸਮਾਨਤਾ ਵਿੱਚ ਬਦਲੇ ਗਏ ਜਿਵੇਂ ਹੀ ਅਸੀਂ ਆਪਣੇ ਪਿਤਾ ਦੇ ਗੂੜ੍ਹਤਾ ਦੇ ਪਿਆਰ ਵਿੱਚ ਸਮੇਂ ਗੁਜਾਰਦੇ ਹਾਂ ਅਤੇ ਉਹ ਕੀ ਹੈ ਉਸ ਦੀ ਅਰਾਧਨਾ ਕਰਦੇ ਹਾਂ।

ਜਿਵੇਂ ਹੀ ਅਸੀਂ ਉਸ ਨੂੰ ਭਾਲਣ ਵਿੱਚ ਸਮੇਂ ਗੁਜਾਰਦੇ ਹਾਂ, ਅਸੀਂ ਇਹ ਭਾਲਣ ਲਈ "ਜਾਗ" ਜਾਵਾਂਗੇ ਕਿ ਸਾਡਾ ਚੇਹਰਾ ਪਰਮੇਸ਼ੁਰ ਦੀ ਮਹਿਮਾ ਵਿੱਚ ਵਧੇਗਾ। ਅਸੀਂ, ਮੂਸਾ ਦੀ ਤਰ੍ਹਾਂ ਸੀਨਈ ਪਹਾੜ ਤੋਂ ਪਰਮੇਸ਼ੁਰ ਨਾਲ ਸਮਾਂ ਬਿਤਾ ਕੇ ਥੱਲੇ ਆਉਂਦੇ ਹਾਂ, ਪਰਮੇਸ਼ੁਰ ਦੀ ਮਹੱਤਵਪੂਰਨ ਮਹਿਮਾ ਦੇ ਨਾਲ ਹੋਵਾਂਗੇ।

ਲੂਕਾ ਲਿਖਦਾ

**ਲੂਕਾ 11:36 ਉਪਰੰਤ ਜੇ ਤੇਰਾ ਸਾਰਾ ਸਰੀਰ ਚਾਨਣਾ ਹੋਵੇ ਅਤੇ ਕੋਈ ਅੰਗ ਅਨ੍ਹੇਰਾ ਨਾ ਹੋਵੇ ਤਾਂ ਸਾਰਾ ਹੀ ਚਾਨਣਾ ਹੋਵੇਗਾ ਜਿਵੇਂ ਦੀਵਾ ਆਪਣੀ ਜੋਤ ਨਾਲ ਤੈਨੂੰ ਚਾਨਣ ਦਿੰਦਾ ਹੈ।**

ਮੁੜ ਦੁਬਾਰਾ, ਪਰਮੇਸ਼ੁਰ ਨੇ ਜਿਸ ਪ੍ਰਕਾਰ ਪਹਿਲਾਂ ਮਨੁੱਖ ਜਾਤੀ ਦੀ ਸਰਿਸ਼ਟ ਕੀਤੀ ਸੀ, "ਆਉ ਅਸੀਂ ਆਦਮੀ ਨੂੰ ਆਪਣੇ ਸਰੂਪ ਤੇ ਬਣਾਈਏ।"

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਕਿਸ ਪ੍ਰਕਾਰ ਸਾਡੇ ਬਚਪਨ ਦਾ ਤਜ਼ਰਬਾ ਸਵਰਗੀ ਪਿਤਾ ਤੇ ਅਸਰ ਕਰਦਾ ਹੈ?

2. ਕਿਸ ਪ੍ਰਕਾਰ ਸਾਡਾ ਸਰੂਪ ਸਵਰਗੀ ਪਿਤਾ ਦੇ ਵਿੱਚ ਬਦਲਣ ਲਈ, ਸੱਚੇ ਪਿਤਾ ਦੇ ਸਰੂਪ, ਪਰਮੇਸ਼ੁਰ ਦੇ ਦੱਸੇ ਗਏ ਸ਼ਬਦ ਦੇ ਵਿੱਚ ਪਰਿਵਰਤਨ ਹੋ ਸਕਦਾ ਹੈ?

3. 2 ਕੁਰਿੰਥੀਆਂ 3:18 ਦੇ ਅਨੁਸਾਰ ਕਿਸ ਪ੍ਰਕਾਰ ਅਸੀਂ ਪ੍ਰਭੂ ਦੇ ਸਰੂਪ ਵਿੱਚ ਪਰਿਵਰਤਨ ਹੋ ਸਕਦੇ ਹਾਂ?

### ਅਧਿਆਏ ਤਿੰਨ

# ਸਾਡਾ ਪੁੱਤਰ ਦਾ ਸਰੂਪ

## ਪਰਮੇਸ਼ੁਰ ਦਾ ਪੁੱਤਰ

ਨਵੀਂ ਸਰਿਸ਼ਟ ਵਿੱਚ ਅਸੀਂ ਕੌਣ ਹਾਂ ਇਸ ਦੇ ਪੂਰੇ ਪ੍ਰਕਾਸ਼ ਦੇ ਲਈ, ਸਾਡੇ ਕੋਲ ਪਰਮੇਸ਼ੁਰ ਦੇ ਪੁੱਤਰ ਦੇ ਸਰੂਪ ਦਾ ਪ੍ਰਕਾਸ਼ ਜਰੂਰੀ ਹੋਣਾ ਚਾਹੀਦਾ ਹੈ।

ਪੌਲੁਸ ਰਸੂਲ ਲਿਖਦਾ ਹੈ ਕਿ ਪਰਮੇਸ਼ੁਰ ਨੇ ਸਾਨੂੰ ਪਹਿਲਾਂ ਤੋਂ ਠਹਿਰਾਇਆ, ਨਿਰਧਾਰਿਤ ਕਰਨਾ ਜਾਂ ਪੁਰੋਹਿਤ ਬਣਾਇਆ ਤਾਂ ਜੋ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ।

**ਰੋਮੀਆਂ 8:29 ੳ ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਉਹਨਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ...**

ਜਿਵੇਂ ਹੀ, ਅਸੀਂ ਉਸਦੇ ਪੁੱਤਰ ਦੇ ਸਰੂਪ ਵਿੱਚ ਬਣਦੇ ਹਾਂ, ਤਾਂ ਅਸੀਂ ਆਪਣੀ ਅੰਤਰ ਸ਼ਕਤੀ ਨੂੰ ਪੂਰਾ ਕਰਨਾ ਸ਼ੁਰੂ ਕਰ ਦਿੰਦੇ ਹਾਂ ਅਤੇ ਨਵੀਂ ਸਰਿਸ਼ਟ ਇਨਸਾਨ ਦੀ ਤਰ੍ਹਾਂ ਜੀਉਂਦੇ ਹਾਂ। ਅਸੀਂ ਜਾਣਦੇ ਹਾਂ ਕਿ ਯਿਸੂ ਪਿਤਾ ਨਾਲ ਅਤੇ ਪਵਿੱਤਰ ਆਤਮਾ ਨਾਲ ਇੱਕ ਹੈ ਹਰੇਕ ਗੁਣ ਜੋ ਉਨ੍ਹਾਂ ਕੋਲ ਹੈ-ਸਾਡੇ ਕੋਲ ਹੈ।

### ਪਰਮੇਸ਼ੁਰ ਹੈ

ਯੂਹੰਨਾ ਰਸੂਲ ਪਰਮੇਸ਼ੁਰ ਦੇ ਪੁੱਤਰ ਬਾਰੇ ਚਾਰ ਮਹੱਤਵਪੂਰਨ ਚੀਜ਼ਾਂ ਸਾਨੂੰ ਦੱਸਦਾ ਹੈ।

" ਉਹ ਹਮੇਸ਼ਾ ਮੌਜੂਦ ਹੈ।

" ਉਹ ਜੀਉਂਦਾ ਪਰਮੇਸ਼ੁਰ ਦਾ ਵਚਨ ਹੈ।

" ਉਹ ਸਾਰੀਆਂ ਵਸਤਾਂ ਦਾ ਸਰਿਸਟੀਕਰਤਾ ਹੈ।

" ਉਹ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵੱਸਿਆ।

**ਯੂਹੰਨਾ 1:1-3, 14 ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੂ ਭੀ ਉਸ ਤੋਂ ਬਿਨ੍ਹਾਂ ਨਹੀਂ ਰਚੀ ਗਈ**

**ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ...**

### ਆਦਮ ਅਤੇ ਹੱਵਾਹ ਨੂੰ ਬਣਾਇਆ

ਯੂਹੰਨਾ ਨੇ ਇਸ ਨੂੰ ਸਪੱਸ਼ਟ ਕੀਤਾ ਹੈ ਕਿ ਸਭ ਕੁਝ ਪਰਮੇਸ਼ੁਰ ਦੇ ਪੁੱਤਰ ਰਾਹੀਂ ਉਤਪਤ ਹੋਇਆ ਆਦਮ ਅਤੇ ਹੱਵਾਹ ਵੀ ਉਸ ਰਾਹੀਂ ਰਚੇ ਗਏ।

**ਉਤਪਤ 1:27 "ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ।"**

ਛੁਡਾਈ ਹੋਈ ਮਨੁੱਖ ਜਾਤੀ ਦਾ ਦੁਬਾਰਾ ਰਚੇ ਜਾਣਾ ਹੈ ਤਾਂ ਜੋ ਉਸ ਦੇ ਸਰੂਪ ਉੱਤੇ ਬਣਨ ਜਿਸਨੇ ਆਦਮ ਅਤੇ ਹੱਵਾਹ ਨੂੰ ਆਪਣੇ ਸਰੂਪ ਉੱਤੇ ਰਚਿਆ ਸੀ।

# ਮਨੁੱਖ ਦਾ ਪੁੱਤਰ

### ਪਰਮੇਸ਼ੁਰ ਹੋਣ ਦੇ ਹੱਕਾਂ ਨੂੰ ਛੱਡਣਾ

ਯਿਸੂ ਇਸ ਧਰਤੀ ਅਤੇ ਮਨੁੱਖ ਦੇ ਰੂਪ ਵਿੱਚ ਕੁਆਰੀ ਤੋਂ ਜੰਮਿਆ। ਅਜੇ ਵੀ ਉਹ ਸੱਚਾ ਪਰਮੇਸ਼ੁਰ ਸੀ, ਪਰੰਤੂ ਉਹ ਪਰਮੇਸ਼ੁਰ ਦੇ ਰੂਪ ਵਿੱਚ ਹੁੰਦੇ ਹੋਏ ਆਪਣੇ ਹੱਕਾਂ ਨੂੰ ਛੱਡ ਕੇ ਮਨੁੱਖ ਦੀ ਤਰ੍ਹਾਂ ਧਰਤੀ ਉੱਤੇ ਆਇਆ। ਉਹ ਸੱਚਾ ਮਨੁੱਖ ਸੀ ਪਰ ਪਰਮੇਸ਼ੁਰ ਵੀ ਪੂਰਾ ਸੀ।

**ਫ਼ਿਲਿੱਪੀਆਂ 2:5–8 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈ ਆਗਿਆਕਾਰ ਬਣਿਆ।**

ਇਹ ਜਾਣਨਾ ਜ਼ਰੂਰੀ ਹੈ ਕਿ ਯਿਸੂ ਨੇ ਪਰਮੇਸ਼ੁਰ ਹੋਣ ਦੇ ਹੱਕਾਂ ਨੂੰ ਛੱਡ ਦਿੱਤਾ। ਉਹਨੇ ਆਪਣੇ ਆਪ ਨੂੰ ਮਨੁੱਖ ਬਣਾਇਆ। ਇਸ ਧਰਤੀ ਤੇ ਜੀਉਂਦੇ ਜੋ ਕੁਝ ਵੀ ਸੇਵਕਾਈ ਦੇ ਕੰਮ ਕੀਤੇ ਉਸਨੇ ਮਨੁੱਖ ਦੇ ਰੂਪ ਵਿੱਚ ਕੀਤੇ ਨਾ ਕਿ ਪਰਮੇਸ਼ੁਰ ਦੇ ਰੂਪ ਵਿੱਚ ਹੋ ਕੇ ਕੀਤੇ।

### ਝੂਠੀ ਧਾਰਣਾ

ਜੇਕਰ ਅਸੀਂ ਯਿਸੂ ਦੀ ਕਲਪਨਾ ਕਰੀਏ ਜਦੋਂ ਉਹ ਧਰਤੀ ਉੱਤੇ ਪਰਮੇਸ਼ੁਰ ਦੀ ਤਰ੍ਹਾਂ ਆਪਣੀ ਸ਼ਕਤੀ ਵਿੱਚ ਕਾਰਵਾਈ ਕਰਦਾ ਹੋਇਆ ਚੱਲਦਾ ਸੀ, ਅਸੀਂ ਸਮਝ ਨਹੀਂ ਸਕਦੇ ਕਿ ਕਿਵੇਂ ਅਸੀਂ ਉਸਦੇ ਸਰੂਪ ਵਿੱਚ ਬਣ ਸਕਦੇ ਹਾਂ।

"ਹਾਂ।" ਅਸੀਂ ਕਹਾਂਗੇ, "ਯਿਸੂ ਨੇ ਬੀਮਾਰਾਂ ਨੂੰ ਚੰਗਾ ਕੀਤਾ, ਭੂਤਾਂ ਨੂੰ ਕੱਢਿਆ ਅਤੇ ਤੂਫ਼ਾਨਾਂ ਨੂੰ ਰੋਕਿਆ, ਇਸ ਤੋਂ ਵੀ ਵੱਧ ਕੇ ਉਹ ਪਰਮੇਸ਼ੁਰ ਦਾ ਪੁੱਤਰ ਸੀ। ਉਹ ਬਹੁਤ ਸ਼ਕਤੀਸ਼ਾਲੀ। ਉਸਦਾ ਸਾਡੇ ਨਾਲ ਕੀ ਕੰਮ ਹੈ?

ਜੇਕਰ ਉਹ ਪਰਮੇਸ਼ੁਰ ਦੀ ਤਰ੍ਹਾਂ ਕਾਰਵਾਈ ਕਰਦਾ ਸੀ ਤਾਂ ਕਿਵੇਂ ਯਿਸੂ ਸਾਡੇ ਜੀਵਨ ਲਈ ਉਦਾਹਰਨ ਹੋਵੇਗਾ। ਜੇਕਰ ਯਿਸੂ ਅਲੌਕਿਕ ਰਾਜ ਵਿੱਚ ਜੀਉਂਦੇ ਜੀਅ ਜਾਂ ਸੇਵਕਾਈ ਕਰਦਾ ਹੁੰਦਾ, ਸਾਡਾ ਬਹਾਨਾ ਹੁੰਦਾ ਹੈ ਕਿ ਅਸੀਂ ਤਾਂ ਸਿਰਫ਼ ਮਨੁੱਖ ਹਾਂ।

ਸਾਡੇ ਕੋਲ ਸਿਰਫ਼ ਇਹੋ ਆਸ ਹੈ, "ਕਿ ਅਸੀਂ ਪਰਮੇਸ਼ੁਰ ਦੇ ਅਲੌਕਿਕ ਦਖ਼ਲ ਲਈ ਪ੍ਰਾਰਥਨਾ ਕਰਾਂਗੇ ਕਿ ਉਹ ਸਾਨੂੰ ਸਾਡੀਆਂ ਮੁਸ਼ਕਿਲਾਂ, ਬੀਮਾਰੀਆਂ ਜਾਂ ਆਰਥਿਕ ਸਮੱਸਿਆਵਾਂ ਤੋਂ ਛੁਟਕਾਰਾ ਦੇਵੇ।

ਜੇਕਰ ਅਸੀਂ ਯਿਸੂ ਦੀ ਇਸ ਤਰ੍ਹਾਂ ਕਲਪਨਾ ਕਰਦੇ ਕਿ ਧਰਤੀ ਤੋਂ ਕਾਰਵਾਈ ਕਰਨਾ, ਪਰਮੇਸ਼ੁਰ ਹੋਣ ਦੇ ਆਪਣੇ ਹੱਕਾਂ ਨੂੰ ਪਰੇ ਕਰਨਾ, ਮਨੁੱਖ ਦੇ ਇਖ਼ਤਿਆਰ ਨਾਲ ਆਉਣਾ ਜਿਹੜਾ ਪ੍ਰਭੂ ਨੇ ਮਨੁੱਖ ਨੂੰ ਦਿੱਤਾ - ਤਾਂ ਅਸੀਂ ਆਪਣੇ ਬਾਰੇ ਉਹੀ ਚੀਜ਼ਾਂ ਕਰਨ ਬਾਰੇ ਜੋ ਯਿਸੂ ਨੇ ਕੀਤਾ, ਕਲਪਨਾ ਕਰ ਸਕਦੇ ਹਾਂ।

**ਧਰਤੀ ਉੱਤੇ ਇਖ਼ਤਿਆਰ**

ਯਿਸੂ ਨੇ ਕਿਹਾ,

**ਯੂਹੰਨਾ 5:24,25 – "ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ ਅਰ ਉਸ ਉੱਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜੀਉਣ ਵਿੱਚ ਜਾ ਪਹੁੰਚਿਆ ਹੈ। ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਉਹ ਸਮਾ ਆਉਂਦਾ ਹੈ ਸਗੋਂ ਹੁਣੇ ਹੈ ਕਿ ਮੁਰਦੇ ਪਰਮੇਸ਼ੁਰ ਦੇ ਪੁੱਤ੍ਰ ਦੀ ਅਵਾਜ਼ ਸੁਣਨਗੇ ਅਤੇ ਸੁਣ ਕੇ ਜੀਉਣਗੇ"।**

ਜਿਹੜੇ ਪਰਮੇਸ਼ੁਰ ਦੇ ਪੁੱਤਰ ਦੀ ਅਵਾਜ ਸੁਣਨਗੇ ਉਹੋ ਜੀਉਣਗੇ।

ਤਾਂ ਯਿਸੂ ਲਗਾਤਾਰ ਆਖਦਾ ਹੈ,

**ਯੂਹੰਨਾ 5:26, 27 ਕਿਉਂਕਿ ਜਿਵੇਂ ਪਿਤਾ ਆਪ ਵਿੱਚ ਜੀਉਣ ਰੱਖਦਾ ਹੈ ਤਿਵੇਂ ਉਹ ਨੇ ਪੁੱਤ੍ਰ ਨੂੰ ਵੀ ਬਖ਼ਸ਼ਿਆ ਜੋ ਆਪ ਵਿੱਚ ਜੀਉਣ ਰੱਖੇ। ਅਰ ਉਸ ਨੂੰ ਨਿਆਉਂ ਕਰਨ ਦਾ ਇਖ਼ਤਿਆਰ ਦਿੱਤਾ ਇਸ ਲਈ ਜੋ ਉਹ ਮਨੁੱਖ ਦਾ ਪੁੱਤ੍ਰ ਹੈ।**

ਇਸ ਪੈਰ੍ਹੇ ਤੋਂ ਸਪੱਸ਼ਟ ਹੈ ਕਿ ਉਹ ਇਖ਼ਤਿਆਰ ਜਿਸ ਨਾਲ ਯਿਸੂ ਇਸ ਧਰਤੀ ਤੇ ਜੀਉਂਦਾ ਤੇ ਸੇਵਕਾਈ ਕਰਦਾ ਸੀ, ਉਹ ਉਸਦਾ ਪਰਮੇਸ਼ੁਰ ਦੇ ਪੁੱਤਰ ਦਾ ਇਖ਼ਤਿਆਰ ਨਹੀਂ ਸੀ। ਇਹ ਉਸਦਾ ਇਖ਼ਤਿਆਰ ਮਨੁੱਖ ਦੇ ਪੁੱਤਰ ਦੀ ਤਰ੍ਹਾਂ ਸੀ।

ਯਿਸੂ ਇੱਕਲੇ ਹੀ ਸਾਡੀ ਉਦਾਹਰਨ ਦੇ ਯੋਗ ਹਨ। ਯਿਸੂ ਵਿੱਚ ਨਵੀਂ ਸਰਿਸ਼ਟ ਹੁੰਦੇ ਹੋਏ, ਇਸ ਧਰਤੀ ਉੱਤੇ ਸਾਡੀ ਪਰਮੇਸ਼ੁਰ ਵੱਲੋਂ ਦਿੱਤਾ ਗਿਆ ਇਖ਼ਤਿਆਰ ਵਾਪਸ ਕਰ ਦਿੱਤਾ ਗਿਆ ਹੈ। ਸਾਨੂੰ ਉਸੇ ਹੀ ਇਖ਼ਤਿਆਰ ਨਾਲ ਕਾਰਵਾਈ ਕਰਨੀ ਹੈ ਜਿਵੇਂ ਯਿਸੂ ਨੇ, ਮਨੁੱਖ ਦਾ ਪੁੱਤਰ, ਹੋ ਕੇ ਕੀਤਾ। ਜਦੋਂ ਅਸੀਂ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਂਦੇ ਹਾਂ, ਤਾਂ ਅਸੀਂ ਉਸ ਹੀ ਸ਼ਕਤੀ ਨਾਲ ਕਾਰਵਾਈ ਕਰ ਸਕਦੇ ਹਾਂ ਜਿਵੇਂ ਯਿਸੂ ਨੇ ਉਸ ਉੱਤੇ ਪਵਿੱਤਰ ਆਤਮਾ ਆਉਣ ਤੋਂ ਬਾਅਦ ਕੀਤੀ।

ਹੁਣ, ਜਦ ਅਸੀਂ ਇੰਜੀਲਾਂ ਨੂੰ ਪੜ੍ਹਦੇ ਹਾਂ, ਅਸੀਂ ਦੇਖ ਸਕਦੇ ਹਾਂ ਕਿ ਯਿਸੂ ਸਾਡੀ ਸੱਚੀ ਉਦਾਹਰਨ ਅਤੇ ਨਮੂਨਾ ਸੀ। ਜਿਵੇਂ ਧਰਤੀ ਤੇ ਯਿਸੂ ਨੇ ਕੀਤਾ ਉਸੇ ਤਰ੍ਹਾਂ ਅਸੀਂ ਵੀ ਉਹੋ ਇਖ਼ਤਿਆਰ ਅਤੇ ਸ਼ਕਤੀ ਨਾਲ ਕਾਰਵਾਈ ਕਰ ਸਕਦੇ ਹਾਂ। ਮਨੁੱਖ-ਜਾਤੀ, ਨਵੀਂ ਸਰਿਸਟ ਹੁੰਦੇ ਹੋਏ ਉਹੋ ਇਖ਼ਤਿਆਰ ਨਾਲ ਜੀਉਂਦੀ ਰਹਿ ਸਕਦੀ ਹੈ ਜਿਸ ਲਈ ਰਚੀ ਗਈ। ਜਦੋਂ ਪਰਮੇਸ਼ੁਰ ਨੇ ਕਿਹਾ "ਉਹ ਰਾਜ ਕਰਨ"

**ਆਖਰੀ ਆਦਮ ਸੀ**

ਯਿਸੂ ਆਖਰੀ ਆਦਮ ਰੂਪ ਵਿੱਚ ਆਇਆ।

**1 ਕੁਰਿੰਥੀਆਂ 15:45 – ਇਉਂ ਲਿਖਿਆ ਹੋਇਆ ਵੀ ਹੈ ਜੋ ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ"।**

ਹਰ ਚੀਜ਼ ਜਿਸ ਨੂੰ ਕਰਨ ਲਈ ਆਦਮ ਰਚਿਆ ਗਿਆ–ਯਿਸੂ ਨੇ ਕੀਤਾ। ਪਰਮੇਸ਼ੁਰ ਨੇ ਕਿਹਾ, "ਉਹ ਰਾਜ ਕਰਨ"–ਯਿਸੂ ਨੇ ਭੂਤਾਂ ਉੱਤੇ, ਜੀਉਂਦੀਆਂ ਚੀਜ਼ਾਂ, ਹਰੇਕ ਤੱਤਾਂ ਉੱਤੇ ਰਾਜ ਕੀਤਾ ਉਹ ਇਖ਼ਤਿਆਰ ਨਾਲ ਚੱਲਿਆ।

**ਮੱਤੀ 7:28–29 ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ। ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ।**

*ਸਾਡੀ ਮਨੁੱਖਤਾ ਦਾ ਸਾਂਝੀ ਹੋਣਾ*

ਯਿਸੂ ਸਾਡੀ ਮਨੁੱਖਤਾ ਵਿੱਚ ਮਾਸ ਅਤੇ ਲਹੂ ਨਾਲ ਸਾਂਝੀ ਬਣਿਆ।

**ਇਬਰਾਨੀਆਂ 2:14 ੳ ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ...।**

*ਪਰਤਾਵੇ ਦਾ ਅਨੁਭਵ*

ਉਹ ਨੇ ਉਹੋ ਪਰਤਾਵੇ ਦਾ ਅਨੁਭਵ ਕੀਤਾ ਜੋ ਅਸੀਂ ਕਰਦੇ ਹਾਂ

**ਇਬਰਾਨੀਆਂ 4:15 ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸੱਕੇ ਸਗੋਂ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ।**

ਭਾਵੇਂ ਹਰੇਕ ਮਨੁੱਖ ਦੀ ਤਰ੍ਹਾਂ ਉਸ ਦਾ ਪਰਤਾਵਾ ਸੀ। ਯਿਸੂ ਪਾਪ ਤੋਂ ਬਿਨ੍ਹਾਂ ਜੀਉਂਦਾ ਰਿਹਾ ਜਿਵੇਂ ਕਿ ਆਦਮ ਅਤੇ ਹੱਵਾਹ ਜਿਸ ਕਰਕੇ ਰਚੇ ਗਏ ਸਨ।

*ਉਸਦੇ ਕੰਮ – ਸਾਡੇ ਕੰਮ*

ਯਿਸੂ ਉਹੀ ਕਰਨ ਲਈ ਆਇਆ ਅਤੇ ਸਭ ਕੁਝ ਉਹੀ ਕੀਤਾ ਜਿਸ ਨੂੰ ਮਨੁੱਖ ਜਾਤੀ ਨੇ ਕਰਨਾ ਸੀ। ਉਹ ਪਰਮੇਸ਼ੁਰ ਹੋਣ ਕੇ ਹੱਕਾਂ ਨੂੰ ਪਰੇ ਕਰਕੇ ਇਸ ਧਰਤੀ ਅਤੇ ਮਨੁੱਖ ਜਾਤੀ ਦੀ ਤਰ੍ਹਾਂ ਜੀਉਂਦਾ ਰਿਹਾ ਅਤੇ ਸੇਵਕਾਈ ਕੀਤੀ।

**ਯੂਹੰਨਾ 14:12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।**

ਉਸਦੀ ਸ਼ਕਤੀ ਸਾਡੀ ਸ਼ਕਤੀ – ਹਰ ਇੱਕ ਸ਼ਕਤੀਸ਼ਾਲੀ ਕੰਮ ਅਤੇ ਸੇਵਕਾਈ ਜੋ ਯਿਸੂ ਨੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਕੀਤੀ ਸੀ।

**ਲੂਕਾ 3:22 ੳ ਅਤੇ ਪਵਿੱਤ੍ਰ ਆਤਮਾ ਦਿਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ ਉੱਤੇ ਉਤਰਿਆ..."**

ਇੱਥੇ ਯਿਸੂ ਦੇ ਚਮਤਕਾਰਾਂ ਦਾ ਕੋਈ ਲਿਖਤ ਵਰਣਨ ਨਹੀਂ ਜਦੋਂ ਤੱਕ ਪਵਿੱਤਰ ਆਤਮਾ ਉਸਦੇ ਬਪਤਿਸਮੇ ਦੇ ਸਮੇਂ ਤੱਕ ਨਹੀਂ ਆਇਆ। ਇਹ ਯਿਸੂ ਦੀ ਧਰਤੀ ਦੀ ਸੇਵਕਾਈ ਦੀ ਸ਼ੁਰੂਆਤ ਸੀ।

ਯਿਸੂ ਨੇ ਕਿਹਾ, ਕਿ ਉਹ ਪਵਿੱਤਰ ਆਤਮਾ ਨਾਲ ਮਸਹ ਕੀਤਾ ਹੈ ਤਾਂ ਜੋ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰੇ, ਬੀਮਾਰਾਂ ਨੂੰ ਚੰਗਾ ਕਰੇ, ਭ੍ਰਿਸ਼ਟ ਆਤਮਾਵਾਂ ਨੂੰ ਕੱਢੇ।

**ਲੂਕਾ 4:18-19 ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ, ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆ ਹੋਇਆਂ ਨੂੰ ਛੁਡਾਵਾਂ, ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪਰਚਾਰ ਕਰਾਂ।**

ਜਦੋਂ ਯਿਸੂ ਇਸ ਧਰਤੀ ਨੂੰ ਛੱਡਣ ਦੀ ਤਿਆਰੀ ਕਰ ਰਿਹਾ ਸੀ, ਉਸਨੇ ਪਵਿੱਤਰ ਆਤਮਾ ਦੇ ਆਉਣ ਬਾਰੇ ਕਿਹਾ, ਅਤੇ ਉਹਨੇ ਆਖਿਆ ਕਿ ਪਵਿੱਤਰ ਆਤਮਾ ਉਸਦੇ ਚੇਲਿਆਂ ਨੂੰ ਸ਼ਕਤੀ ਦੇਵੇਗਾ।

**ਰਸੂਲਾਂ ਦੇ ਕਰਤੱਬ 1:8 ੳ ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ...।**

ਸਾਡੇ ਕੋਲ ਉਹੋ ਹੀ ਸ਼ਕਤੀ ਹੈ ਜਿਹੜੀ ਯਿਸੂ ਵਿੱਚ ਕਾਰਵਾਈ ਕਰਦੀ ਸੀ ਜਦੋਂ ਉਹ ਧਰਤੀ ਉੱਤੇ ਸੇਵਕਾਈ ਕਰਦਾ ਸੀ

ਲੂਕਾ ਉਹੀ ਸ਼ਬਦ ਪ੍ਰਯੋਗ ਕਰਦਾ ਹੈ .. "ਸ਼ਕਤੀ" ਅਤੇ "ਪਵਿੱਤ੍ਰ ਆਤਮਾ" ਜਦੋਂ ਉਹ ਯਿਸੂ ਦੇ ਜੀਵਨ ਬਾਰੇ ਲਿਖਦਾ ਹੈ।

**ਰਸੂਲਾਂ ਦੇ ਕਰਤੱਬ 10:38 ਅਰਥਾਤ ਯਿਸੂ ਨਾਸਰੀ ਭਈ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹ ਨੂੰ ਪਵਿੱਤ੍ਰ ਆਤਮਾ ਅਤੇ ਸਮਰੱਥਾ ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ੈਤਾਨ ਦੇ ਕਾਬੂ ਕੀਤੇ ਹੋਏ ਸਨ ਚੰਗਾ ਕਰਦਾ ਫਿਰਿਆ ਕਿਉਂ ਜੋ ਪਰਮੇਸ਼ੁਰ ਉਹ ਦੇ ਨਾਲ ਸੀ"।**

**ਯਿਸੂ ਆਇਆ**

*ਪਿਤਾ ਨੂੰ ਪ੍ਰਗਟ ਕਰਨਾ*

ਯਿਸੂ, ਪਰਮੇਸ਼ੁਰ ਦਾ ਪੁੱਤਰ, ਪਿਤਾ ਦਾ ਸਰੂਪ ਹੈ

ਯਿਸੂ ਨੇ ਕਿਹਾ :

**ਯੂਹੰਨਾ 10:30 "ਮੈਂ ਅਰ ਪਿਤਾ ਇੱਕੋ ਹਾਂ"**

ਉਸਨੇ ਇਹ ਵੀ ਕਿਹਾ,

**ਯੂਹੰਨਾ 14:6-7 ਯਿਸੂ ਨੇ ਉਹ ਨੂੰ ਆਖਿਆ, ਰਾਹ ਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨ੍ਹਾਂ ਪਿਤਾ ਦੇ ਕੋਲ ਨਹੀਂ ਆਉਂਦਾ।**

**ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋ ਅੱਗੇ ਤੁਸੀਂ ਉਹਨੂੰ ਜਾਣਕੇ ਅਤੇ ਉਹ ਨੂੰ ਵੇਖ ਲਿਆ ਹੈ"।**

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਕਹਿੰਦਾ ਹੈ ਕਿ ਯਿਸੂ ਪਿਤਾ ਦੇ ਸਰੂਪ ਨੂੰ ਪ੍ਰਗਟ ਕਰਦਾ ਹੈ

**ਇਬਰਾਨੀਆਂ 1:3 ੳ ਉਹ ਉਸ ਦੇ ਤੇਜ਼ ਦਾ ਪ੍ਰਤੀਬਿੰਬ ਅਤੇ ਉਸ ਦੀ ਜਾਤ ਦਾ ਨਕਸ਼ ਹੋ ਕੇ..."।**

ਪੌਲੁਸ ਲਿਖਦਾ ਕਿ ਮਸੀਹ ਅਦ੍ਰਿਸ਼ ਪਰਮੇਸ਼ੁਰ ਦਾ ਸਰੂਪ ਸੀ।

**ਕੁਲੁੱਸੀਆਂ 1:15 ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ।**

ਯਿਸੂ ਸਾਰੀ ਸਰਿਸ਼ਟ ਵਿੱਚੋਂ ਪਰਮੇਸ਼ੁਰ ਦੇ ਸਰੂਪ ਵਿੱਚ ਜੇਠਾ ਸੀ। ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਉਸਦੇ ਸਰੂਪ ਤੇ ਬਣਨ ਲਈ ਨਵਾਂ ਜਨਮ ਲਿਆ ਹੈ।

*ਪਿਤਾ ਦੀ ਇੱਛਾ ਨੂੰ ਪੂਰਾ ਕਰਨਾ*

ਜਿਵੇਂ ਕਿ ਯਿਸੂ ਇਸ ਧਰਤੀ ਤੇ ਆਇਆ, ਉਹਨੇ ਆਪਣੀ ਇੱਛਾ, ਪਿਤਾ ਨੂੰ ਤਿਆਗ ਦਿੱਤੀ। ਜਿਵੇਂ-2 ਉਹ ਧਰਤੀ ਤੇ ਚੱਲਿਆ, ਉਹਨੇ ਪਿਤਾ ਦੀ ਇੱਛਾ ਨੂੰ ਪੂਰਾ ਕੀਤਾ।

**ਯੂਹੰਨਾ 6:3 ਕਿਉਂਕਿ ਮੈਂ ਸੁਰਗੋਂ ਉੱਤਰਿਆ ਹਾਂ ਇਸ ਲਈ ਨਹੀਂ ਜੋ ਆਪਣੀ ਮਰਜੀ ਸਗੋਂ ਉਹ ਦੀ ਮਰਜੀ ਦੇ ਅਨੁਸਾਰ ਜਿਹ ਨੇ ਮੈਨੂੰ ਘੱਲਿਆ।**

*ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰਨਾ*

ਹਰੇਕ ਥਾਂ ਜਿੱਥੇ ਯਿਸੂ ਨੇ ਸੇਵਕਾਈ ਕੀਤੀ, ਉਹਨੇ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕੀਤਾ। ਯੂਹੰਨਾ ਸਾਨੂੰ ਕਹਿੰਦਾ ਹੈ ਕਿ ਉਸਦਾ ਧਰਤੀ ਤੇ ਆਉਣ ਦਾ ਇਹ ਇੱਕ ਮੁੱਖ ਕਾਰਨ ਸੀ।

**1 ਯੂਹੰਨਾ 3:8 ਅ ਪਰਮੇਸ਼ੁਰ ਦਾ ਪੁੱਤ੍ਰ ਇਸੇ ਲਈ ਪਰਗਟ ਹੋਇਆ ਭਈ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰੇ"।**

## ਯਿਸੂ ਸਾਡਾ ਪ੍ਰਤੀਨਿਧੀ

**ਪਾਪ ਦੀ ਸਜ਼ਾ**

ਆਦਮ ਅਤੇ ਹੱਵਾਹ ਦੇ ਪਾਪ ਨੇ ਉਨ੍ਹਾਂ ਨੂੰ ਪਵਿੱਤਰ ਪਰਮੇਸ਼ੁਰ ਤੋਂ ਅਲੱਗ ਕਰ ਦਿੱਤਾ ਜੋ ਪਾਪ ਨਾਲ ਨਹੀਂ ਰਹਿ ਸਕਦਾ। ਪਰਮੇਸ਼ੁਰ ਪਿਤਾ ਨਾਲ ਆਮ ਤੌਰ ਤੇ ਪਾਪ ਨੂੰ ਦੇਖਦੇ ਰਹਿਣ ਦਾ ਫੈਸਲਾ ਨਹੀਂ ਲੈ ਸਕਦਾ ਕਿਉਂਕਿ ਪਰਮੇਸ਼ੁਰ ਸੰਪੂਰਨ ਨਿਆਂ ਕਰਤਾ ਵੀ ਹੈ ਪਵਿੱਤਰ ਅਤੇ ਨਿਆਈਂ ਪਰਮੇਸ਼ੁਰ ਤੋਂ ਪਾਪ ਬਰਦਾਸ਼ਤ ਨਹੀਂ ਕੀਤਾ ਜਾਂਦਾ।

ਪ੍ਰਭੂ ਨੇ ਕਿਹਾ ਸੀ,

**ਉਤਪਤ. 2:17 ਅ "ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇ ਤੂੰ ਜ਼ਰੂਰ ਮਰੇਂਗਾ।"**

ਆਦਮ ਅਤੇ ਹੱਵਾਹ ਨੇ ਪਰਮੇਸ਼ੁਰ ਨਾਲ ਆਪਣਾ ਸੰਬੰਧੀ ਖੋਹ ਦਿੱਤਾ। ਜਦੋਂ ਉਨ੍ਹਾਂ ਨੇ ਪਾਪ ਕੀਤਾ, ਪਰਮੇਸ਼ੁਰ ਦਾ ਆਤਮਾ ਉਨ੍ਹਾਂ ਵਿੱਚ ਨਾ ਰਹਿ ਸਕਿਆ। ਜੋ ਕੁਝ ਉਨ੍ਹਾਂ ਪਾਇਆ ਸੀ ਉਹ ਆਦਮ ਅਤੇ ਹੱਵਾਹ ਆਪਣੇ ਬੱਚਿਆਂ ਨੂੰ ਨਹੀਂ ਦੇ ਸਕੇ। ਪਰਮੇਸ਼ੁਰ ਦਾ ਸੁਭਾਅ ਉਨ੍ਹਾਂ ਅੰਦਰੋਂ ਚਲਾ ਗਿਆ ਅਤੇ ਪਾਪ ਦਾ ਸੁਭਾਅ ਉਨ੍ਹਾਂ ਵਿੱਚ ਆ ਗਿਆ। ਆਦਮ ਦਾ ਪਾਪੀ ਸੁਭਾਅ ਉਸਦੀ ਅੰਸ਼ ਤੱਕ ਚਲਾ ਗਿਆ।

**1 ਕੁਰਿੰਥੀਆਂ 15:22 ਜਿਸ ਤਰਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰਾਂ ਮਸੀਹ ਵਿੱਚ ਸਭੇ ਜੁਆਏ ਜਾਣਗੇ।**

ਪਿਤਾ ਦੇ ਬੀਜ ਰਾਹੀਂ ਪਾਪੀ ਸੁਭਾਅ ਇੱਕ ਪੀੜੀ ਤੋਂ ਦੂਜੀ ਪੀੜੀ ਤੱਕ ਜਾਂਦਾ ਹੈ ਇਸ ਤੋਂ ਪਹਿਲਾਂ ਕਿ ਇਸ ਧਰਤੀ ਤੇ ਹਰੇਕ ਵਿਅਕਤੀ ਦਾ ਪਿਤਾ ਹੈ, ਪੌਲੁਸ ਰਸੂਲ ਨੇ ਲਿਖਿਆ ਹੈ :-

**ਰੋਮੀਆਂ 3:23 ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।**

ਪਾਪ ਦੀ ਸਜ਼ਾ ਆਤਮਿਕ ਮੌਤ, ਅਤੇ ਇਸ ਦਾ ਨਤੀਜਾ ਸਰੀਰਕ ਮੌਤ ਹੈ।

**ਰੋਮੀਆਂ 6:23 ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।**

**ਰੋਮੀਆਂ 5:12 ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ।**

## ਯਿਸੂ ਦਾ ਜਨਮ

ਯਿਸੂ ਇਸ ਧਰਤੀ ਉੱਤੇ ਸਾਡਾ ਪ੍ਰਤੀਨਿਧੀ ਬਣਨ ਲਈ ਪਵਿੱਤਰ ਆਤਮਾ ਰਾਹੀਂ, ਕੁਆਰੀ ਤੋਂ ਜੰਮਿਆ। ਕਿਉਂਕਿ ਉਸਦੇ ਚਮਤਕਾਰੀ ਗਰਭਧਾਰਣ ਕਰਕੇ, ਯਿਸੂ ਵਿੱਚ ਪਾਪੀ ਸੁਭਾਅ ਨਹੀਂ ਸੀ। ਉਸਦੇ ਅੰਦਰ ਪਰਮੇਸ਼ੁਰ ਦਾ ਸੁਭਾਅ ਸੀ ਜੋ ਕਿ ਮਨੁੱਖ ਜਾਤੀ ਨੇ ਖੋਹ ਲਿਆ।

**ਮੱਤੀ 1:20 ਅ ਹੇ ਯੂਸੁਫ਼ ਦਾਊਦ ਦੇ ਪੁੱਤ੍ਰ ਤੂੰ ਆਪਣੀ ਪਤਨੀ ਮਰਿਯਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ ਕਿਉਂਕਿ ਜਿਹੜਾ ਉਹਦੀ ਕੁੱਖ ਵਿੱਚ ਆਇਆ ਹੈ ਉਹ ਪਵਿੱਤ੍ਰ ਆਤਮਾ ਤੋਂ ਹੈ।**

**ਮੱਤੀ 1:23 – "ਵੇਖੋ ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤ੍ਰ ਜਣੇਗੀ, ਅਤੇ ਓਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ। ਜਿਹਦਾ ਅਰਥ ਇਹ ਹੈ "ਪਰਮੇਸ਼ੁਰ ਅਸਾਡੇ ਸੰਗ"।**

ਪਰਮੇਸ਼ੁਰ ਦੇ ਪਿਆਰ ਦੀ ਯੋਜਨਾ ਮਨੁੱਖ ਜਾਤੀ ਲਈ ਪਰਮੇਸ਼ੁਰ ਦਾ ਪਿਆਰ ਲਗਭਗ ਨਾ ਕਲਪਨਾ ਯੋਗ ਹੈ ਯੂਹੰਨਾ ਅਤੇ ਪੌਲੁਸ ਦੋਨਾਂ ਨੇ ਇਸ ਬਾਰੇ ਲਿਖਿਆ

**ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹਨੇ ਆਪਣਾ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।**

**ਰੋਮੀਆਂ 5:8 ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।**

ਪਰਮੇਸ਼ੁਰ ਦੇ ਮਹਾਨ ਪਿਆਰ ਦੀ ਯੋਜਨਾ ਵਿੱਚ ਮਨੁੱਖ ਜਾਤੀ ਲਈ ਉਸਦੇ ਇਕਲੌਤੇ ਪੁੱਤਰ, ਯਿਸੂ ਨੂੰ ਭੇਜਣਾ ਸ਼ਾਮਲ ਸੀ ਤਾਂ ਜੋ ਸੰਪੂਰਨ ਇਨਸਾਨ ਦੀ ਤਰ੍ਹਾਂ ਜੀਵੀਏ, ਅਤੇ ਬਾਅਦ ਵਿੱਚ ਮਨੁੱਖ ਜਾਤੀ ਦੇ ਪਾਪ ਦੀ ਸਜ਼ਾ ਨੂੰ ਆਪਣੇ ਉੱਪਰ ਚੁੱਕ ਲਏ।

**1 ਪਤਰਸ 3:18 ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ। ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ।**

ਯਿਸੂ ਨੇ ਸਾਡੀ ਥਾਂ ਲੈ ਲਈ। ਸਾਰੀਆਂ ਸਜ਼ਾਵਾਂ ਜਿਸਦੇ ਅਸੀਂ ਯੋਗ ਸਾਂ ਉਸਨੇ ਆਪਣੇ ਉੱਪਰ ਚੁੱਕ ਲਈਆਂ{ ਸਾਡੇ ਲਈ ਉਹ ਪਾਪੀ ਬਣਿਆ ਤਾਂ ਜੋ ਅਸੀਂ ਉਸਦੀ ਧਾਰਮਿਕਤਾ ਪ੍ਰਾਪਤ ਕਰ ਸਕੀਏ। ਉਸਨੇ ਸਾਡੇ ਪਾਪਾਂ ਨੂੰ ਚੁੱਕ ਲਿਆ ਤਾਂ ਜੋ ਸਾਨੂੰ ਉਹ ਚੁੱਕਣੇ ਨਾ ਪੈਣ।

**2 ਕੁਰਿੰਥੀਆਂ 5:21 ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।**

ਉਹਨੇ ਸਾਡੇ ਦੁੱਖਾਂ, ਬੀਮਾਰੀਆਂ, ਰੋਗਾਂ ਨੂੰ ਚੁੱਕ ਲਿਆ ਤਾਂ ਜੋ ਸਾਨੂੰ ਇਨ੍ਹਾਂ ਨੂੰ ਨਾ ਚੁੱਕਣਾ ਪਵੇ।

**ਯਸਾਯਾਹ 53:4–5 ਸੱਚਮੁੱਚ ਉਸ ਨੇ ਸਾਡੇ ਗ਼ਮ ਚੁੱਕ ਲਏ, ਅਤੇ ਸਾਡੇ ਦੁਖ ਉਠਾਏ, ਪਰ ਅਸਾਂ ਉਸਨੂੰ ਮਾਰਿਆ ਹੋਇਆ, ਪਰਮੇਸ਼ੁਰ ਦਾ ਕੁੱਟਿਆ ਹੋਇਆ ਅਤੇ ਭੰਨਿਆ ਹੋਇਆ ਸਮਝਿਆ। ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।**

## ਯਿਸੂ – ਸਾਡਾ ਛੁਡਾਉਣ ਵਾਲਾ

ਪੁਰਾਣੇ ਨੇਮ ਦੀਆਂ ਪਹਿਲੀਆਂ ਲਿਖਤਾਂ ਵਿੱਚ, ਅੱਯੂਬ ਨੇ ਛੁਡਾਉਣ ਵਾਲੇ ਦੇ ਆਉਣ ਬਾਰੇ ਭਵਿੱਖਬਾਣੀ ਕੀਤੀ।

**ਅੱਯੂਬ 19:25 – "ਮੈਂ ਤਾਂ ਜਾਣਦਾ ਹਾਂ ਭਈ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ, ਅਤੇ ਓੜਕ ਨੂੰ ਉਹ ਖ਼ਾਕ ਉੱਤੇ ਖੜਾ ਹੋਵੇਗਾ।**

ਦਾਊਦ ਨੇ ਲਿਖਿਆ,

**ਜ਼ਬੂਰਾਂ ਦੀ ਪੋਥੀ 19:14 ਹੇ ਯਹੋਵਾਹ, ਮੇਰੀ ਚਟਾਨ ਅਰ ਮੇਰੇ ਛੁਡਾਉਣ ਵਾਲੇ, ਮੇਰੇ ਮੂੰਹ ਦੀਆਂ ਗੱਲਾਂ ਅਤੇ ਮੇਰੇ ਮਨ ਦਾ ਵਿਚਾਰ, ਤੇਰੇ ਹਜ਼ੂਰ ਮੰਨਣ ਜੋਗ ਹੋਵੇ"।**

ਯਸਾਯਾਹ ਨੇ ਬਾਰ-ਬਾਰ ਛੁਡਾਉਣ ਵਾਲੇ ਬਾਰੇ ਲਿਖਿਆ,

**ਯਸਾਯਾਹ 44:6 ਯਹੋਵਾਹ ਇਸਰਾਏਲ ਦਾ ਪਾਤਸ਼ਾਹ, ਅਤੇ ਉਹ ਦਾ ਛੁਡਾਉਣ ਵਾਲਾ, ਸੈਨਾਂ ਦਾ ਯਹੋਵਾਹ ਐਉਂ ਫਰਮਾਉਂਦਾ ਹੈ, ਮੈਂ ਆਦ ਹਾਂ ਨਾਲੇ ਮੈਂ ਅੰਤ ਹਾਂ, ਮੈਥੋਂ ਬਿਨਾਂ ਹੋਰ ਕੋਈ ਪਰਮੇਸ਼ੁਰ ਨਹੀਂ।**

### ਗੁਲਾਮੀ ਤੋਂ ਛੁਡਾਏ ਗਏ

ਪੁਰਾਣੇ ਨਿਯਮ ਵਿੱਚ ਸ਼ੁਰੂ ਤੋਂ ਅਖੀਰ ਤੱਕ ਇੱਕ ਵਿਅਕਤੀ ਜੋ ਆਰਥਿਕ ਪਰੇਸ਼ਾਨੀ ਕਰਕੇ ਆਪਣੇ ਆਪ ਨੂੰ ਜਾਂ ਉਸਦੇ ਪਰਿਵਾਰ ਨੂੰ ਗੁਲਾਮੀ ਲਈ ਵੇਚ ਸਕਦਾ ਸੀ। ਇਹ ਇੱਕ ਵਿਅਕਤੀ ਜਾਂ ਹੋਰ ਵਿਅਕਤੀ ਆਪਣੇ ਪੁਰਸ ਰਿਸਤੇਦਾਰ ਰਾਹੀਂ ਜਾਂ ਆਪਣੇ ਆਪ ਜੇ ਜਿਆਦਾ ਪੈਸੇ ਦੇ ਕੇ ਮੁਕਤ ਹੋ ਸਕਦਾ ਸੀ। ਕਈ ਵਾਰੀ ਉਹ ਕਈ ਸਾਲ ਜੋ ਸੇਵਾ ਕੀਤੀ ਉਸ ਕਰਕੇ ਮੁਕਤ ਕੀਤੇ ਜਾਂਦੇ ਜਾਂ ਕੋਈ ਅਸਧਾਰਨ ਸਾਹਸੀ ਕੰਮ ਜੋ ਉਨ੍ਹਾਂ ਦੁਆਰਾ ਪੇਸ਼ ਕਰਨ ਕਰਕੇ ਹੁੰਦੇ ਸਨ।

ਧਰਮ ਸ਼ਾਸਤਰ ਦੇ ਮਤ ਅਨੁਸਾਰ ਨਵਾਂ ਜਨਮ ਨਾ ਪਾਈ ਹੋਈ ਮਨੁੱਖ ਜਾਤੀ, ਪਾਪ ਤੇ ਸ਼ੈਤਾਨ ਦੀ ਮਾਯੂਸ ਗੁਲਾਮ ਦੀ ਤਰ੍ਹਾਂ ਆਪਣੇ ਮਾਲਕ ਅਧੀਨ ਹਨ।

### ਉਸਦੇ ਲਹੂ ਰਾਹੀਂ

ਮਨੁੱਖ ਜਾਤੀ ਕਿਵੇਂ ਵੀ ਨਾਸਵਾਨ ਚੀਜ਼ਾਂ ਰਾਹੀਂ ਮੁਕਤ ਨਹੀਂ ਕੀਤੀ ਗਈ, ਨਾ ਸੋਨੇ ਜਾਂ ਚਾਂਦੀ ਰਾਹੀਂ, ਨਾ ਕੋਈ ਕੰਮ, ਜੋ ਉਹ ਕਰਦੇ ਹਨ। ਉਨ੍ਹਾਂ ਦੇ ਛੁਟਕਾਰੇ ਦਾ ਮੁੱਲ ਪਰਮੇਸ਼ੁਰ ਦੇ ਅਨਾਦੀ ਪੁੱਤ੍ਰ ਦਾ ਲਹੂ ਸੀ ਜੋ ਬਣ ਗਿਆ। ਇਹ ਬੇਸ਼ਕੀਮਤੀ ਲਹੂ ਸੀ, ਉਹ ਲਹੂ ਜੋ ਬਹੁਤ ਸ਼ਕਤੀਸ਼ਾਲੀ ਅਤੇ ਸਾਰੀ ਮਨੁੱਖ ਜਾਤੀ ਦੇ ਪਾਪਾਂ ਨੂੰ ਸ਼ੁੱਧ ਕਰਨ ਲਈ ਕਾਫੀ ਸੀ।

**1 ਪਤਰਸ 1:18, 19 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ। ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ।**

### ਮੁਕਤ ਕੀਤੇ ਗਏ

ਇਸ ਯੂਨਾਨੀ ਸ਼ਬਦ "ਮੁਕਤ ਕੀਤੇ ਜਾਣਾ" ਦਾ ਅਨੁਵਾਦ "ਮੁਕਤ ਕਰਨ ਦੀ ਕ੍ਰਿਆ" ਜਾਂ "ਮੁੱਲ ਲੈ ਕੇ ਮੁਕਤ ਕਰਨਾ" ਤੇ ਜ਼ੋਰ ਦਿੱਤਾ ਗਿਆ ਹੈ। ਅਸੀਂ ਜੋ ਉਸਦੀ ਸਰਿਸ਼ਟ ਦੀ ਕ੍ਰਿਆ ਰਾਹੀਂ, ਹੁਣ ਛੁਡਾਉਣ ਵਾਲੇ ਨਾਲ, ਮੁੱਲ ਰਾਹੀਂ ਸੰਬੰਧਤ ਹਾਂ।

### ਪਾਤਸ਼ਾਹੀ ਅਤੇ ਜਾਜਕ ਹੋਣਾ

ਅਗੈਰਾਜੋ ਜੋ ਮੂਲ ਸ਼ਬਦ ਤੋਂ ਅਨੁਵਾਦ "ਛੁਡਾਏ ਗਏ" ਦਾ ਹੇਠਾਂ ਆਇਤਾਂ ਵਿੱਚ ਭਾਵ ਹੈ "ਕਿ ਬਾਜਾਰ ਵਿੱਚ ਜਾ ਕੇ ਮੁੱਲ ਲੈਣਾ"। ਯਿਸੂ ਨੇ ਸਾਨੂੰ ਗੁਲਾਮੀ ਤੋਂ ਖਰੀਦ ਕੇ ਉਸ ਵਿੱਚ ਪਾਤਸ਼ਾਹ ਅਤੇ ਜਾਜਕ ਬਣਾਇਆ।

**ਪਰਕਾਸ਼ ਦੀ ਪੋਥੀ - 5:9-10 ਅਤੇ ਓਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ - "ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ, ਕਿਉਂਕਿ ਤੂੰ ਕੋਹਿਆ ਗਿਆ ਸੈਂ, ਅਤੇ ਤੈਂ ਆਪਣੇ ਲਹੂ ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ, ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ।**

### ਸਾਰੇ ਅਨੰਦਕਾਲ ਲਈ

ਐਕਸਾਗੋਰਾਜੋ ਦਾ ਸੰਯੁਕਤ ਸ਼ਬਦ "ਛੁਡਾਏ ਜਾਣ ਦਾ" ਦਾ ਗਲਾਤੀਆਂ 3:13 ਵਿੱਚ ਅਨੁਵਾਦ ਕੀਤਾ ਗਿਆ ਹੈ ਜਿਸ ਤੋਂ ਭਾਵ "ਕਿ ਕਿਸੇ ਤੋਂ ਮੁੱਲ ਲੈਣਾ ਤਾਂ ਜੋ ਫੇਰ ਕਦੇ ਵੀ ਵਾਪਸ ਨਾ ਕੀਤਾ ਜਾ ਸਕੇ"।

**ਗਲਾਤੀਆਂ 3:13 ਓ ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਛੁਡਾਇਆ ...।**

ਸਾਡੇ ਬਦਲੇ ਮਸੀਹ ਦੇ ਛੁਟਕਾਰੇ ਦੇ ਕੰਮ ਰਾਹੀਂ, ਅਸੀਂ ਪਾਪ ਦੀ ਗੁਲਾਮੀ ਤੋਂ ਖਰੀਦੇ ਗਏ ਹਾਂ, ਇਸ ਲਈ ਪੂਰੀ ਤਰ੍ਹਾਂ ਅਤੇ ਪ੍ਰਭਾਵਸ਼ਾਲੀ ਤੌਰ ਤੇ ਅਸੀਂ ਫੇਰ ਦੁਬਾਰਾ ਗੁਲਾਮੀ ਦੇ ਬਾਜਾਰ ਵਿੱਚ ਵਾਪਸ ਨਾ ਜਾਣ ਦਾ, ਆਤਮ ਵਿਸ਼ਵਾਸ ਕਰ ਸਕਦੇ ਹਾਂ।

ਇਹ ਖਾਸ ਕਰਕੇ ਉਨ੍ਹਾਂ ਲਈ ਅਰਥਪੂਰਨ ਸੀ ਜੋ ਰੋਮ ਦੇ ਦਿਨਾਂ ਵਿੱਚ ਬਾਰ-ਬਾਰ ਆਪਣੇ ਗੁਲਾਮ ਮਾਲਕਾਂ ਰਾਹੀਂ, ਨਿਲਾਮੀ ਵਿਭਾਗ ਵਿੱਚ ਵੇਚੇ ਜਾਂਦੇ ਸਨ।

## ਯਿਸੂ-ਸਾਡੀ ਪਹਿਚਾਣ

### ਉਸ ਨਾਲ ਇੱਕ

ਜਿਸ ਪਲ ਅਸੀਂ ਆਪਣੀ ਨਿਹਚਾ ਯਿਸੂ ਉੱਤੇ ਆਪਣੀ ਮੁਕਤੀਦਾਤਾ ਕਰਕੇ ਰੱਖੀ, ਤਾਂ ਚਮਤਕਾਰ ਹੋ ਗਿਆ। ਪਵਿੱਤਰ ਆਤਮਾ ਪਰਮੇਸ਼ੁਰ ਨੇ ਸਾਨੂੰ ਉਸ ਨਾਲ ਇੱਕ ਕਰ ਦਿੱਤਾ ਅਸੀਂ ਉਸਦੇ ਬਦਨ ਬਣ ਗਏ।

**1 ਕੁਰਿੰਥੀਆਂ 12:13, 17 ਕਿਉਂ ਜੋ ਅਸੀਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨੀ, ਕੀ ਗੁਲਾਮ, ਕੀ ਆਜ਼ਾਦ, ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇੱਕ ਆਤਮਾ ਪਿਆਇਆ ਗਿਆ। ਜੇ ਸਾਰਾ ਸਰੀਰ ਅੱਖ ਹੀ ਹੁੰਦਾ ਤਾਂ ਸੁਣਨਾ ਕਿੱਥੇ ਹੁੰਦਾ? ਜੇ ਸਾਰਾ ਸੁਣਨਾ ਹੀ ਹੁੰਦਾ ਤਾਂ ਸੁੰਘਣਾ ਕਿੱਥੇ ਹੁੰਦਾ"?**

ਯਿਸੂ ਦੇ ਨਿਸਤਾਰੇ ਦੇ ਕੰਮ ਦਾ ਸਿਰਫ਼ ਇਹੋ ਹੀ ਮਕਸਦ ਨਹੀਂ ਸੀ ਕਿ ਕਿਸੇ ਦਿਨ ਅਸੀਂ ਉਸ ਨਾਲ ਸੁਰਗ ਵਿੱਚ ਹੁੰਦੇ। ਪਤਰਸ ਨੇ ਲਿਖਿਆ ਕਿ ਯਿਸੂ ਨੇ ਇੱਕ ਰਸਤੇ ਦਾ ਪ੍ਰਬੰਧ ਕੀਤਾ ਤਾਂ ਜੋ ਅਸੀਂ ਧਾਰਮਿਕਤਾ ਲਈ ਜੀ ਸਕੀਏ।

**1 ਪਤਰਸ 2:22, 24 ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ... ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ।**

**ਸਾਡੇ ਲਈ ਪਾਪ ਬਣਿਆ**

ਸਾਡੇ ਬਦਲੇ ਯਿਸੂ ਦਾ ਨਿਸਤਾਰੇ ਦਾ ਕੰਮ, ਜੋ ਉਹ ਸਾਡੇ ਲਈ ਪਾਪ "ਬਣਿਆ"। ਉਹ ਨੇ ਜਾਣ ਬੁਝ ਕੇ ਸਾਡੇ ਪਾਪਾਂ ਨੂੰ ਆਪਣੇ ਸਰੀਰ ਅਤੇ ਸਲੀਬ ਉੱਤੇ ਚੁੱਕ ਲਿਆ।

**2 ਕੁਰਿੰਥੀਆਂ 5:21 "ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।"**

**ਸਾਡੇ ਲਈ ਸਰਾਪ ਬਣਿਆ**

ਯਿਸੂ ਨੇ ਆਪਣੇ ਉੱਪਰ ਸਰਾਪ ਚੁੱਕ ਲਏ ਜੋ ਮਨੁੱਖ ਜਾਤੀ ਉੱਤੇ ਪਾਪ ਕਾਰਨ ਆਉਣੇ ਸੀ।

**ਗਲਾਤੀਆਂ 3:13 "ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ "ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ।"**

**ਸਾਡੇ ਪਾਪਾਂ ਨੂੰ ਚੁੱਕ ਕੇ ਦੂਰ ਕੀਤਾ**

ਸਲੀਬ ਉੱਤੇ, ਯਿਸੂ, "ਪਰਮੇਸ਼ੁਰ ਦਾ ਲੇਲਾ ਬਣਿਆ ਜਿਸ ਨੇ ਜਗਤ ਦੇ ਪਾਪਾਂ ਨੂੰ ਚੁੱਕ ਲਿਆ। ਧਰਤੀ ਦੀ ਡੂੰਘਾਈ ਤੀਕਰ ਉਹਨੇ ਸਾਡੇ ਸਾਰੇ ਪਾਪਾਂ ਨੂੰ ਦੂਰ ਕੀਤਾ ਜਿਹਨੂੰ ਪਰਮੇਸ਼ੁਰ ਹੁਣ ਅਤੇ ਹਮੇਸ਼ਾ ਲਈ ਯਾਦ ਨਹੀਂ ਕਰਦਾ।

**ਯੂਹੰਨਾ 1:29 ਦੂਜੇ ਦਿਨ ਯਿਸੂ ਨੂੰ ਆਪਣੀ ਵੱਲ ਆਉਂਦਾ ਵੇਖ ਕੇ ਉਸਨੇ ਆਖਿਆ, ਵੇਖੋ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ।**

**ਜ਼ਬੂਰਾਂ ਦੀ ਪੋਥੀ 88:3, 6, 7, ਮੇਰੀ ਜਾਨ ਤਾਂ ਬੁਰਿਆਈਆਂ ਨਾਲ ਭਰੀ ਹੋਈ ਹੈ, ਅਤੇ ਮੇਰਾ ਜੀਵਨ ਪਤਾਲ ਦੇ ਨੇੜੇ ਢੁੱਕਦਾ ਜਾਂਦਾ ਹੈ। ਤੈਂ ਮੈਨੂੰ ਅੱਤ ਡੂੰਘੀ ਗੋਰ, ਅਤੇ ਅਨ੍ਹੇਰਿਆਂ ਤੇ ਗਹਿਰੀਆਂ ਥਾਵਾਂ ਵਿੱਚ ਰੱਖਿਆ ਹੈ। ਤੇਰਾ ਕਹਿਰ ਮੇਰੇ ਉੱਤੇ ਡਾਢਾ ਭਾਰੀ ਪਿਆ ਹੋਇਆ ਹੈ, ਅਤੇ ਆਪਣੀਆਂ ਸਾਰੀਆਂ ਮੌਜਾਂ ਨਾਲ ਤੈਂ ਮੈਨੂੰ ਦੁਖ ਦਿੱਤਾ ਹੈ।"**

ਉਸਦੀ ਮੌਤ ਵਿੱਚ ਅਸੀਂ ਉਸ ਨਾਲ ਇੱਕ ਹੋ ਗਏ ਹਾਂ।

**ਰੋਮੀਆਂ 6:6 – ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ"।**

**ਜਿਵਾਲਿਆ ਗਿਆ**

ਧਰਤੀ ਦੀ ਗਹਿਰਾਈ ਤੋਂ ਸਾਨੂੰ ਪਾਪਾਂ ਤੋਂ ਛੁਡਾਉਣ ਤੋਂ ਬਾਅਦ ਉਹ ਮੌਤ, ਨਰਕ ਅਤੇ ਕਬਰ ਤੇ ਫਤਹਿ ਪਾ ਕੇ ਜਿੰਦਾ ਹੋਇਆ। ਉਹ ਮੁਰਦਿਆਂ ਵਿੱਚੋਂ ਜੇਠਾ ਬਣਿਆ।

ਕੁਲੁੱਸੀਆਂ 1:18 ਅਤੇ ਉਹ ਦੇਹੀ ਦਾ ਅਰਥਾਤ ਕਲੀਸਿਯਾ ਦਾ ਸਿਰ ਹੈ, ਉਹੋ ਆਦ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿੱਚ ਪਰਧਾਨ ਹੋਵੇ।

ਉਹ ਆਤਮਾ ਰਾਹੀਂ ਜਿਵਾਲਿਆ ਗਿਆ

**1 ਪਤਰਸ 3:18 ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ। ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ।**

ਜਦੋਂ ਯਿਸੂ ਜਿਵਾਲਿਆ ਗਿਆ, ਉਸ ਨਾਲ ਅਸੀਂ ਵੀ ਜਿਵਾਲੇ ਗਏ।

**ਅਫ਼ਸੀਆਂ 2:5, 6 ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)। ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ।**

ਜਦੋਂ ਯਿਸੂ ਜਿਵਾਲਿਆ ਗਿਆ ਤਾਂ ਉਸ ਵਿੱਚ ਮੁੜ ਪੂਰਾ ਜੀਵਨ ਤੇ ਪਿਤਾ ਦਾ ਸੁਭਾਅ ਵਾਪਸ ਆ ਗਿਆ। ਇੱਕ ਵਾਰੀ ਫਿਰ ਉਹ ਧਰਮੀ ਬਣਿਆ

**ਰੋਮੀਆਂ 3:26 ਹਾਂ, ਇਸ ਵਰਤਮਾਨ ਸਮੇਂ ਵਿੱਚ ਭੀ ਆਪਣੇ ਧਰਮ ਨੂੰ ਪਰਗਟ ਕਰੇ ਤਾਂ ਜੋ ਉਹ ਆਪ ਧਰਮੀ ਰਹੇ ਅਤੇ ਨਾਲੇ ਉਹ ਨੂੰ ਧਰਮੀ ਠਹਿਰਾਵੇ ਜਿਹੜਾ ਯਿਸੂ ਉੱਤੇ ਨਿਹਚਾ ਕਰੇ।**

**ਸਾਡਾ ਧਰਮ ਬਣਿਆ**

ਮੁਕਤੀ ਦੇ ਪਲ, ਅਸੀਂ, ਯਿਸੂ ਦੀ ਧਾਰਮਿਕਤਾ ਦਿੱਤੇ ਗਏ ਹਾਂ। ਅਸੀਂ ਧਰਮੀ ਬਣ ਗਏ ਜਿਵੇਂ ਯਿਸੂ ਧਰਮੀ ਹੈ।

ਪੌਲੁਸ ਨੇ ਲਿਖਿਆ –

**2 ਕੁਰਿੰਥੀਆਂ 5:21 ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।**

ਹੁਣ ਸਾਨੂੰ ਧਰਮੀ ਬਣਿਆ ਨੂੰ ਧਾਰਮਿਕਤਾ ਲਈ ਜੀਉਣਾ ਹੈ"।

ਪਤਰਸ ਨੇ ਲਿਖਿਆ,

**1 ਪਤਰਸ 2:24 ਓ ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ...।**

ਮਸੀਹ ਯਿਸੂ ਵਿੱਚ ਨਵੀਂ ਸਰਿਸ਼ਟ ਹੁੰਦੇ ਹੋਏ, ਹੁਣ ਤੋਂ ਅਸੀਂ ਪਾਪੀ ਨਹੀਂ। ਅਸੀਂ ਧਰਮੀ ਬਣਾਏ ਗਏ ਹਾਂ

**2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਉਹ ਨਵੀਆਂ ਹੋ ਗਈਆਂ ਹਨ।**

ਹੁਣ ਤੋਂ ਸਾਨੂੰ ਅਪਰਾਧ ਅਤੇ ਸਜ਼ਾ ਹੇਠ ਰਹਿਣ ਦੀ ਲੋੜ ਨਹੀਂ। ਅਸੀਂ ਧਰਮੀ ਬਣਾਏ ਗਏ ਹਾਂ। ਹੁਣ ਤੋਂ ਸਾਨੂੰ ਪਾਪ ਦੇ ਜਾਣਕਾਰ ਨਹੀਂ ਹੋਣਾ ਚਾਹੀਦਾ। ਸਾਨੂੰ ਧਰਮ ਦੇ ਜਾਣੂ ਹੋਣਾ ਚਾਹੀਦਾ ਹੈ।

ਹੁਣ ਤੋਂ ਸ਼ੈਤਾਨ ਨੂੰ, ਸਾਨੂੰ ਥੱਲੇ ਸੁੱਟਣ ਅਤੇ ਹਰਾਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ।

ਅਸੀਂ ਜਾਣਦੇ ਹਾਂ ਕਿ "ਯਿਸੂ ਮਸੀਹ ਵਿੱਚ ਅਸੀਂ ਪਰਮੇਸ਼ੁਰ ਦੀ ਧਾਰਮਿਕਤਾ ਹਾਂ" ਅਸੀਂ ਅਪਰਾਧ ਤੇ ਸਜ਼ਾ ਤੋਂ ਮੁਕਤ ਹਾਂ

**ਰੋਮੀਆਂ 8:1 ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ।**

ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।

ਮਸੀਹ ਯਿਸੂ ਵਿੱਚ ਅਸੀਂ ਨਵੀਂ ਸਰਿਸ਼ਟ ਹਾਂ। ਆਤਮਾਵਾਂ ਧਰਮੀ ਹੈ ਜਿਵੇਂ ਪਰਮੇਸ਼ੁਰ ਧਰਮੀ ਹੈ। ਰੋਜ਼ਾਨਾ ਦੇ ਆਧਾਰ ਤੇ, ਸਾਡੀਆਂ ਜਾਨਾਂ ਅਤੇ ਸਾਡੇ ਸਰੀਰ ਉਸ ਦੇ ਪੁੱਤਰ ਦੇ ਸਰੂਪ ਤੇ ਬਣਦੇ ਜਾਂਦੇ ਹਨ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਯੂਹੰਨਾ 5:24-27 ਦੇ ਅਨੁਸਾਰ, ਕਿਸ ਇਖ਼ਤਿਆਰ ਰਾਹੀਂ ਯਿਸੂ ਨੇ ਸੇਵਕਾਈ ਕੀਤੀ ਜਦੋਂ ਉਹ ਧਰਤੀ ਉੱਤੇ ਸੀ?
2. ਸਾਡਾ ਪ੍ਰਤੀਨਿਧੀ ਨਿਸਤਾਰੇ ਦੇ ਤੌਰ ਤੇ, ਯਿਸੂ ਦੇ ਕੰਮ ਦਾ ਵਰਣਨ ਕਰੋ?
3. ਮਸੀਹ ਵਿੱਚ "ਪਰਮੇਸ਼ੁਰ ਦਾ ਧਰਮ (ਧਾਰਮਿਕਤਾ)" ਬਣਨਾ ਸਾਡੇ ਲਈ ਕਿਵੇਂ ਸੰਭਵ ਹੈ।

ਅਧਿਆਏ ਚਾਰ

# ਨਵੀਂ ਸਰਿਸ਼ਟ ਦਾ ਸਰੂਪ

## ਮਸੀਹ ਵਿੱਚ

ਪੌਲੁਸ ਰਸੂਲ ਦੇ ਅਨੁਸਾਰ ਜਦੋਂ ਅਸੀਂ ਯਿਸੂ ਨੂੰ ਆਪਣਾ ਮੁਕਤੀਦਾਤਾ ਮੰਨਦੇ ਹਾਂ ਅਸੀਂ ਮਸੀਹ ਵਿੱਚ ਹਾਂ। ਅਸੀ ਨਵੀਂ ਸਰਿਸ਼ਟ ਹਾਂ। ਸਾਰੀਆਂ ਵਸਤਾਂ ਸਾਡੇ ਜੀਵਨਾਂ ਵਿੱਚ ਨਵੀਆਂ ਬਣ ਗਈਆਂ ਹਨ।

**2 ਕੁਰਿੰਥੀਆਂ 5:17 "ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ"।**

ਜਿਸ ਪਲ ਅਸੀਂ ਯਿਸੂ ਨੂੰ ਆਪਣਾ ਮੁਕਤੀਦਾਤਾ ਮੰਨਦੇ ਹਾਂ, ਪਵਿੱਤਰ ਆਤਮਾ ਸਾਨੂੰ ਮਸੀਹ ਨਾਲ ਜੋੜਦਾ ਹੈ। ਅਨੰਤਕਾਲ ਲਈ ਅਸੀਂ ਉਸ ਵਿੱਚ ਇੱਕ ਬਣ ਜਾਂਦੇ ਹਾਂ।

### ਪੁਰਾਣੀਆਂ ਗੱਲਾਂ ਬੀਤ ਗਈਆਂ

ਜਦੋਂ ਅਸੀਂ "ਮਸੀਹ ਵਿੱਚ" ਯੋਗ ਬਣ ਜਾਂਦੇ ਹਾਂ, ਪੁਰਾਣੀਆਂ ਗੱਲਾਂ ਬੀਤ ਗਈਆਂ ਹਨ। ਉਸ ਤੋਂ ਭਾਵ ਸਾਡਾ ਹਿੱਸਾ ਜੋ ਪਹਿਲਾਂ ਜੀਵਿਤ ਸੀ, ਹੁਣ ਤੋਂ ਜੀਵਿਤ (ਮੌਜੂਦ) ਨਹੀਂ ਹੈ। 'ਪੁਰਾਣੀਆਂ ਗੱਲਾਂ' ਬੋਲਣ ਵਾਲੇ ਉਹ ਹਿੱਸੇ ਮਰ ਗਏ ਹਨ। ਉਸੇ ਸਮੇਂ ਪੁਨਰ ਜਨਮ ਹੁੰਦਾ ਹੈ,-ਨਵਾਂ ਆਤਮਿਕ ਵਿਅਕਤੀ ਦਾ ਜਨਮ ਹੋਇਆ ਹੈ।

### ਸਾਰੀਆਂ ਨਵੀਆਂ ਹੋ ਗਈਆਂ ਹਨ

ਨਵਾਂ ਵਿਸ਼ਵਾਸੀ ਹੁਣ ਤੋਂ ਉਹ ਵਿਅਕਤੀ ਨਹੀਂ ਰਹੇਗਾ। ਉਹ ਆਦਮੀ ਹੁਣ ਤੋਂ ਜੀਵਿਤ ਨਹੀਂ ਹੈ। ਉਹ ਵਿਅਕਤੀ ਖ਼ਤਮ ਹੋ ਗਿਆ ਹੈ। ਸਾਰੀਆਂ ਵਸਤਾਂ ਨਵੀਆਂ ਹੋ ਗਈਆਂ ਹਨ।

ਇਹ ਕਿੰਨਾ ਹੈਰਾਨੀਜਨਕ ਹੈ ਕਿ ਜਦੋਂ ਅਸੀਂ ਨਵੀਂ ਜਨਮੀ ਬੱਚੀ ਨੂੰ ਦਿਖਾਉਂਦੇ ਹਾਂ, ਕਿਸੇ ਨੇ ਪੁੱਛਿਆ, “ਪਰੰਤੂ ਇਸ ਬੱਚੇ ਦੇ ਭੂਤਕਾਲ ਬਾਰੇ ਕੀ ਹੈ?”

ਤੁਸੀਂ ਉੱਤਰ ਦੇਵੋਗੇ “ਇਹ ਬੱਚਾ ਹੁਣੇ ਜਨਮਿਆ ਹੈ, ਉਸਦਾ ਭੂਤਕਾਲ ਨਹੀਂ ਹੈ!”

ਇਸ ਹੀ ਤਰ੍ਹਾਂ ਸਾਡੇ ਨਵੇਂ ਜਨਮ ਲੈਣ ਤੋਂ ਪਹਿਲਾਂ ਸ਼ੈਤਾਨ ਆ ਕੇ ਸਾਨੂੰ ਸਾਡੇ ਬੀਤੇ ਪਾਪ ਤੇ ਅਸਫ਼ਲਤਾ ਨੂੰ ਯਾਦ ਕਰਵਾਉਂਦਾ ਹੈ। ਉਹ ਪੁਰਾਣੇ ਜੀਵਨ ਦਾ ਹਿੱਸਾ ਬੀਤ ਗਿਆ ਹੈ। ਇਹ ਹੁਣ ਤੋਂ ਜੀਵਿਤ ਨਹੀਂ ਹੈ। ਨਵੀਂ ਸਰਿਸ਼ਟ ਹੁੰਦੇ ਹੋਏ, ਸਾਡਾ ਕੋਈ ਭੂਤਕਾਲ ਨਹੀਂ ਜਿਸ ਕਾਰਨ ਸ਼ੈਤਾਨ ਉਸ ਵਿਰੁੱਧ ਦੋਸ਼ ਲਾਵੇ। ਪੌਲੁਸ ਨੇ ਲਿਖਿਆ, "ਪੁਰਾਣੀਆਂ ਗੱਲਾਂ ਬੀਤ ਗਈਆਂ ਦੇਖੋ ਸਭ ਨਵੀਆਂ ਹੋ ਗਈਆਂ ਹਨ।"

**ਨਵੇਂ ਸਿਰੇ ਜੰਮਣਾ**

ਜਦੋਂ ਯਿਸੂ ਨੇ ਨਿਕੁਦੇਮੁਸ ਨਾਲ ਗੱਲ ਕੀਤੀ, ਉਹਨੇ ਕਿਹਾ ਤੈਨੂੰ ਨਵੇਂ ਸਿਰੇ ਜੰਮਣਾ ਜ਼ਰੂਰੀ ਹੈ।

**ਯੂਹੰਨਾ 3:7 "ਅਚਰਜ ਨਾ ਮੰਨੀ ਜੋ ਮੈਂ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਜੰਮਣਾ ਜਰੂਰ ਹੈ"।**

ਸਭ ਤੋਂ ਪਹਿਲਾਂ, ਨਿਕੁਦੇਮੁਸ ਨੇ ਸੋਚਿਆ ਕਿ ਯਿਸੂ ਉਸ ਦੇ ਸਰੀਰ ਨੂੰ ਫਿਰ ਤੋਂ ਨਵੇਂ ਸਿਰੇ ਜਨਮ ਲੈਣ ਦੀ ਜ਼ਰੂਰਤ ਬਾਰੇ ਗੱਲਬਾਤ ਕਰ ਰਿਹਾ ਹੈ। ਤਾਂ ਫਿਰ, ਯਿਸੂ ਨੇ ਮਨੁੱਖਤਾ ਦੇ ਉਸ ਹਿੱਸੇ ਬਾਰੇ ਸਪੱਸ਼ਟ ਕੀਤਾ ਜਿਸਨੂੰ ਨਵੇਂ ਸਿਰੇ ਜਨਮ ਲੈਣ ਦਾ ਤਜ਼ਰਬਾ ਹੋਵੇ ਉਹ ਸਰੀਰ ਜਾਂ ਜਾਨ ਨਹੀਂ ਸੀ। ਇਹ ਮਨੁੱਖ ਦੀ ਆਤਮਾ ਸੀ।

**ਯੂਹੰਨਾ 3:5–6 ਯਿਸੂ ਨੇ ਉੱਤਰ ਦਿੱਤਾ, "ਮੈਂ ਤੈਨੂੰ ਸੱਚ-ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸਕਦਾ। ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ।"**

**ਨਵਾਂ ਆਤਮਾ**

ਮੁਕਤੀ ਦੇ ਪਲ, ਸਾਡੀ ਨਵੀਂ ਸਰਿਸ਼ਟ ਆਤਮਾ ਸੰਪੂਰਨ ਹੈ। ਇਹ ਕਦੇ ਵੀ ਉਸ ਪਲ ਨਾਲੋਂ ਹੋਰ ਜ਼ਿਆਦਾ ਸੰਪੂਰਨ ਜਾਂ ਧਰਮੀ ਨਹੀਂ ਹੋ ਬਣੇਗੀ।

ਆਤਮਾ ਜੋ ਕਿ ਸਾਡਾ ਹਿੱਸਾ ਹੈ ਉਹ ਹਮੇਸ਼ਾ ਲਈ ਜੀਉਂਦਾ ਰਹੇਗਾ। ਇਹ ਉਹ ਹਿੱਸਾ ਹੈ ਜੋ ਪਰਮੇਸ਼ੁਰ ਦੀ ਮੌਜੂਦਗੀ ਪ੍ਰਤੀ ਜਾਣੂ ਰਹਿੰਦਾ ਹੈ। ਵਿਸ਼ਵਾਸੀ ਦਾ ਆਤਮਾ ਉਹ ਹਿੱਸਾ ਹੈ ਜੋ ਪਰਮੇਸ਼ੁਰ ਨਾਲ ਸੰਗਤੀ ਕਰ ਸਕਦਾ ਹੈ, ਕਿਉਂਕਿ ਇਹ ਇਸ ਤਰ੍ਹਾਂ ਧਰਮੀ ਹੈ ਜਿਵੇਂ ਕਿ ਪਰਮੇਸ਼ੁਰ ਧਰਮੀ ਹੈ।

"ਪੱਥਰ ਦਿਲ" ਜਾਂਦਾ ਰਿਹਾ। ਪ੍ਰਭੂ ਨੇ ਸਾਨੂੰ "ਮਾਸ ਦਾ ਦਿਲ ਦਿੱਤਾ ਹੈ।" ਉਸਨੇ ਸਾਨੂੰ ਉਹ ਮਨ ਦਿੱਤਾ ਹੈ ਜੋ ਦਿਆਲੂ, ਨਰਮ ਤੇ ਪਿਆਰ ਕਰਨ ਵਾਲਾ ਹੈ। ਉਸਨੇ ਸਾਨੂੰ ਉਹ ਮਨ ਦਿੱਤਾ ਹੈ ਜੋ ਧਾਰਮਿਕਤਾ ਵਿੱਚ ਜੀਉਣਾ ਚਾਹੁੰਦਾ ਹੈ।

**ਹਿਜ਼ਕੀਏਲ 11:19 "ਅਤੇ ਮੈਂ ਉਨ੍ਹਾਂ ਨੂੰ ਇੱਕ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਅੰਦਰ ਪਾਵਾਂਗਾ ਅਤੇ ਪੱਥਰ ਦਿਲ ਉਨ੍ਹਾਂ ਦੇ ਸਰੀਰ ਵਿੱਚੋਂ ਕੱਢ ਦਿਆਂਗਾ।"**

ਸਾਡਾ ਆਤਮਾ ਯਿਸੂ ਵਿੱਚ ਸੰਪੂਰਨ ਹੈ। ਸਾਡੀ ਬੁੱਧ ਨੂੰ ਨਵਾਂ ਹੋਣ ਰਾਹੀਂ ਪ੍ਰਭੂ ਸਾਡੇ ਆਤਮਾ ਨੂੰ ਮੁੜ ਮੁਰੰਮਤ ਕਰਨਾ ਚਾਹੁੰਦਾ ਹੈ। ਪ੍ਰਭੂ ਸਾਡੇ ਸਰੀਰ ਨੂੰ ਠੀਕ ਮੁਰੰਮਤ ਕਰਨਾ ਚਾਹੁੰਦਾ ਹੈ। ਪ੍ਰਭੂ ਸਾਡੇ ਸਰੀਰ ਨੂੰ ਠੀਕ ਕਰਕੇ ਸੰਪੂਰਨ ਤੰਦਰੁਸਤੀ ਵਿੱਚ ਲਿਆਉਣਾ ਚਾਹੁੰਦਾ ਹੈ। ਮੁਕਤੀ ਦੇ ਤੁਰੰਤ ਅਸੀਂ ਨਵੀ ਸਰਿਸ਼ਟ ਬਣ ਜਾਂਦੇ ਹਾਂ ਸਰੀਰ (ਹੱਡੀਆਂ ਮਾਸ, ਅਤੇ ਲਹੂ) ਅਤੇ ਜਾਨ (ਬੁੱਧੀ, ਇੱਛਾ ਅਤੇ ਭਾਵਨਾ) ਇਹ ਪੂਰੀ ਤਰ੍ਹਾਂ ਨਹੀਂ ਬਦਲੇ ਪਰ ਆਤਮਾ ਮੁਕਤੀ ਦੇ ਪਲ ਨਵਾਂ ਤੇ ਸੰਪੂਰਨ ਬਣ ਜਾਂਦਾ ਹੈ।

ਪੌਲੁਸ ਫ਼ਿਲਿੱਪੀਆਂ ਨੂੰ ਕੁਝ ਮਹੱਤਵ ਸ਼ਬਦ ਲਿਖਦਾ ਹੈ ਕਿ "ਆਪਣੀ ਮੁਕਤੀ ਦਾ ਕੰਮ ਨਿਬਾਹੋ"।

**ਫ਼ਿਲਿੱਪੀਆਂ 2:12 ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ।**

ਅਸੀਂ ਜਾਣਦੇ ਹਾਂ ਕਿ ਮੁਕਤੀ ਮੁਫ਼ਤ ਹੈ ਅਤੇ ਇਹ ਆਇਤ ਦੂਜਿਆਂ ਨਾਲ ਵਿਚਾਰਕ ਭਿੰਨਤਾ ਵਾਲੀ ਦਿਖਾਈ ਦਿੰਦੀ ਹੈ ਜਦੋਂ ਤੱਕ ਅਸੀਂ ਸਮਝ ਨਹੀਂ ਲੈਂਦੇ ਕਿ ਮੁਕਤੀ ਦੇ ਪਲ, ਸਾਡਾ ਆਤਮਾ ਮਸੀਹ ਵਿੱਚ ਸੰਪੂਰਨ ਬਣ ਜਾਂਦਾ ਹੈ। ਉਸ ਸਮੇਂ ਤੋਂ, ਸਾਡਾ ਆਤਮਾ, ਪਵਿੱਤਰ ਆਤਮਾ ਨਾਲ ਮਿਲ ਕੇ ਮਸੀਹ ਦੇ ਸਰੂਪ ਤੇ ਸਾਡੇ ਮਨਾਂ ਤੇ ਸਰੀਰ ਨੂੰ ਸਮਰੂਪ ਕਰਨ ਲਈ ਕੰਮ ਕਰਦਾ ਰਹਿੰਦਾ ਹੈ। ਉਹ ਹਰ ਰੋਜ ਬਦਲਦੇ ਰਹਿੰਦੇ ਹਨ। ਸਾਡੇ ਮਨ ਅਤੇ ਸਾਡੇ ਸਰੀਰਾਂ ਰਾਹੀਂ ਸਾਡੀ ਮੁਕਤੀ ਦਾ ਕੰਮ ਕਰਦੀ ਰਹਿੰਦੀ ਹੈ।

ਪੌਲੁਸ ਲਗਾਤਾਰ,

**ਫ਼ਿਲਿੱਪੀਆਂ 2:13 ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**

### ਜਾਨ–ਆਰਥਿਕਤਾ–ਤੰਦਰੁਸਤੀ

ਇਹ ਬਹੁਤ ਵਿਸ਼ੇਸ਼ ਹੈ ਕਿ ਸਾਨੂੰ ਅਸਲ ਵਿੱਚ, ਮਸੀਹ ਵਿੱਚ, ਸਾਡਾ ਆਤਮਿਕ ਵਿਅਕਤੀ ਕੌਣ ਹੈ ਉਸਦਾ ਪ੍ਰਕਾਸ਼ ਹੈ। ਸਾਨੂੰ ਇਹ ਸਮਝਣਾ ਹੈ ਕਿ ਸਾਡਾ ਸਿਰਜਿਆ ਹੋਇਆ ਆਤਮਾ ਪ੍ਰਭੂ ਦੀਆਂ ਨਜ਼ਰਾਂ ਵਿੱਚ ਸੰਪੂਰਨ ਅਤੇ ਪੂਰੀ ਤਰ੍ਹਾਂ ਧਰਮੀ ਹੈ।

ਇਸ ਪ੍ਰਕਾਸ਼ ਨਾਲ ਅਤੇ ਯਿਸੂ ਦੇ ਮੁਕਤੀ ਵਾਂਙੁ ਕੰਮ ਨੂੰ ਸਮਝਣ ਨਾਲ ਜੋ ਸਾਡੇ ਬਦਲੇ ਕੀਤਾ, ਅਸੀਂ ਆਪਣੀਆਂ ਜਾਨਾਂ ਤੇ ਸਰੀਰਾਂ ਵਿੱਚ ਤੰਦਰੁਸਤੀ ਨਾਲ ਚੱਲਣਾ ਸ਼ੁਰੂ ਕਰ ਦੇਵਾਂਗੇ।

ਸਾਡੀਆਂ ਜਾਨਾਂ ਖੁਸ਼ਹਾਲ ਹੋਣਗੀਆਂ ਜਿਵੇਂ ਕਿ ਸਾਡਾ ਮਨ ਪਰਮੇਸ਼ੁਰ ਦੇ ਵਚਨ ਨੂੰ ਪੜਨ, ਸੁਣਨ, ਧਿਆਨ ਲਾਉਣ, ਵਿਸ਼ਵਾਸ ਕਰਨ, ਬੋਲਣ ਅਤੇ ਉਸ ਅਨੁਸਾਰ ਕ੍ਰਿਆ ਕਰਨ ਨਾਲ ਤਾਜਾ ਹੁੰਦਾ ਹੈ।

**ਰੋਮੀਆਂ 12:2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

ਜਿਵੇਂ ਸਾਡੀਆਂ ਜਾਨਾਂ ਬਦਲਦੀਆਂ – ਉਸ ਦੇ ਸਰੂਪ ਤੇ ਸਮਰੂਪ ਹੁੰਦੀ ਹੈ ਅਸੀਂ ਖੁਸ਼ਹਾਲ ਹੋਵਾਂਗੇ ਅਤੇ ਸਾਡੇ ਸਰੀਰ ਤੰਦਰੁਸਤ ਹੋਣਗੇ ਯੂਹੰਨਾ ਇਸ ਬਾਰੇ ਲਿਖਦਾ ਹੈ।

**3 ਯੂਹੰਨਾ 1:2 ਪਿਆਰਿਆ, ਮੈਂ ਇਹ ਪ੍ਰਾਰਥਨਾ ਕਰਦਾ ਹਾਂ ਭਈ ਜਿਵੇਂ ਤੇਰੀ ਜਾਨ ਸੁਖ ਸਾਂਦ ਨਾਲ ਹੈ ਤਿਵੇਂ ਤੂੰ ਸਭਨੀਂ ਗੱਲੀਂ ਸੁਖ ਸਾਂਦ ਨਾਲ ਅਤੇ ਨਰੋਆ ਰਹੇਂ।**

## ਪਰਮੇਸ਼ੁਰ ਦੀ ਧਾਰਮਿਕਤਾ

ਪਰਮੇਸ਼ੁਰ ਕਿੰਨਾ ਧਰਮੀ ਹੈ?

* ਉਹ ਪੂਰੀ ਤਰ੍ਹਾਂ ਆਪਣੀ ਹੋਂਦ ਅਤੇ ਸਾਰੇ ਆਪਣੇ ਰਾਹਾਂ ਵਿੱਚ ਧਾਰਮਿਕਤਾ ਰੱਖਦਾ ਹੈ।
* ਉਸ ਦੀ ਧਾਰਮਿਕਤਾ, ਪਾਪ ਦੀ ਗੈਰਹਾਜ਼ਰੀ ਜਾਂ ਪਰਖ ਨਾ ਕਰਨ ਦੀ ਯੋਗਤਾ ਨਾਲੋਂ ਵਧੇਰੇ ਹੈ।
* ਇਹ ਅਸਲੀ ਅਤੇ ਬੇਹੱਦ ਭਲਾਈ ਕਿ ਉਹ ਪਾਸ ਵੱਲ ਨਹੀਂ ਦੇਖਦਾ ਜਾਂ ਨਾ ਪਾਪ ਨਾਲ ਸਹਿਮਤ ਨਹੀਂ ਹੁੰਦਾ ਹੈ।
* ਪਰਮੇਸ਼ੁਰ ਪਾਪ ਕਰਨ ਦੀ ਯੋਗਤਾ ਤੋਂ ਬਿਨ੍ਹਾਂ ਹੈ।

ਪਰਮੇਸ਼ੁਰ ਆਪਣੀ ਧਾਰਮਿਕਤਾ ਨਾਲ ਆਦਮ, ਹੱਵਾਹ ਅਤੇ ਉਸਦੀ ਅੰਸ਼ ਦੇ ਪਾਪ ਵੱਲ ਨਹੀਂ ਦੇਖਦਾ, ਭਾਵੇਂ ਉਸਦੇ ਪਾਪ ਵਿੱਚ, ਜੋ ਉਹ ਚਾਹੁੰਦਾ ਹੈ।

**ਰੋਮੀਆਂ 3:25-26 ਜਿਹ ਨੂੰ ਪਰਮੇਸ਼ੁਰ ਨੇ ਉਹ ਦੇ ਲਹੂ ਉੱਤੇ ਨਿਹਚਾ ਕਰਨ ਨਾਲ ਪ੍ਰਾਸਚਿੱਤ ਠਹਿਰਾਇਆ ਤਾਂ ਜੋ ਪਰਮੇਸ਼ੁਰ ਆਪਣੇ ਧਰਮ ਨੂੰ ਪਰਗਟ ਕਰੇ ਇਸ ਲਈ ਜੋ ਉਹ ਨੇ ਆਪਣੀ ਖਿਮਾ ਨਾਲ ਪਿੱਛਲੇ ਸਮੇਂ ਦੇ ਕੀਤੇ ਹੋਏ ਪਾਪਾਂ ਤੋਂ ਅੱਖੀਆਂ ਫੇਰ ਲਈਆਂ। ਹਾਂ, ਇਸ ਵਰਤਮਾਨ ਸਮੇਂ ਵਿੱਚ ਭੀ ਆਪਣੇ ਧਰਮ ਨੂੰ ਪਰਗਟ ਕਰੇ ਤਾਂ ਜੋ ਉਹ ਆਪ ਧਰਮੀ ਰਹੇ ਅਤੇ ਨਾਲ ਉਹ ਨੂੰ ਧਰਮੀ ਠਹਿਰਾਵੇ ਜਿਹੜਾ ਯਿਸੂ ਉੱਤੇ ਨਿਹਚਾ ਕਰੇ।**

ਪਰਮੇਸ਼ੁਰ ਦੀ ਧਾਰਮਿਕਤਾ ਨਿਹਚਾ ਰਾਹੀ

**ਰੋਮੀਆਂ 1:17 ਕਿਉਂ ਜੋ ਓਸ ਵਿੱਚ ਪਰਮੇਸ਼ੁਰ ਦਾ ਉਹ ਧਰਮ ਹੈ ਜੋ ਨਿਹਚਾ ਤੋਂ ਨਿਹਚਾ ਲਈ ਪਰਗਟ ਹੁੰਦਾ ਹੈ ਜਿਵੇਂ ਲਿਖਿਆ ਹੋਇਆ ਹੈ ਭਈ ਧਰਮੀ ਨਿਹਚਾ ਤੋਂ ਜੀਉਂਦਾ ਰਹੇਗਾ।**

### ਸਾਡੀ ਧਾਰਮਿਕਤਾ

ਅਸੀਂ ਆਪਣੇ ਕੰਮਾਂ ਰਾਹੀਂ ਧਰਮੀ ਨਹੀਂ ਬਣ ਸਕਦੇ। ਯਸਾਯਾਹ ਨਬੀ ਨੇ ਸਾਡੀ ਧਾਰਮਿਕਤਾ ਦੀ ਸਪੱਸ਼ਟ ਤਸਵੀਰ ਨੂੰ ਚਿੱਤਰਿਆ ਹੈ।

**ਯਸਾਯਾਹ 64:6 ਓ ਅਸੀਂ ਸੱਭੇ ਭਰਿਸ਼ਟੀ ਵਾਂਙੁ ਹੋ ਗਏ, ਅਤੇ ਸਾਡੇ ਸਭ ਧਰਮ ਪਲੀਤ ਕੱਪੜੇ ਵਰਗੇ ਹਨ।**

ਜੋ ਕੁਝ ਵੀ ਅਸੀਂ ਕਰੀਏ ਸਖ਼ਤ ਤੋਂ ਸਖ਼ਤ ਕੋਸ਼ਿਸ਼ ਵੀ, ਅਜੇ ਵੀ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਪਲੀਤ ਕੱਪੜੇ ਦੇਣ ਵਰਗੇ ਹਨ। ਨਵੀਂ ਸਰਿਸ਼ਟ ਬਣਨ ਤੋਂ ਪਹਿਲਾਂ, ਸਾਰੇ ਚੰਗੇ ਕੰਮ ਜੋ ਅਸਾਂ ਕੀਤੇ ਉਹ ਪਲੀਤ ਕੱਪੜੇ ਦੇ ਢੇਰ ਵਿੱਚ ਮਿਲ ਗਏ।

## ਧਾਰਮਿਕਤਾ ਨੂੰ ਸਿਰੋਂ ਮੋੜਨਾ

ਜਦੋਂ ਯਿਸੂ ਸਲੀਬ ਤੇ ਮਰਿਆ, ਉਸਨੇ ਸਾਡੇ ਸਾਰੇ ਪਾਪਾਂ, ਸਾਡੀ ਅਧਾਰਮਿਕਤਾ ਨੂੰ ਆਪਣੇ ਉੱਪਰ ਚੁੱਕ ਲਿਆ। ਉਸਨੇ ਆਪਣੀ ਧਾਰਮਿਕਤਾ ਵਟਾ ਕੇ ਸਾਨੂੰ ਦਿੱਤੀ।

*ਸਾਡੇ ਪਾਪ ਉਹਦੇ ਉੱਤੇ ਲੱਦੇ ਗਏ*

*ਉਸਦੀ ਅਸਲੀ ਧਾਰਮਿਕਤਾ ਸਾਡੇ ਉੱਤੇ ਮੜ੍ਹੀ ਗਈ।*

ਜਿਸ ਪਲ ਅਸੀਂ ਆਪਣੀ ਨਿਹਚਾ ਯਿਸੂ ਮਸੀਹ ਉੱਤੇ ਆਪਣਾ ਮੁਕਤੀਦਾਤਾ ਕਰਦੇ ਰੱਖਦੇ ਹਾਂ, ਸਾਡੀ ਆਤਮਾ "ਪਰਮੇਸ਼ੁਰ ਦੀ ਧਾਰਮਿਕਤਾ" ਵਿੱਚ ਬਣ ਜਾਂਦੀ ਹੈ।

**ਰੋਮੀਆਂ 3:22 ... ਅਰਥਾਤ ਪਰਮੇਸ਼ੁਰ ਦਾ ਉਹ ਧਰਮ ਜੋ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ।**

"ਨਿਹਚਾ" ਸ਼ਬਦ ਤੋਂ ਭਾਵ ਹੈ ਕਿ ਉਸ ਉੱਪਰ ਭਰੋਸਾ, ਦ੍ਰਿੜ ਰਹਿਣਾ ਅਤੇ ਯਿਸੂ ਦੇ ਛੁਟਕਾਰੇ ਦੇ ਕੰਮ ਜੋ ਉਸਨੇ ਸਾਡੇ ਬਦਲੇ ਕੀਤੇ ਉਸ ਉੱਤੇ ਭਰੋਸਾ ਰੱਖਣਾ।

ਪੌਲੁਸ ਤੈਅ ਕਰਦਾ ਹੈ ਕਿ ਜਦੋਂ ਅਸੀਂ ਪੁਨਰ ਜਨਮ ਅਤੇ ਨਵੀਂ ਸਰਿਸ਼ਟ ਬਣ ਗਏ ਹਾਂ ਅਸੀਂ ਯਿਸੂ ਵਿੱਚ ਪਰਮੇਸ਼ੁਰ ਦਾ ਧਰਮ ਬਣ ਜਾਂਦੇ ਹਾਂ।

**2 ਕੁਰਿੰਥੀਆਂ 5:21 ਉਹ ਨੇ ਉਸਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।**

ਜਦੋਂ ਅਸੀਂ ਪਰਮੇਸ਼ੁਰ ਦਾ ਧਰਮ ਬਣ ਜਾਂਦੇ ਹਾਂ ਇਸਦਾ ਭਾਵ ਇਹ ਨਹੀਂ ਕਿ ਸਿਰਫ ਹੁਣ ਤੋਂ ਅਸੀਂ ਪਾਪੀ ਨਹੀਂ ਹਾਂ{ ਇਸਦਾ ਇਹ ਵੀ ਭਾਵ ਨਹੀਂ ਕਿ ਸਿਰਫ਼ ਸਾਡੇ ਸਾਰੇ ਪਾਪ ਮਾਫ ਹੋ ਗਏ-ਇਹ ਅਨੋਖਾ ਹੈ ਜੋ ਉਸ ਤਰ੍ਹਾਂ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਧਰਮ ਬਣ ਜਾਂਦੇ ਹਾਂ ਇਸ ਤੋਂ ਭਾਵ ਹੈ ਕਿ ਸਾਡਾ ਆਤਮਾ ਧਰਮੀ ਹੋ ਜਾਂਦਾ ਹੈ ਜਿਵੇਂ ਖ਼ੁਦ ਪਰਮੇਸ਼ੁਰ ਧਰਮੀ ਹੈ।

*ਅਸੀਂ ਧਰਮੀ ਐਲਾਨ ਕੀਤੇ ਗਏ।*

*ਅਸੀਂ ਪਰਮੇਸ਼ੁਰ ਦੀ ਧਾਰਮਿਕਤਾ ਨੂੰ ਪ੍ਰਾਪਤ ਕੀਤਾ ਹੈ।*

## ਪੁਰਾਣਾ ਕੁਧਰਮੀ ਸਰੂਪ

ਕਿ ਅਸੀਂ ਧਰਮੀ ਹਾਂ ਜਿਵੇਂ ਪਰਮੇਸ਼ੁਰ ਧਰਮੀ ਹੈ ਇਹ ਕਈਆਂ ਲਈ ਮੰਨਣਾ ਔਖਾ ਹੈ।

ਕਈ ਚੰਗੇ ਸਿੱਖੇ ਹੋਏ ਅਧਿਆਪਕਾਂ ਵੱਲੋਂ ਅਸੀਂ ਅਲੱਗ ਤਰ੍ਹਾਂ ਨਾਲ ਸਿਖਾਏ ਗਏ ਹਾਂ।

ਕਈ ਮਸੀਹੀ ਸਾਰੀ ਜ਼ਿੰਦਗੀ ਅਪਰਾਧ ਤੇ ਸਜ਼ਾ ਵਿੱਚ ਜੀਉਂਦੇ ਰਹਿੰਦੇ, ਇਹ ਨਹੀਂ ਜਾਣਦੇ ਕਿ ਉਹ ਮਸੀਹ ਯਿਸੂ ਵਿੱਚ ਕੌਣ ਹਨ।

**ਨਵੀਂ ਸਰਿਸ਼ਟ ਸਰੂਪ**

ਨਿਹਚਾ ਰਾਹੀਂ ਸਾਨੂੰ ਮੰਨਣਾ ਅਤੇ ਵਿਸ਼ਵਾਸ ਕਰਨਾ ਹੈ ਕਿ ਅਸੀਂ ਪਰਮੇਸ਼ੁਰ ਦਾ ਧਰਮ ਹਾਂ ਜਿਵੇਂ-ਜਿਵੇਂ ਅਸੀਂ ਹੋਰ ਜ਼ਿਆਦਾ ਪਰਮੇਸ਼ੁਰ ਦੇ ਜਾਣੇ ਹੁੰਦੇ ਹਾਂ ਅਸੀਂ ਪਾਪ ਦੇ ਜਾਣੂ ਹੋਣ ਬਜਾਏ ਧਰਮ ਦੇ ਜਾਣੂ ਬਣ ਜਾਂਦੇ ਹਾਂ।

*ਹੁਣ ਤੋਂ ਪਾਪੀ ਨਹੀਂ ਰਹੇ*

ਸਾਨੂੰ ਹੁਣ ਤੋਂ ਆਪਣੇ ਬਾਰੇ ਨਹੀਂ ਦੇਖਣਾ ਹੈ ਕਿ ਅਸੀਂ "ਪਾਪੀ ਜੋ ਕ੍ਰਿਪਾ ਕਾਰਨ ਬਚਾਏ ਗਏ।" ਹੁਣ ਤੋਂ ਅਸੀਂ ਪਾਪੀ ਨਹੀਂ ਰਹੇ। ਅਸੀਂ ਨਵੀਂ ਸਰਿਸ਼ਟ ਹਾਂ।

ਕਈ ਮਸੀਹੀ ਆਪਣੇ ਆਪ ਨੂੰ ਪਾਪ ਵਿੱਚ ਹੋਣ ਦਾ ਅਨੁਭਵ ਕਰਦੇ ਹਨ ਕਿਉਂਕਿ ਉਹਨਾਂ ਨੂੰ ਲਗਾਤਾਰ ਕਿਹਾ ਜਾਂਦਾ ਹੈ ਕਿ ਉਹ ਪਾਪੀ ਹਨ।

ਉਹਨਾਂ ਨੇ ਪਾਪ ਬਾਰੇ ਸਿੱਖਿਆ ਤੇ ਸਿੱਖਿਆ ਸੁਣੀ ਹੈ। ਉਨ੍ਹਾਂ ਦੇ ਸੱਚਾ ਲਗਾਤਾਰ ਪਾਪ ਵਿੱਚ ਰਹਿੰਦੀਆਂ ਹਨ। ਉਨ੍ਹਾਂ ਨੇ ਧਾਰਮਿਕਤਾ ਦੇ ਪ੍ਰਕਾਸ਼ ਨੂੰ ਨਹੀਂ ਪਾਇਆ ਇਸ ਕਰਕੇ ਪਾਪ ਉਨ੍ਹਾਂ ਦੇ ਜੀਵਨਾਂ ਵਿੱਚ ਰਾਜ ਕਰਦਾ ਹੈ। ਪਰਮੇਸ਼ੁਰ ਦੇ ਧਾਰਮਿਕਤਾ ਦੇ ਪ੍ਰਕਾਸ਼ ਰਾਹੀਂ ਅਸੀਂ ਧਰਮ ਦੇ ਜਾਣੂ ਬਣਦੇ ਹਾਂ। ਅਸੀਂ ਆਪਣੇ ਆਪ ਨੂੰ ਉਂਝ ਦੇਖਦੇ ਹਾਂ ਜਿਵੇਂ ਪਰਮੇਸ਼ੁਰ ਸਾਨੂੰ ਦੇਖਦਾ ਹੈ। ਅਸੀਂ ਆਪਣੇ ਆਪ ਨੂੰ ਧਰਮੀ ਦੇਖਦੇ ਹਾਂ ਜਿਵੇਂ ਪਰਮੇਸ਼ੁਰ ਧਰਮੀ ਹੈ। ਇਸ ਲਈ ਹੁਣ ਤੋਂ ਪਾਪ ਸਾਡੇ ਸਰੀਰਾਂ ਤੇ ਨਹੀਂ ਰਾਜ ਕਰ ਸਕਦਾ ਅਸੀਂ ਹੁਣ ਤੋਂ ਪਾਪ ਕਰਨ ਦੇ ਆਦੀ ਨਹੀਂ ਹਾਂ।

ਅਸੀਂ ਪਾਪ ਨੂੰ ਦੇਖਦੇ ਹਾਂ ਜਿਵੇਂ ਜਿਵੇਂ ਪਰਮੇਸ਼ਰ ਪਾਪ ਨੂੰ ਦੇਖਦਾ ਹੈ। ਉਸਦੀ ਆਪਣੀ ਖਿੱਚ ਸ਼ਕਤੀ ਨਾਸ ਹੋ ਗਈ ਹੈ ਕਿਉਂਕਿ ਸਾਡੇ ਕੋਲ ਪਰਮੇਸ਼ੁਰ ਦੀ ਧਾਰਮਿਕਤਾ ਦਾ ਪ੍ਰਕਾਸ਼ ਪਾਇਆ ਜਾਂਦਾ ਹੈ।

## ਉਸਦੇ ਸਰੂਪ ਦੇ ਸਮਰੂਪ ਹੋਣਾ

ਜਿਵੇਂ ਅਸੀਂ ਲਗਾਤਾਰ ਮਸੀਹ ਯਿਸੂ ਵਿੱਚ ਨਵੀਂ ਸਰਿਸ਼ਟ ਹੁੰਦੇ ਹੋਏ ਪਰਮੇਸ਼ੁਰ ਦੀ ਧਾਰਮਿਕਤਾ ਦੇ ਪ੍ਰਕਾਸ਼ ਵਿੱਚ ਲਗਾਤਾਰ ਚੱਲਦੇ ਹਾਂ, ਅਸੀਂ ਆਪਣੀ ਬੁੱਧ ਦੇ ਨਵੇਂ ਹੋ ਜਾਣ ਨਾਲ ਬਦਲਦੇ ਜਾਂਦੇ ਹਾਂ। ਇਹ ਇੱਕ ਪ੍ਰਕ੍ਰਿਆ (ਤਰੀਕਾ) ਹੈ। ਅਸੀਂ ਹਰ ਰੋਜ਼ ਉਸਦੇ ਪੁੱਤਰ ਦੇ ਸਰੂਪ ਵਿੱਚ ਸਮਰੂਪ ਹੁੰਦੇ ਹਾਂ।

**ਰੋਮੀਆਂ 8:29 ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸਨੇ ਓਹਨਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ ਭਈ ਉਹ ਬਹੁਤੇ ਭਰਾਵਾਂ ਵਿੱਚ ਜੇਠਾ ਹੋਵੇ।**

**ਪਾਪਾਂ ਦਾ ਇਕਰਾਰ**

ਜੇਕਰ ਅਸੀਂ ਵਿਸ਼ਵਾਸੀ ਹੁੰਦੇ ਹੋਏ ਦੁਸ਼ਟ ਕੰਮ ਕਰਦੇ ਹਾਂ, ਤਾਂ ਸਾਨੂੰ ਆਪਣੇ ਬਾਕੀ ਦੇ ਜੀਵਨ ਵਿੱਚ ਹਾਰੇ ਹੋਏ, ਅਪਰਾਧ ਅਤੇ ਸਜ਼ਾ ਵਿੱਚ ਜੀਵਨ ਨਹੀਂ ਜੀਉਣਾ ਹੈ।

ਤੁਰੰਤ ਅਸੀਂ ਜਦ ਜਾਣ ਲੈਂਦੇ ਹਾਂ ਕਿ ਅਸੀਂ ਪਾਪ ਕੀਤਾ ਹੈ, ਸਾਨੂੰ ਪ੍ਰਭੂ ਦੇ ਅੱਗੇ ਉਨ੍ਹਾਂ ਪਾਪਾਂ ਦਾ ਇਕਰਾਰ ਕਰਨਾ ਅਤੇ ਵਿਸ਼ਵਾਸ ਰਾਹੀਂ ਉਸਦੀ ਮਾਫ਼ੀ ਨੂੰ

ਪ੍ਰਾਪਤ ਕਰਨਾ ਹੈ। ਤਾਂ ਹੀ ਅਸੀਂ ਪਾਪ ਅਤੇ ਸਜ਼ਾ ਤੋਂ ਅਜ਼ਾਦ ਹੋ ਕੇ ਉਸਦੀ ਧਾਰਮਿਕਤਾ ਵਿੱਚ ਲਗਾਤਾਰ ਚਲ ਸਕਦੇ ਹਾਂ।

**1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।**

ਇਕਰਾਰ ਤੋਂ ਭਾਵ ਕਿ ਆਪਣੇ ਪਾਪਾਂ ਬਾਰੇ ਪਰਮੇਸ਼ੁਰ ਨਾਲ ਇਕਮੱਤ ਹੋਣਾ। ਅਸੀਂ, ਪਰਮੇਸ਼ੁਰ ਦੀ ਤਰ੍ਹਾਂ, ਪਾਪ ਤੋਂ ਨਫ਼ਰਤ ਕਰਨੀ ਹੈ। ਜਿੰਨਾਂ ਅਸੀਂ ਪਰਮੇਸ਼ੁਰ ਦੇ ਨੇੜੇ ਹੁੰਦੇ ਹਾਂ ਉਨ੍ਹਾਂ ਹੀ ਜ਼ਿਆਦਾ ਅਸੀਂ ਧਾਰਮਿਕਤਾ ਦੇ ਪ੍ਰਕਾਸ਼ ਵਿੱਚ ਚੱਲਦੇ ਹਾਂ, ਜਿੰਨਾਂ ਘੱਟ ਹੋਵਾਂਗੇ ਅਸੀਂ ਪਾਪ ਵਿੱਚ ਫਸਾਂਗੇ।

ਪਰਤ ਆਉਣ ਨੂੰ ਸਿੱਖਣਾ

ਜਦੋਂ ਅਸੀਂ ਜੀਵਨ ਦੇ ਕਿਸੇ ਖੇਤਰ ਵਿੱਚ ਅਸਫ਼ਲ ਹੋ ਜਾਂਦੇ ਹਾਂ ਤਾਂ ਸਾਨੂੰ ਪਰਤ ਆਉਣ ਨੂੰ ਸਿੱਖਣਾ ਚਾਹੀਦਾ ਹੈ। ਜਿਵੇਂ ਕਿਸੇ ਡਿੱਬੇ ਨੂੰ ਚਟਾਈ ਉੱਤੇ ਖੜਕਾਇਆ ਜਾਂਦਾ ਹੈ, ਅਸੀਂ ਉੱਥੇ ਲੰਮੇ ਪੈ ਕੇ ਅਫਸੋਸ ਕਰਨ ਲਈ ਨਹੀਂ ਹਾਂ। ਇਸ ਦੀ ਬਜਾਏ, ਸਾਨੂੰ ਜ਼ਰੂਰ ਹੀ ਚਟਾਈ ਉੱਤੇ ਉਛਲ ਕੇ ਵਾਪਸ ਆਉਣ ਲਈ ਆਪਣੇ-ਆਪ ਨੂੰ ਸਿਖਲਾਈ ਦੇਣੀ ਚਾਹੀਦੀ ਹੈ।

ਬਦਲਦੇ ਜਾਉ

ਸਾਡੀ ਆਤਮਾ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਹੈ, ਪਰੰਤੂ ਹਰੇਕ ਦਿਨ ਆਪਣੀਆਂ ਦੇਹੀਆਂ ਨੂੰ ਜੀਉਂਦਾ ਬਲੀਦਾਨ ਕਰਕੇ ਪਰਮੇਸ਼ੁਰ ਨੂੰ ਚੜ੍ਹਾਉਣਾ ਹੈ।

**ਰੋਮੀਆਂ 12:1 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ, ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ।**

ਸਾਡੀ ਆਤਮਾ ਕੋਲ ਪਰਮੇਸ਼ੁਰ ਦੀ ਧਾਰਮਿਕਤਾ ਹੈ ਪਰ ਸਾਡੀ ਜਾਨ ਨੂੰ ਬੁੱਧ ਦੇ ਨਵੇਂ ਹੋਣ ਕਰਕੇ ਬਦਲਣਾ ਹੈ ਜੋ ਕਿ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਰਾਹੀਂ ਹੈ।

**ਰੋਮੀਆਂ 12:2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

**ਫੜੇ ਰੱਖੋ**

ਨਵੀਂ ਸਰਿਸ਼ਟ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਦੇ ਪ੍ਰਕਾਸ਼ ਰਾਹੀਂ, ਅਸੀਂ ਦਲੇਰੀ ਨਾਲ ਪਰਮੇਸ਼ੁਰ ਦੇ ਸਿੰਘਾਸਣ ਤੱਕ ਪਹੁੰਚ ਸਕਦੇ ਹਾਂ। ਅਸੀਂ ਜਾਣ ਸਕਦੇ ਹਾਂ ਕਿ ਪਰਮੇਸ਼ੁਰ ਸਾਡੀ ਸੁਣਦਾ ਹੈ।

**ਇਬਰਾਨੀਆਂ 4:16 "ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪ੍ਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।"**

ਅਸੀਂ ਦਿਲੇਰੀ ਤੇ ਭਰੋਸੇ ਨਾਲ ਪਰਮੇਸ਼ੁਰ ਕੋਲ ਆ ਸਕਦੇ ਹਾਂ ਕਿਉਂਕਿ ਅਸੀਂ ਉਸਦੀ ਕ੍ਰਿਪਾ ਨੂੰ ਸਮਝਦੇ ਹਾਂ। ਅਸੀਂ ਜਾਣਦੇ ਹਾਂ ਕਿ ਯਿਸੂ ਨੇ ਸਾਡੇ ਬਦਲੇ ਕੀ ਕੀਤਾ ਹੈ। ਅਸੀਂ ਜਾਣਦੇ ਹਾਂ ਕਿ ਅਸੀਂ ਮਾਫ਼ ਕੀਤੇ ਗਏ ਹਾਂ। ਅਸੀਂ ਜਾਣਦੇ ਹਾਂ ਕਿ ਯਿਸੂ ਮਸੀਹ ਵਿੱਚ ਅਸੀਂ ਨਵੀਂ ਸਰਿਸ਼ਟ ਹਾਂ। ਅਸੀਂ ਜਾਣਦੇ ਹਾਂ ਕਿ ਅਸੀਂ ਪਰਮੇਸ਼ੁਰ ਦੇ ਧਰਮ ਹਾਂ।

**ਜ਼ਿੰਦਾ ਹੋਣਾ**

ਨਵੀਂ ਸਰਿਸ਼ਟ ਹੁੰਦੇ ਹੋਏ, ਸਾਡੇ ਕੋਲ ਨਵੀਂ ਜ਼ਿੰਦਗੀ ਹੈ ਜੋ ਸਾਡੇ ਅੰਦਰ ਪਾਈ ਜਾਂਦੀ ਹੈ। ਇਹ ਨਵੀਂ ਜ਼ਿੰਦਗੀ ਮਸੀਹ ਦੀ ਆਪਣੀ ਜ਼ਿੰਦਗੀ ਹੈ।

**ਅਫ਼ਸੀਆਂ 2:4–5 ੳ ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ...**

ਪੁਰਾਣੀ ਇਨਸਾਨੀਅਤ ਜੋ ਇਸ ਸੰਸਾਰ ਦੀ ਗਤੀ ਅਨੁਸਾਰ ਚੱਲਦੀ ਹੁਣ ਤੋਂ ਜੀਉਂਦੀ ਨਹੀਂ ਰਹੇਗੀ ਨਵਾਂ ਅੰਦਰਲਾ ਵਿਅਕਤੀ ਜਿਵਾਲਿਆ ਗਿਆ।

**ਅਫ਼ਸੀਆਂ 2:1–3 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ। ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤ੍ਰਾਂ ਵਿੱਚ ਅਸਰ ਕਰਦੀ ਹੈ। ਅਤੇ ਉਨ੍ਹਾਂ ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤ੍ਰ ਸਾਂ।**

**ਭਰਪੂਰ ਹੋਣਾ**

ਨਵੀਂ ਸਰਿਸ਼ਟ ਹੁੰਦੇ ਹੋਏ, ਸਾਡਾ ਆਤਮਾ ਪਰਮੇਸ਼ੁਰ ਦੀ ਭਰਪੂਰੀ ਨਾਲ ਭਰਪੂਰ ਹੈ। ਜੋ ਕੁਝ ਉਸ ਵਿੱਚ ਹੈ-ਉਸੇ ਤਰ੍ਹਾਂ ਸਾਨੂੰ ਵੀ ਭਰਪੂਰ ਕੀਤਾ ਹੈ। ਜੋ ਕੁਝ ਸਾਰੀ ਉਸਦਾ ਧਨੀ ਮਾਤਰਾ ਤੋਂ, ਸਾਡੀ ਬਣ ਗਈ ਹੈ!

**ਅਫ਼ਸੀਆਂ 3:19 ਅਤੇ ਮਸੀਹ ਦੇ ਪ੍ਰੇਮ ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ ਜਾਣ ਸੱਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।**

ਐਮਲੀਫਾਈਡ ਬਾਈਬਲ ਕਹਿੰਦੀ ਹੈ –

...ਤਾਂ ਜੋ ਤੁਸੀਂ (ਆਪਣੇ ਵਰਤਮਾਨ ਜੀਵਨ ਦੁਆਰਾ) ਪਰਮੇਸ਼ੁਰ ਦੀ ਭਰਪੂਰੀ ਨਾਲ ਭਰ ਸਕੋ– (ਜੋ ਕੀ) ਜਿਸ ਖੁਦਾਈ ਹਜ਼ੂਰੀ ਵਿੱਚ ਅਮੀਰ ਦੇ ਮਾਪ ਹੋ ਸਕਦਾ ਹੈ ਅਤੇ ਸਰੀਰ ਦੇ ਸਮੁੱਚੇ ਰੂਪ ਵਿੱਚ ਭਰਨਾ ਅਤੇ ਚੋਖੀ ਮਾਤ੍ਰਾ ਪਰਮੇਸ਼ੁਰ ਵਿੱਚ ਭਰਨਾ!

ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਹੁਣ ਤੋਂ ਖਾਲੀ ਨਹੀਂ ਹਾਂ ਬਜਾਏ ਅਸੀਂ ਪਰਮੇਸ਼ੁਰ ਵਿੱਚ ਭਰਪੂਰ (ਪੂਰੇ) ਹਾਂ। ਅਸੀਂ ਉਸ ਦੀ ਭਰਪੂਰੀ ਨਾਲ ਭਰਪੂਰ ਕੀਤੇ ਗਏ ਹਾਂ।

ਜਿਵੇਂ ਅਸੀਂ ਪਰਮੇਸ਼ੁਰ ਦੀ ਧਾਰਮਿਕਤਾ ਲਈ ਲਗਾਤਾਰ ਭੁੱਖ ਅਤੇ ਪਿਆਸ ਰੱਖਾਂਗੇ, ਅਸੀਂ ਆਪਣੇ ਆਪ ਵਿੱਚ ਅਤੇ ਆਪਣੀਆਂ ਜਾਨਾਂ ਅਤੇ ਸਰੀਰਾਂ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਨਾਲ ਭਰਪੂਰ ਰਹਿਣ ਦਾ ਅਨੁਭਵ ਕਰਾਂਗੇ।

**ਮੱਤੀ 5:6 ਧੰਨ ਓਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ ਓਹ ਰਜਾਏ ਜਾਣਗੇ।**

### ਉਸ ਦੇ ਪ੍ਰੇਮ ਨੂੰ ਪਾਉਣਾ

ਇਹ ਕਿੰਨਾ ਮਹਾਨ ਪ੍ਰਕਾਸ਼ ਹੈ ਇਸਨੂੰ ਜਾਣ ਕੇ ਕਿ ਪਰਮੇਸ਼ੁਰ ਕਿੰਨਾ ਸਾਡੇ ਪ੍ਰਤੀ ਉਤੇਜਿੱਤ ਹੈ। ਉਹ ਸਾਡੇ ਨਾਲ ਪ੍ਰੇਮ ਕਰਦਾ ਹੈ। ਭਾਵੇਂ ਜਦੋਂ ਅਸੀਂ ਉਸਦੇ ਦੁਸ਼ਮਣ ਸਾਂ, ਉਸਨੇ ਸਾਡੇ ਨਾਲ ਪਿਆਰ ਕੀਤਾ।

**ਯੂਹੰਨਾ 15:12, 13, 14 ਮੇਰਾ ਹੁਕਮ ਇਹ ਹੈ ਭਈ ਤੁਸੀਂ ਇੱਕ ਦੂਏ ਨਾਲ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ। ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤ੍ਰਾਂ ਦੇ ਬਦਲੇ ਦੇ ਦੇਵੇ। ਜੇ ਤੁਸੀਂ ਓਹ ਕੰਮ ਕਰੋ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਤਾਂ ਤੁਸੀਂ ਮੇਰੇ ਮਿੱਤ੍ਰ ਹੋ।**

ਨਵੀਂ ਸਰਿਸ਼ਟ ਨਵੇਂ ਮਾਸ ਦੇ ਦਿਲ ਨਾਲ ਹੁੰਦੇ ਹੋਏ ਅਸੀਂ ਇਸ ਨੂੰ ਕਰਨ ਲਈ ਤਿਆਰ ਹਾਂ ਜੋ ਉਸਨੇ ਹੁਕਮ ਦਿੱਤਾ ਹੈ।

ਇਹ ਜਾਣਨਾ ਕਿੰਨਾ ਮਹਾਨ ਹੋਵੇਗਾ ਕਿ ਪਰਮੇਸ਼ੁਰ ਸਾਡੇ ਤੇ ਕਿੰਨਾ ਉਤੇਜਿੱਤ ਹੈ। ਹੁਣ ਉਹ ਸਾਨੂੰ ਕਹਿ ਰਿਹਾ ਹੈ, "ਤੁਸੀਂ ਮੇਰੇ ਮਿੱਤਰ ਹੋ"। ਅਸੀਂ ਜੋ ਪਹਿਲਾਂ ਉਸਦੇ ਵੈਰੀ ਸਾਂ, ਮਸੀਹ ਰਾਹੀਂ ਉਸ ਨਾਲ ਮੇਲ ਮਿਲਾਪ ਕਰਾਏ ਗਏ ਹਾਂ। ਹੁਣ ਅਸੀਂ ਉਸਦੇ ਮਿੱਤਰ ਹਾਂ ਅਤੇ ਉਹ ਸਾਡਾ ਮਿੱਤਰ ਹੈ। ਪਰਮੇਸ਼ੁਰ ਦੇ ਮਿੱਤਰ ਹੁੰਦੇ ਹੋਏ, ਸਾਡੀ ਮੇਲ ਮਿਲਾਪ ਦੀ ਸੇਵਕਾਈ ਹੈ। ਅਸੀਂ ਚਾਹੁੰਦੇ ਹਾਂ ਕਿ ਦੂਜੇ ਵੀ ਸਾਡੇ ਮਿੱਤਰ ਨਾਲ ਮਿਲਣ ਅਤੇ ਸਾਡੀ ਤਰ੍ਹਾਂ ਪਰਮੇਸ਼ੁਰ ਦੇ ਮਿੱਤਰ ਬਣ ਜਾਣ।

### *ਉਸ ਨਾਲ ਮੇਲ ਮਿਲਾਪ ਹੋਣਾ*

ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਉਸ ਨਾਲ ਮਿਲ ਕੇ ਗਏ ਹਾਂ।

**2 ਕੁਰਿੰਥੀਆਂ 5:17–18 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ ਹਨ ਵੇਖੋ, ਓਹ ਨਵੀਆਂ ਹੋ ਗਈਆਂ ਹਨ। ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ।**

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਨਵੀਂ ਸਰਿਸ਼ਟ ਹੋਣ ਤੋਂ ਕੀ ਭਾਵ ਹੈ?

2. ਪਰਮੇਸ਼ੁਰ ਦੀ ਧਾਰਮਿਕਤਾ ਦਾ ਵਰਣਨ ਕਰੋ।

3. ਨਵੀਂ ਸਰਿਸ਼ਟ ਦੀ ਧਾਰਮਿਕਤਾ ਦਾ ਵਰਣਨ ਕਰੋ।

## ਅਧਿਆਏ ਪੰਜ

# ਆਪਣੀ ਪੁਰਾਣੀ ਇਨਸਾਨੀਅਤ ਨੂੰ ਬਦਲਣਾ

### ਫੈਸਲਾ ਸਾਡਾ ਹੈ

ਜਿਵੇਂ ਅਸੀਂ ਇਸ ਅਧਿਆਇਆਂ ਦੀ ਲੜੀ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਉਸ ਸਥਾਨ ਤੇ ਆਉਂਦੇ ਹਾਂ ਜਿੱਥੇ ਸਾਨੂੰ ਫੈਸਲਾ ਲੈਣਾ ਹੋਵੇਗਾ। ਕੀ ਅਸੀਂ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਤੇ ਨਿਹਚਾ ਕਰਦੇ ਹਾਂ ਜਾਂ ਕੀ ਅਸੀਂ ਪਰੰਪਾਰਿਕ ਸਿੱਖਿਆ ਨੂੰ ਜੋ ਅਸੀਂ ਸਾਲਾਂ ਪਹਿਲਾਂ ਪ੍ਰਾਪਤ ਕੀਤੀ ਸੀ ਪਕੜੇ ਰਹਿੰਦੇ ਹਾਂ।

ਕੀ ਅਸੀਂ ਪੌਲੁਸ ਰਸੂਲ ਨਾਲ ਸਹਿਮਤ ਹੋਵਾਂਗੇ ਜਦੋਂ ਉਹ ਲਿਖਦਾ ਹੈ।

**ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ ਓਹ ਨਵੀਆਂ ਹੋ ਗਈਆਂ ਹਨ (2 ਕੁਰਿੰਥੀਆਂ 5:17)**

ਅਸੀਂ ਕਿਉਂ ਸਰਿਸ਼ਟ ਕੀਤੇ ਗਏ, ਸਾਡੇ ਦਿਆਲੂ, ਸਵਰਗੀ ਪਿਤਾ, ਅਤੇ ਮਹਾਨ ਪਰਮਾਣਤ ਲਈ, ਸਾਡੇ ਪੱਖ ਲਈ ਯਿਸੂ ਮਸੀਹ ਦੇ ਛੁਟਕਾਰੇ ਦੇ ਕੰਮ ਲਈ ਅਸੀਂ ਸਰਿਸ਼ਟ ਕੀਤੇ ਗਏ ਹਾਂ। ਹੁਣ ਇਹ ਸਮੇਂ ਹੈ ਕਿ ਉਸ ਸਭ ਲਈ ਸੁਚੇਤ ਫੈਸਲਾ ਲਿਆ ਜਾਵੇ ਜੋ ਪਰਮੇਸ਼ੁਰ ਕੋਲ ਸਾਡੇ ਲਈ ਹੈ।

### ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣਾ

ਚੰਗੀ ਇਨਸਾਨੀਅਤ ਹੋਣਾ ਜ਼ਰੂਰੀ ਹੈ, ਸ਼ੈਤਾਨ ਨੂੰ ਕਦੇ ਵੀ ਆਪਣੇ ਆਪ ਨੂੰ ਭਰਮਾਉਣ ਦਾ ਸਮੇਂ ਨਾ ਦਿਓ ਕਿਉਂਕਿ ਅਸੀਂ ਪਰਮੇਸ਼ੁਰ ਦੀ ਬਰਕਤ ਪਾਉਣ ਵਿੱਚ ਨਿਕੰਮੇ ਹਾਂ। ਜੇਕਰ ਅਸੀਂ ਅਜਿਹਾ ਕਰਾਂਗੇ ਤਾਂ ਅਸੀਂ ਹਾਰੇ ਹੋਏ ਜੀਵਨ ਵਿੱਚੋਂ ਗੁਜ਼ਰਾਂਗੇ। ਅਸੀਂ ਮਸੀਹੀ ਜੇਤੂ ਜੀਵਨ ਨਹੀਂ ਜੀ ਪਾਵਾਂਗੇ ਅਤੇ ਨਾ ਹੀ ਦੂਸਰਿਆਂ ਪ੍ਰਭਾਵਸ਼ਾਲੀ ਸਿੱਧ ਹੋ ਸਕਦੇ ਹਾਂ।

ਸਾਡੇ ਵਿੱਚੋਂ ਕਈਆਂ ਨੂੰ ਚਾਹੀਦਾ ਹੈ ਕਿ ਵਿਚਾਰਪੂਰਵਕ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣ - ਪੁਰਾਣੀਆਂ ਆਦਤਾਂ ਨੂੰ ਛੱਡਣ ਦੀ ਲੋੜ ਹੈ - ਅਤੇ ਆਪਣੇ ਮਨ ਦੇ ਬਦਲਣ ਦੁਆਰਾ ਨਵੀਂ ਸਰਿਸ਼ਟ ਨੂੰ ਪਹਿਣਨ ਦੀ ਜ਼ਰੂਰਤ ਹੈ।

ਪੌਲੁਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣ ਲਈ ਸਾਡੀ ਇੱਛਾ ਦੀ ਕਿਰਿਆ ਬਾਰੇ ਲਿਖਦਾ ਹੈ।

**ਅਫ਼ਸੀਆਂ 4:23, 24 ਅਤੇ ਆਪਣੇ ਮਨ ਦੇ ਸੁਭਾਉ ਵਿੱਚ ਨਵੇਂ ਬਣੋ ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ।**

### ਨਵੀਂ ਨੂੰ ਪਹਿਣਨਾ

ਜਦੋਂ ਅਸੀਂ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਦੇ ਹਾਂ ਤਾਂ ਸਾਨੂੰ ਆਪਣੇ ਮਨ ਨੂੰ ਪੁਨਰ ਉਥਾਨ ਕਰਨਾ ਚਾਹੀਦਾ ਹੈ। ਇਹ ਪੁਨਰ ਉਥਾਨ ਸਾਡੇ ਮਨ ਵਿੱਚ ਤਦ ਹੀ ਆ ਸਕਦਾ ਹੈ ਜਦ ਅਸੀਂ ਪਰਮੇਸ਼ੁਰ ਦੇ ਵਚਨ ਦੇ ਪਰਕਾਸ਼ ਨਾਲ ਵਿਸ਼ਵਾਸ ਵਿੱਚ ਪੁਨਰ ਉਥਾਨ ਹੁੰਦੇ ਹਾਂ।

ਪੌਲੁਸ ਅਗਲੀ ਆਇਤ ਵਿੱਚ ਕਹਿਣ ਜਾ ਰਿਹਾ ਹੈ।

**ਅਫ਼ਸੀਆਂ 4:24 ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ।**

ਨਵੀਂ ਸਰਿਸ਼ਟ ਹੁਣ ਤੋਂ ਲੜਕਾ ਜਾਂ ਲੜਕੀ ਦੀ ਪੰਜ ਗਿਆਨ ਇੰਦਰੀਆਂ ਤੱਕ ਸੀਮਿਤ ਨਹੀਂ। ਨਵੀਂ ਸਰਿਸ਼ਟ ਵਿਸ਼ਵਾਸ ਦੇ ਰਾਜ ਵਿੱਚ ਜੀਉਂਦੀ ਹੈ। ਨਵੀਂ ਸਰਿਸ਼ਟ ਜਾਣਦੀ ਹੈ ਕਿ ਉਹ ਲੜਕਾ ਜਾਂ ਲੜਕੀ ਨਵੀਂ ਸਰਿਸ਼ਟ ਹੈ, ਪਰਮੇਸ਼ੁਰ ਦੀ ਧਾਰਮਿਕਤਾ ਅਤੇ ਪਵਿੱਤਰਤਾ ਦੇ ਅਨੁਸਾਰ ਸਰਿਸ਼ਟ ਕੀਤੇ ਗਏ ਹਨ।

ਨਵੀਂ ਸਰਿਸ਼ਟ ਕੀਤਾ ਹੋਇਆ ਆਪਣੇ ਆਪ ਨੂੰ ਕਦੇ ਵੀ ਪਾਪੀ ਦੀ ਤਰ੍ਹਾਂ ਨਾ ਦੇਖੇ। ਉਹ ਜਾਣਦੇ ਹਨ ਕਿ ਪਵਿੱਤਰ ਪਰਮੇਸ਼ੁਰ ਦੀ ਤਰ੍ਹਾਂ ਉਹਨਾਂ ਦੀ ਆਤਮਾ ਧਰਮੀ ਹੈ। ਉਹ ਜਾਣਦੇ ਹਨ ਕਿ ਉਹਨਾਂ ਦੀ ਆਤਮਾ ਅਤੇ ਸਰੀਰ ਪੁੱਤਰ ਦੀ ਸਰਿਸ਼ਟ ਦੀ ਅਨੁਕੂਲਤਾ ਦੇ ਅਨੁਭਵ, ਅਭਿਆਸਿਕ ਧਾਰਮਿਕਤਾ ਅਤੇ ਹਰ ਦਿਨ ਦੇ ਚਾਲਚੱਲਣ ਵਿੱਚ ਪਵਿੱਤਰਤਾ ਹੋ ਰਹੀ ਹੈ।

ਨਵੀਂ ਸਰਿਸ਼ਟ ਹੁਣ ਤੋਂ ਆਪਣੇ ਆਪ ਨੂੰ ਪਾਪੀਆਂ ਦੀ ਤਰ੍ਹਾਂ ਨਹੀਂ ਦੇਖਦੀ। ਉਹ ਜਾਣਦੇ ਹਨ ਕਿ ਪ੍ਰਭੂ ਦੀ ਤਰ੍ਹਾਂ ਉਨ੍ਹਾਂ ਦਾ ਆਤਮਾ ਧਰਮੀ ਤੇ ਪਵਿੱਤਰ ਹੈ। ਉਹ ਜਾਣਦੇ ਹਨ ਕਿ ਉਹਨਾਂ ਦੀਆਂ ਜਾਨਾਂ ਤੇ ਸਰੀਰ ਪ੍ਰਤੀ ਦਿਨ ਦੀ ਚਾਲ ਵਿੱਚ ਅਨੁਭਵੀ ਤੇ ਪ੍ਰਯੋਗੀ ਧਾਰਮਿਕਤਾ ਤੇ ਪਵਿੱਤਰਤਾਈ ਲਈ ਉਸਦੇ ਪੁੱਤਰ ਦੇ ਰੂਪ ਵਿੱਚ ਬਦਲ ਗਏ ਹਨ।

## ਪੁਰਾਣੇ ਗੜ੍ਹ

ਜਿਵੇਂ ਅਸੀਂ ਵੱਧਦੇ ਹਾਂ, ਸ਼ੈਤਾਨ ਨੇ ਸਾਡੇ ਮਨ ਉੱਪਰ ਕਈ ਗੜ੍ਹਾਂ ਦੀ ਸਥਾਪਨਾ ਕੀਤੀ ਹੋਈ ਹੈ। ਹੁਣ ਜਿਵੇਂ ਅਸੀਂ ਨੌਜਵਾਨ ਹਾਂ ਅਸੀਂ ਸੋਚਦੇ ਹਾਂ ਕਿ ਇਹ ਖਾਸ ਤੌਰ ਤੇ ਅਸੀਂ ਨਹੀਂ ਕਰ ਸਕਦੇ ਕਿਉਂਕਿ ਅਜਿਹਾ ਨਾ ਕਰ ਸਕਣ ਬਾਰੇ ਸਾਨੂੰ ਬਚਪਨ ਵਿੱਚ ਦੱਸਿਆ ਗਿਆ ਸੀ। ਕਈ ਸਮੇਂ ਤੋਂ ਬੋਲੇ ਨਾਸ਼ਵਾਨ ਸ਼ਬਦ, ਗੜ੍ਹ ਬਣ ਚੁੱਕੇ ਹਨ ਉਨ੍ਹਾਂ ਨੂੰ ਤੋੜਨਾ ਜ਼ਰੂਰੀ ਹੈ।

### ਥੁੜ੍ਹਤਾ

ਸ਼ਾਇਦ ਤੁਹਾਨੂੰ ਕਿਹਾ ਗਿਆ ਸੀ "ਹੇ, ਇਹ ਨੂੰ ਕਰਨ ਦੀ ਕੋਸ਼ਿਸ਼ ਨਾ ਕਰੋ ; ਤੁਹਾਡਾ ਵੱਡਾ ਭਰਾ ਇਸ ਨੂੰ ਸੰਭਾਲ ਸਕਦਾ ਹੈ" ਤੁਸੀਂ ਸੋਚਣਾ ਸ਼ੁਰੂ ਕਰ ਦਿੱਤਾ, "ਕਿ ਮੈਂ ਆਪਣੇ ਭਰਾ ਦੀ ਤਰ੍ਹਾਂ ਯੋਗ ਨਹੀਂ ਹਾਂ।"

### ਹੀਣਤਾ

ਹੋ ਸਕਦਾ ਹੈ ਅਧਿਆਪਕ ਨੇ ਇਹ ਕਿਹਾ ਹੋਵੇ "ਮੈਨੂੰ ਸਮਝ ਨਹੀਂ ਲੱਗਦੀ ਕਿ ਇਸ ਤਰ੍ਹਾਂ ਦੀ ਸਮੱਸਿਆ ਤੈਨੂੰ ਹੀ ਕਿਉਂ ਪੂਰੀ ਕਲਾਸ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੈ।" ਤੁਰੰਤ ਤੁਹਾਡੀ ਸੋਚ ਹੋਵੇਗੀ "ਮੈਂ ਬਾਕੀ ਕਲਾਸ ਤੋਂ ਚੁਸਤ ਨਹੀਂ ਹਾਂ।"

## ਰੂੜੀਬੱਧ ਕਰਨਾ

ਸ਼ਾਇਦ ਅਸੀਂ ਇਹ ਵਿਸ਼ਵਾਸ ਕੀਤਾ ਹੈ ਜੋ ਦੂਸਰੇ ਸਾਡੀ ਜਾਤੀ ਦੇ ਪਿਛੋਕੜ ਬਾਰੇ ਬੋਲਦੇ ਹਨ ਜਾਂ ਉਨ੍ਹਾਂ ਸਮੂਹ ਦੇ ਲੋਕਾਂ ਬਾਰੇ ਜਿਨ੍ਹਾਂ ਨਾਲ ਜਾਣੇ ਜਾਂਦੇ ਹਾਂ। ਇਹ ਜ਼ਿਆਦਾਤਰ ਸਾਡੇ ਜੀਵਨਾਂ ਵਿੱਚ ਰੂੜੀਬੱਧ ਨੂੰ ਸੀਮਿਤ ਕਰਦੀ ਹੈ।

ਜੇਕਰ ਤੁਹਾਡੇ ਲਾਲ ਵਾਲ ਹਨ, ਸ਼ਾਇਦ ਤੁਸੀਂ ਸੁਣਿਆ ਹੋਵੇਗਾ, "ਲਾਲ ਸਿਰ ਵਾਲੇ ਹਮੇਸ਼ਾ ਗਰਮ ਸੁਭਾਅ ਵਾਲੇ ਹੁੰਦੇ ਹਨ।" ਦੂਸਰਾ ਰੂੜੀਬੱਧ ਹੋ ਸਕਦਾ ਹੈ ਕਿ "ਮੇਰੀ ਮਾਤਾ ਹਮੇਸ਼ਾ ਚਿੰਤਾ ਕਰਦੀ ਸੀ ਇਸ ਲਈ ਮੈਂ ਵੀ ਉਸੇ ਸਮਾਨ ਹਾਂ।"

ਅਸੀਂ ਸ਼ਾਇਦ ਕਦੀ ਕੁਝ ਆਪਣੀ ਜਾਤੀ ਜਾਂ ਜਾਤੀ ਪਿਛੋਕੜ ਸੰਬੰਧੀ ਸੁਣਿਆ ਜਾਂ ਵਿਸ਼ਵਾਸ ਕੀਤਾ ਹੋਵੇਗਾ। ਜਿਸ ਕਰਕੇ ਆਪਣੇ ਆਪ ਨੂੰ ਦੂਜਿਆਂ ਨਾਲ ਮਾਪਦੇ ਜਾਂ ਤੁਲਨਾ ਨਾ ਕਰਨ ਵਿੱਚ, ਵਿਸ਼ਵਾਸ ਕਰਦੇ ਹਾਂ। "ਆਇਰਸ ਹਮੇਸ਼ਾ..." ਜਾਂ "ਜਰਮਨੀ ਹਮੇਸ਼ਾ..."

ਨਵੀਂ ਸਰਿਸ਼ਟ ਦਾ ਪਰਕਾਸ਼ ਸਾਨੂੰ ਹਮੇਸ਼ਾ ਹੀਣਤਾ ਦੇ ਵਿਚਾਰਾਂ ਤੋਂ ਥੁੜ੍ਹਤਾ ਤੋਂ ਅਜ਼ਾਦ ਕਰਦੇ ਹਨ ਜਾਂ ਸਾਡੇ ਜੀਵਨ ਵਿੱਚ ਬੀਤੇ ਸਮੇਂ ਦੇ ਪਰਤਾਵੇ ਨੂੰ ਬਾਹਰ ਸੁੱਟਦਾ ਹੈ।

## ਪੱਖਪਾਤ

ਨਵੀਂ ਸਰਿਸ਼ਟ ਦੇ ਪਰਕਾਸ਼ ਨੇ ਸਾਨੂੰ ਜਾਤੀ ਦੇ ਪੱਖਪਾਤ ਤੋਂ ਮੁਕਤ ਕਰ ਦਿੱਤਾ ਹੈ। ਹਰੇਕ ਜਾਤੀ ਦੇ ਵਿਸ਼ਵਾਸੀ ਸਾਥੀ ਨੂੰ ਅਸੀਂ ਇੰਝ ਦੇਖਦੇ ਹਾਂ ਕਿ ਉਹ ਮਸੀਹ ਵਿੱਚ ਨਵੀਂ ਸਰਿਸ਼ਟ ਹਨ।

ਤੁਰੰਤ ਇਨ੍ਹਾਂ ਆਇਤਾਂ ਵਿੱਚ ਪੌਲੁਸ ਨਵੀਂ ਦੇ ਪਰਕਾਸ਼ ਦਾ ਰਾਹ ਵਿਖਾਉਂਦਾ ਹੈ, ਉਹ ਲਿਖਦਾ ਹੈ,

**2 ਕੁਰਿੰਥੀਆਂ 5:16 ੳ ਸੋ ਅਸੀਂ ਹੁਣ ਤੋਂ ਕਿਸੇ ਨੂੰ ਸਰੀਰ ਦੇ ਅਨੁਸਾਰ ਨਹੀਂ ਸਿਆਣਦੇ ਹਾਂ।**

ਪੌਲੁਸ ਨੇ ਗਲਾਤੀਆਂ ਨੂੰ ਵੀ ਲਿਖਿਆ,

**ਗਲਾਤੀਆਂ 3:26–28 ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤ੍ਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿੱਚ ਇੱਕੋ ਹੀ ਹੋ।**

ਜਦੋਂ ਅਸੀਂ ਯਿਸੂ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨ ਲੈਂਦੇ ਹਾਂ ਤਾਂ ਅਸੀਂ ਨਵੇਂ ਪਵਿੱਤਰ, ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲੈਂਦੇ ਹਾਂ। ਹੀਣਤਾ ਦੇ ਗੜ੍ਹਾਂ ਨੂੰ ਸਾਨੂੰ ਆਪਣੇ ਜੀਵਨਾਂ ਵਿੱਚ ਬਣੇ ਨਹੀਂ ਰਹਿਣ ਦੇਣਾ ਚਾਹੀਦਾ ਹੈ ਸਾਨੂੰ ਹਰੇਕ ਵਿਸ਼ਵਾਸੀ ਨੂੰ ਨਵੀਂ ਸਰਿਸ਼ਟ ਦੇ ਤੌਰ ਤੇ ਦੂਸਰੇ ਗੈਰ ਵਿਸ਼ਵਾਸੀ ਨੂੰ ਨਵੀਂ ਸਰਿਸ਼ਟ ਵਿੱਚ ਸ਼ਾਮਿਲ ਹੁੰਦੇ ਹੋਏ ਦੇਖਣਾ ਚਾਹੀਦਾ ਹੈ। ਜਿਸ ਤਰ੍ਹਾਂ ਆਪਣੇ ਆਪ ਹੋਰਨਾਂ ਵਿਸ਼ਵਾਸੀਆਂ ਵਿੱਚ ਪਰਮੇਸ਼ੁਰ ਦੇਖਦਾ ਹੈ। ਉਸੇ ਤਰ੍ਹਾਂ ਹੀ ਦੇਖਣਾ

ਚਾਹੀਦਾ ਹੈ। ਨਵੇਂ ਆਤਮਿਕ ਮਨੁੱਖ ਹੁੰਦੇ ਹੋਏ ਅਸੀਂ ਆਪਣੀ ਪਹਿਲੀ ਜਾਤੀ ਜਾਂ ਜਾਤੀ ਸਮੂਹ ਨਾਲ ਸੰਬੰਧਿਤ ਨਹੀਂ ਅਸੀਂ ਨਵੇਂ ਪਰਿਵਾਰ, ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲਿਆ ਹੈ। ਹੁਣ ਤੋਂ ਕਿਸੇ ਦੂਏ ਵਿਅਕਤੀ ਦਾ ਆਦਰ ਉਸਦੇ ਸਰੀਰ ਦੇ ਰੰਗ ਅਨੁਸਾਰ ਨਹੀਂ ਕਰਾਂਗੇ। ਆਪਣੇ ਆਪ ਨੂੰ ਤੇ ਦੂਜੇ ਨੂੰ ਵੀ ਮਸੀਹ ਵਿੱਚ ਨਵੀਂ ਸਰਿਸ਼ਟ ਸਵੀਕਾਰ ਕਰਾਂਗੇ।

## ਗੜ੍ਹਾਂ ਨੂੰ ਢਾਹ ਸੁੱਟਣਾ

ਸ਼ੈਤਾਨ ਸਾਨੂੰ ਗੁਲਾਮ ਕਰਨ ਲਈ ਸਾਡੀ ਪੁਰਾਣੀ ਹੀਣਤਾ, ਅਯੋਗਤਾ, ਪੱਖਪਾਤ ਦੀ ਭਾਵਨਾ ਨੂੰ ਇਸਤੇਮਾਲ ਕਰਨਾ ਚਾਹੁੰਦਾ ਹੈ। ਇਨ੍ਹਾਂ ਗੜ੍ਹਾਂ ਨੂੰ ਢਾਹ ਸੁੱਟਣ ਦਾ ਇਹੋ ਸਮਾਂ ਹੈ।

### ਉਨ੍ਹਾਂ ਨੂੰ ਨਸ਼ਟ ਕਰਨਾ

ਜੇਕਰ ਇਸ ਅਧਿਐਨ ਦੇ ਦੌਰਾਨ ਪ੍ਰਭੂ ਨੇ ਤੁਹਾਡੇ ਮਨ ਉੱਪਰ ਉਨ੍ਹਾਂ ਗੜ੍ਹਾਂ ਨੂੰ ਪ੍ਰਗਟ ਕੀਤਾ ਹੈ ਤਾਂ ਹੁਣੇ ਤੁਸੀਂ ਉਨ੍ਹਾਂ ਨੂੰ ਤੋੜ ਸਕਦੇ ਹੋ। ਸਿਰਫ਼ ਉੱਚੀ ਅਵਾਜ਼ ਵਿੱਚ ਬੋਲੋ,

*ਸ਼ੈਤਾਨ, ਯਿਸੂ ਦੇ ਨਾਮ ਵਿੱਚ ਤੈਨੂੰ ਬੰਨਦਾ ਹਾਂ।*

*ਯਿਸੂ ਦੇ ਨਾਮ ਵਿੱਚ ਮੈਂ ਹੁਣੇ ਇਨ੍ਹਾਂ ਗੜ੍ਹਾਂ ਨੂੰ (ਨਾ ਲੈ ਕੇ) ਰੱਦ ਕਰਦਾ ਹਾਂ।*

*ਮੈਂ ਇਨ੍ਹਾਂ ਨੂੰ ਬਣੇ ਨਹੀਂ ਰਹਿਣ ਦੇਵਾਂਗਾ। ਮੈਂ ਹਰੇਕ ਸੋਚ ਵਿਚਾਰ ਤੇ ਖਿਆਲਾਂ ਨੂੰ ਜੋ ਪਰਮੇਸ਼ੁਰ ਦੇ ਵਚਨ ਦੇ ਪਰਕਾਸ਼ ਦੇ ਉਲਟ ਹੈ ਕਿ ਮੈਂ ਕੌਣ ਹਾਂ, ਮੈਂ ਕੀ ਕਰ ਸਕਦਾ ਹਾਂ ਜਾਂ ਯਿਸੂ ਮਸੀਹ ਵਿੱਚ ਨਵੀਂ ਸਰਿਸ਼ਟ ਹੁੰਦੇ ਹੋਏ ਮੈਂ ਕੀ ਕਰ ਸਕਦਾ ਹਾਂ!*

ਪੁਰਾਣੇ ਨਾਕਰਾਤਮਕ ਵਿਚਾਰ ਜਾਂ ਸੋਚਣ ਦੀ ਆਦਤ ਨੂੰ ਖ਼ਤਮ ਕਰਨ ਲਈ ਕੁਝ ਸਮੇਂ ਲੱਗ ਸਕਦਾ ਹੈ। ਪਰ ਜਦੋਂ ਵੀ ਸਾਡੇ ਮਨ ਵਿੱਚ ਅਜਿਹੀਆਂ ਸੋਚਾਂ ਆਉਣ ਤਾਂ ਤੁਰੰਤ ਉਨ੍ਹਾਂ ਨੂੰ ਰੱਦ ਕਰਕੇ ਬਾਹਰ ਸੁੱਟ ਦਿਉ ਅਤੇ ਲਗਾਤਾਰ ਪਰਮੇਸ਼ੁਰ ਦਾ ਵਚਨ ਨਵੀਂ ਸਰਿਸ਼ਟ ਬਾਰੇ ਕੀ ਪ੍ਰਗਟ ਕਰਦਾ ਉਸ ਬਾਰੇ ਘੋਸ਼ਣਾ ਕਰੋ। ਅਜਿਹਾ ਕਰਨ ਨਾਲ ਜਲਦੀ ਹੀ ਉਹ ਆਦਤ ਟੁੱਟ ਜਾਵੇਗੀ ਤੇ ਤੁਸੀਂ ਆਜ਼ਾਦ ਹੋ ਜਾਵੋਗੇ। ਸੋਚਣਾ ਤੇ ਕਹਿਣਾ ਸ਼ੁਰੂ ਕਰ ਦਿਓ।

*ਪਰਮੇਸ਼ੁਰ ਦਾ ਵਚਨ ਕਹਿੰਦਾ ਹੈ ਮੈਂ ਨਵੀਂ ਸਰਿਸ਼ਟ ਹਾਂ*

*ਮੈਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਹਾਂ ਅਤੇ ਪਰਮੇਸ਼ੁਰ ਦੇ* __________

*ਪਰਿਵਾਰ ਵਿੱਚ ਨਹੀਂ ਹੈ।*

*ਪੁਰਾਣੀਆਂ ਗੱਲਾਂ ਬੀਤ ਗਈਆਂ।*

*ਮਸੀਹ ਵਿੱਚ ਮੈਂ ਨਵਾਂ ਵਿਅਕਤੀ ਹਾਂ!*

**ਸਰਾਪਾਂ ਨੂੰ ਤੋੜਨਾ**

ਪਾਪ ਦੇ ਕਾਰਨ ਪੁਰਾਣੀ ਪੀੜੀ ਦੇ ਪਰਿਵਾਰਾਂ ਉੱਤੇ ਸ਼ਾਇਦ ਸ਼ੈਤਾਨ ਸਰਾਪ ਪਾਉਣ ਵਿੱਚ ਸਫਲ ਹੋ ਗਿਆ ਹੋਵੇ। ਉਦਾਹਰਨ ਦੇ ਤੌਰ ਤੇ, ਜਦੋਂ ਆਦਮੀ ਆਤਮ ਹੱਤਿਆ ਕਰਦਾ ਹੈ ਤਾਂ ਆਤਮ ਹੱਤਿਆ ਦੀ ਆਤਮਾ ਉਸ ਪਰਿਵਾਰ ਵਿੱਚ ਠਹਿਰੀ ਰਹਿੰਦੀ ਹੈ ਜਦੋਂ ਤੱਕ ਯਿਸੂ ਦੇ ਨਾਮ ਵਿੱਚ ਦੂਰ ਨਹੀਂ ਕੀਤੀ ਜਾਂਦੀ।

ਜਦੋਂ ਵਿਅਕਤੀ ਹੱਤਿਆ ਕਰਦਾ ਹੈ ਤਾਂ ਹੱਤਿਆ ਦੀ ਆਤਮਾ ਦੀ ਆਫ਼ਤ ਪੀੜੀ ਦਰ ਪੀੜੀ ਪਰਿਵਾਰ ਵਿੱਚ ਰਹਿੰਦੀ ਹੈ।

ਇੱਥੇ ਪੀੜੀ ਦਰ ਪੀੜੀ ਸਰਾਪ ਜਾਂ ਕਬਜਾ ਕਰਨ ਦੀ ਆਤਮਾ ਜੋ ਸਾਡੇ ਸਰੀਰ ਵਿੱਚ ਕਈ ਬੀਮਾਰੀਆਂ ਲਈ ਮਿਲਾ ਕੇ ਜ਼ਿਆਦਾਤਰ ਦਰਵਾਜੇ ਖੋਲਦੀਆਂ ਹਨ "ਕਿ, ਹਾਂ, ਸਾਡੇ ਪਰਿਵਾਰ ਵਿੱਚ ਦਿਲ ਦੀ ਬੀਮਾਰੀ ਹੈ, ਜਾਂ ਸਾਡੇ ਪਰਿਵਾਰ ਦੀਆਂ ਸਾਰੀਆਂ ਮਹਿਲਾਵਾਂ ਕੈਂਸਰ ਤੋਂ ਪੀੜਿਤ ਲੱਗਦੀਆਂ ਹਨ।"

ਸਾਡੇ ਮਨਾਂ ਤੋਂ ਇਹ ਪੀੜੀ ਦਰ ਪੀੜੀ ਸਰਾਪ ਤੋੜਨੇ ਉੱਨੇ ਹੀ ਆਸਾਨ ਹਨ ਜਿੰਨੇ ਕਿ ਗੜ੍ਹਾਂ ਨੂੰ। ਬੋਲੋ,

ਸ਼ੈਤਾਨ ਮੈਂ ਤੈਨੂੰ ਯਿਸੂ ਦੇ ਨਾਮ ਵਿੱਚ ਬੰਨਦਾ ਹਾਂ।

ਮੈਂ ਇਹ ਸਰਾਪ ਨੂੰ, ਤੋੜਦਾ ਹਾਂ ___________, ___________
ਅਤੇ ___________!

*ਮੈਂ ਸਾਰੇ ਪੀੜੀ ਦਰ ਪੀੜੀ ਸਰਾਪਾਂ ਨੂੰ ਹਰੇਕ ਕਾਬੂ ਰੱਖਣ ਵਾਲੀ ਆਤਮਾ ਨੂੰ ਆਪਣੇ ਜੀਵਨਾਂ ਵਿੱਚੋਂ ਹੁਣੇ ਹੀ ਤੋੜਨ ਦਾ ਹੁਕਮ ਦਿੰਦਾ ਹਾਂ।*

*ਮੈਂ ਨਵੀਂ ਸਰਿਸ਼ਟ ਹਾਂ। ਮੈਂ ਪਰਮੇਸ਼ੁਰ ਦਾ ਬੱਚਾ ਹਾਂ!*

*ਮੈਂ ਪਰਮੇਸ਼ੁਰ ਦੇ ਪਰਿਵਾਰ ਦਾ ਭਾਗ ਹਾਂ*

*ਅਤੇ ਪਰਮੇਸ਼ੁਰ ਦੇ ਪਰਿਵਾਰ ਵਿੱਚ ਨਾ ਕੋਈ ਗੁਲਾਮੀ, ਨਾ ਸਰਾਪ, ਅਤੇ ਨਾ ਕੋਈ ਬੀਮਾਰੀ ਹੈ।*

ਜਦੋਂ ਤੁਹਾਡੇ ਕੋਲ ਉਹ ਵਿਚਾਰੀ ਜਾਂ ਗੁਲਾਮੀ, ਸਰਾਪ ਬੀਮਾਰੀ ਦੇ ਚਿੰਨ ਵਾਪਿਸ ਆਉਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਨੂੰ ਝਿੜਕੋ। ਜੇਕਰ ਪਹਿਲਾਂ ਤੋਂ ਇਹ ਚਿੰਨ ਤੁਸੀਂ ਸਵੀਕਾਰ ਕਰ ਲਏ ਹਨ ਤਾਂ ਤੁਰੰਤ ਉਨ੍ਹਾਂ ਨੂੰ ਝਿੜਕੋ ਤੇ ਦਲੇਰੀ ਨਾਲ ਘੋਸ਼ਣਾ ਸ਼ੁਰੂ ਕਰ ਦਿਉ ਕਿ ਪ੍ਰਭੂ ਦਾ ਵਚਨ ਤੁਹਾਡੀ ਆਜ਼ਾਦੀ ਬਾਰੇ ਕੀ ਦੱਸਦਾ ਹੈ।

## ਪੁਰਾਣੀ ਇਨਸਾਨੀਅਤ ਨੂੰ ਬਦਲਣਾ

ਗਰੀਬੀ ਦੇ ਸਰੂਪ ਨੂੰ ਲਗਾਤਾਰ ਫੜਕੇ ਰੱਖਣਾ ਪਾਪ ਹੈ। ਉਨ੍ਹਾਂ ਦੀ ਤਰ੍ਹਾਂ ਅਸੀਂ ਨਹੀਂ ਹੋਣਾ ਚਾਹੁੰਦੇ ਜਿਨ੍ਹਾਂ ਬਾਰੇ ਪੌਲੁਸ ਨੇ ਵਰਣਨ ਕੀਤਾ ਹੈ।

**ਰੋਮੀਆਂ 1:21,22 ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਨੂੰ ਜਾਣ ਲਿਆ ਪਰ ਤਾਂ ਵੀ ਪਰਮੇਸ਼ੁਰ ਦੇ ਯੋਗ ਵਡਿਆਈ ਨਾ ਕੀਤੀ, ਨਾ ਉਹ ਦਾ ਧੰਨਵਾਦ ਕੀਤਾ ਸਗੋਂ**

**ਆਪਣੀਆਂ ਸੋਚਾਂ ਵਿੱਚ ਨਿਕੰਮੇ ਬਣ ਗਏ ਅਤੇ ਓਹਨਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ। ਓਹ ਆਪ ਨੂੰ ਬੁੱਧਹੀਣ ਮੰਨ ਕੇ ਮੂਰਖ ਬਣ ਗਏ।**

ਅਸੀਂ ਉਹੀ ਹਾਂ ਜੋ ਪਰਮੇਸ਼ੁਰ ਸਾਨੂੰ ਕਹਿੰਦਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਵਸਤੂਆਂ ਤੋਂ ਸਾਨੂੰ ਛੁਡਾਉਣ ਲਈ ਯਿਸੂ ਮਰ ਗਿਆ, ਜੇਕਰ ਅਸੀਂ ਉਨ੍ਹਾਂ ਨੂੰ ਹੁਣ ਵੀ ਫੜਕੇ ਰੱਖਦੇ ਹਾਂ ਤਾਂ ਇਹ ਪਰਮੇਸ਼ੁਰ ਦੀ ਬੇਇੱਜਤੀ ਹੈ।

## ਗੁੰਝਲਦਾਰ ਹੀਣਤਾ

ਕਈ ਵਿਸ਼ਵਾਸੀ ਆਪਣੀ ਯੋਗਤਾਵਾਂ ਪ੍ਰਤੀ ਅਸੁਰੱਖਿਅਤ ਹਨ। ਉਹ ਅਸਫ਼ਲਤਾ ਦੇ ਡਰ ਦੀ ਜਕੜ ਨਾਲ ਪੀੜਿਤ ਹਨ ਪਰਮੇਸ਼ੁਰ ਦਾ ਵਚਨ ਕਹਿੰਦਾ ਹੈ।

**ਫ਼ਿਲਿੱਪੀਆਂ 4:13 ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸਕਦਾ ਹਾਂ।**

**2 ਤਿਮੋਥਿਉਸ 1:7 ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਜਮ ਦਾ ਆਤਮਾ ਦਿੱਤਾ।**

ਲਗਾਤਾਰ ਸਾਨੂੰ ਇਸ ਦੀ ਘੋਸ਼ਣਾ ਕਰਨ ਦੀ ਲੋੜ ਹੈ,

*ਮਸੀਹ ਵਿੱਚ ਮੈਂ ਸਭ ਕੁਝ ਕਰ ਸਕਦਾ ਹਾਂ ਜੋ ਮੈਨੂੰ ਬਲ ਦਿੰਦਾ ਹੈ।*

*ਮੈਂ ਜਾਣਦਾ ਹਾਂ ਕਿ ਉਸ ਨੇ ਮੈਨੂੰ ਪਿਆਰ ਦੀ ਸ਼ਕਤੀ ਦਾ ਆਤਮਾ ਅਤੇ ਤੰਦਰੁਸਤ ਮਨ ਦਿੱਤਾ ਹੈ।*

## ਬਾਹਰਲਾ ਰੂਪ

ਕਈ ਆਪਣੇ ਰੂਪ ਬਾਰੇ ਅਸੁਰੱਖਿਅਤ ਮਹਿਸੂਸ ਕਰਦੇ ਹਨ, "ਮੈਂ ਬਹੁਤ ਮੋਟਾ ਹਾਂ," ਮੈਂ ਬਹੁਤ ਮਾੜਾ ਹਾਂ", "ਮੇਰੀ ਇੱਛਾ ਸੀ ਕਿ ਮੈਂ ਤੰਦਰੁਸਤ ਹੁੰਦਾ।" ਉਹ ਆਪਣੇ ਆਪ ਦੇ ਸਿਹਤ ਦੇ ਰੂਪ ਬਾਰੇ ਘਬਰਾਉਂਦੇ ਹਨ।

ਸਰਵੇਖਣ ਨੇ ਇਹ ਪ੍ਰਗਟ ਕੀਤਾ ਹੈ ਕਿ ਲਗਾਤਾਰ ਸਾਰੇ ਸੁੰਦਰ ਆਦਰਸ਼ ਮਾਡਲ ਤੇ ਫਿਲਮੀ ਕਲਾਕਾਰ ਇਹ ਚਾਹੁੰਦੇ ਹਨ ਕਿ ਆਪਣੇ ਰੂਪ ਵਿੱਚ ਕੁਝ ਨਾ ਕੁਝ ਬਦਲ ਸਕਣ।

ਸਾਡੇ ਸਮਾਜ ਵਿੱਚ, ਇੱਥੇ ਬਾਹਰਲੇ ਰੂਪ ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਪਰਮੇਸ਼ੁਰ ਦਾ ਵਚਨ ਪ੍ਰਗਟ ਕਰਦਾ ਹੈ ਕਿ ਅਸੀਂ ਆਤਮਿਕ ਤੌਰ ਤੇ ਪ੍ਰਭੂ ਦੇ ਸਰੂਪ ਤੇ ਸਰਿਸ਼ਟ ਕੀਤੇ ਗਏ ਹਾਂ। ਪਰਮੇਸ਼ੁਰ ਵਾਂਗ ਸਾਡੀ ਸੁੰਦਰਤਾ ਆਦਮੀ ਦੇ ਅੰਦਰਲੇ ਹਿਰਦੇ ਤੋਂ - ਸਾਡੀ ਅੰਦਰਲੀ ਆਤਮਾ ਤੋਂ ਹੀ ਅਸਲੀ - ਵਿਅਕਤੀ ਹੁੰਦਾ ਹੈ। ਅਸੀਂ ਆਪਣੇ ਸਿਰ ਨੂੰ ਚੁੱਕਾਂਗੇ ਕਿ ਸਾਡੇ ਚੇਹਰੇ ਤੇ ਯਿਸੂ ਦੀ ਸੁੰਦਰਤਾ ਦਾ ਤੇਜ ਚਮਕੇ।

ਜਦੋਂ ਸੈਮੂਏਲ ਨਬੀ ਬੈਤਲਹਮ ਵਿੱਚ ਯੱਸੀ ਦੇ ਪੁੱਤਰਾਂ ਵਿੱਚੋਂ ਰਾਜੇ ਨੂੰ ਨਿਯੁਕਤ ਕਰਨ ਲਈ ਆਇਆ ਤਾਂ ਉਸਨੇ ਧਿਆਨ ਦਿੱਤਾ ਕਿ ਉਸਦਾ ਵੱਡਾ ਪੁੱਤਰ ਕਿੰਨਾ ਸੋਹਣਾ ਹੈ ਜਿਸ ਕਾਰਨ ਉਸਦੀ ਸਹਾਇਤਾ ਨਾ ਹੋ ਸਕੀ ਸਧਾਰਨ ਤੌਰ ਤੇ ਇੱਜ਼ਤ ਦੀ ਪਦਵੀ ਵੱਡੇ ਪੁੱਤਰ ਨੂੰ ਜਾਂਦੀ ਹੈ ਉਸ ਨੇ ਤੁਰੰਤ ਸੋਚਿਆ ਹੋਵੇਗਾ ਕਿ

ਸੰਭਾਵਿਤ ਤੌਰ ਤੇ ਇਹੋ ਹੀ ਹੋਵੇਗਾ। ਜਿਸਨੂੰ ਪਰਮੇਸ਼ੁਰ ਨੇ ਰਾਜਾ ਹੋਣ ਲਈ ਚੁਣਿਆ ਹੈ, ਪਰ ਪਰਮੇਸ਼ੁਰ ਨੇ ਉਸ ਨੂੰ ਰੋਕ ਦਿੱਤਾ।

**1 ਸਮੂਏਲ 16:7 ਪਰ ਯਹੋਵਾਹ ਨੇ, ਸਮੂਏਲ ਨੂੰ ਆਖਿਆ, ਉਹ ਦੇ ਮੂੰਹ ਉੱਤੇ ਉਹ ਦੀ ਲੰਮਾਣ ਵੱਲ ਨਾ ਵੇਖ ਕਿਉਂ ਜੋ, ਉਹ ਨੂੰ ਮੈਂ ਨਹੀਂ ਮੰਨਿਆ ਯਹੋਵਾਹ ਜੋ ਮਨੁੱਖ ਵਾਂਙੂ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਵੇਖਦਾ ਹੈ।**

### ਸਿੱਖਿਆ ਦੀ ਘਾਟ

ਕਈ ਹੋਰ ਆਪਣੀ ਸਿੱਖਿਆ ਦੀ ਘਾਟ ਕਾਰਨ ਅਸੁਰੱਖਿਅਤ ਮਹਿਸੂਸ ਕਰਦੇ ਹਨ। ਪਰ ਪ੍ਰਭੂ ਦਾ ਵਚਨ ਪ੍ਰਗਟ ਕਰਦਾ ਹੈ ਕਿ ਮਸੀਹ ਵਿੱਚ ਸਾਡੇ ਕੋਲ ਸਾਰੇ ਬੁੱਧੀ ਤੇ ਗਿਆਨ ਦੇ ਖਜ਼ਾਨੇ ਪਾਏ ਜਾਂਦੇ ਹਨ। ਅਮਲੀ ਗਿਆਨ ਪਰਮੇਸ਼ੁਰ ਨੂੰ ਜਾਣਨਾ ਹੈ।

**ਕੁਲੁੱਸੀਆਂ 2:2, 3... ਤਾਂ ਜੋ ਉਨ੍ਹਾਂ ਦੇ ਦਿਲਾਂ ਨੂੰ ਤਸੱਲੀ ਹੋਵੇ ਅਤੇ ਓਹ ਪ੍ਰੇਮ ਵਿੱਚ ਗੁੰਦੇ ਰਹਿਣ ਭਈ ਓਹ ਸਮਝ ਦੀ ਪੂਰੀ ਨਿਹਚਾ ਦੇ ਸਾਰੇ ਧਨ ਨੂੰ ਪਰਾਪਤ ਹੋ ਜਾਣ ਅਤੇ ਪਰਮੇਸ਼ੁਰ ਦੇ ਭੇਤ ਨੂੰ ਜਾਣ ਲੈਣ ਅਰਥਾਤ ਮਸੀਹ ਨੂੰ। ਜਿਹ ਦੇ ਵਿੱਚ ਬੁੱਧ ਅਤੇ ਗਿਆਨ ਦੇ ਸਾਰੇ ਖਜ਼ਾਨੇ ਗੁਪਤ ਹਨ।**

### ਅਪ੍ਰਵਾਨਗੀ ਦੀ ਧਾਰਨਾ

ਅਜਿਹਾ ਕਿਉਂ ਹੈ ਕਿ ਕਈ ਵਿਸ਼ਵਾਸੀਆਂ ਨੂੰ ਅੱਜ ਵੀ ਅਸੀਂ ਦੇਖਦੇ ਹਾਂ ਕਿ ਆਪਣੀਆਂ ਜਾਨਾਂ ਵਿੱਚ ਡੂੰਘੀ ਭਾਵਨਾਤਮਕ ਡਰ ਵਾਲੀ ਅਪ੍ਰਵਾਨਗੀ ਦੀ ਧਾਰਨਾ ਨਾਲ ਘਿਰੇ ਹੋਏ ਹਨ?

ਪਰਮੇਸ਼ੁਰ ਨੇ ਕਿਹਾ,

**ਅਫ਼ਸੀਆਂ 1:5–7 ... ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੇ ਹੀ ਠਹਿਰਾਇਆ। ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ। ਜਿਹ ਦੇ ਵਿੱਚ ਉਸਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕ੍ਰਿਪਾ ਦੇ ਧਨ ਅਨੁਸਾਰ ਮਿਲਦੀ ਹੈ।**

ਜੇਕਰ "ਅਸੀਂ ਪਿਤਾ ਕਰਕੇ ਸਵੀਕਾਰੇ ਗਏ ਹਾਂ," ਤਾਂ ਸਾਨੂੰ ਅਪ੍ਰਵਾਨਗੀ ਦੀ ਧਾਰਨਾ ਨੂੰ ਕੋਲ ਨਹੀਂ ਆਉਣ ਦੇਣਾ ਚਾਹੀਦਾ। ਯਿਸੂ ਮਸੀਹ ਵਿੱਚ ਸਾਡੇ ਸਵੀਕਾਰੇ ਜਾਣ ਦੇ ਗਿਆਨ ਵਿੱਚ ਸਾਨੂੰ ਸੁਰੱਖਿਅਤ ਰਹਿਣਾ ਚਾਹੀਦਾ ਹੈ।

ਪਿਤਾ ਪਰਮੇਸ਼ੁਰ ਸਾਨੂੰ ਉਸੇ ਪਿਆਰ ਦੇ ਨਾਲ ਸਵੀਕਾਰ ਕਰਦਾ ਹੈ ਜਿਵੇਂ ਉਹ ਆਪਣੇ ਪੁੱਤਰ ਨੂੰ। ਸਾਨੂੰ ਅਪ੍ਰਵਾਨਗੀ ਦੇ ਸੋਚ ਵਿਚਾਰ ਨੂੰ ਬਾਹਰ ਸੁੱਟ ਕੇ ਉਦੋਂ ਤੱਕ ਪਰਮੇਸ਼ੁਰ ਦੇ ਵਚਨ ਤੇ ਅਧਿਐਨ ਕਰਨਾ ਚਾਹੀਦਾ ਹੈ ਜਦ ਤੱਕ ਸਾਨੂੰ ਆਪਣੇ ਸਵੀਕਾਰੇ ਜਾਣ ਦੀ ਨਿਸ਼ਚਿਤਤਾ ਤੇ ਭਰੋਸਾ ਨਾ ਹੋ ਜਾਵੇ। ਸਾਨੂੰ ਆਪਣੇ

ਆਪ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿਉਂਕਿ ਪਰਮੇਸ਼ੁਰ ਨੇ ਸਾਨੂੰ ਸਵੀਕਾਰਿਆ ਹੈ।

## ਝੂਠੀ ਨਿਮਰਤਾ

ਕਈ ਸਾਲਾਂ ਤੋਂ ਆਤਮਿਕ ਘਮੰਡ ਦਾ ਵਾਧਾ ਹੋਇਆ ਹੈ ਜਿਸਨੂੰ ਗਲਤੀ ਨਾਲ ਝੂਠੀ ਨਿਮਰਤਾ ਕਰਕੇ ਸੱਦਿਆ ਜਾਂਦਾ ਹੈ।

ਇਨ੍ਹਾਂ ਸ਼ਬਦਾਂ ਨਾਲ ਅਸੀਂ ਗੀਤ ਗਾਉਂਦੇ ਹਾਂ "ਮੈਂ ਗੁਆਚਿਆ ਹੋਇਆ ਗਰੀਬ ਪਾਪੀ ਹਾਂ ਜੋ ਉਸਦੀ ਕ੍ਰਿਪਾ ਦੁਆਰਾ ਬਚਾਇਆ ਗਿਆ ਹਾਂ"। ਉਹ ਸੱਚ ਨਹੀਂ ਹੈ। "ਜਦੋਂ ਇੱਕ ਵਾਰੀ ਅਸੀਂ ਬਚਾਏ ਜਾਂਦੇ ਹਾਂ ਤਾਂ ਉਸ ਤੋਂ ਬਾਅਦ ਗੁਆਚੇ ਹੋਏ ਗਰੀਬ ਨਹੀਂ ਹਾਂ!"

ਕਈ ਸਾਲਾਂ ਤੋਂ ਇਹ ਮਸ਼ਹੂਰ ਗੀਤ ਅਸੀਂ ਗਾਉਂਦੇ ਹਾਂ ਜਿਸ ਦੀਆਂ ਲਾਈਨਾਂ ਹਨ "ਮੈਂ ਅਜਿਹੇ ਕੀੜੇ ਦੇ ਸਮਾਨ ਹਾਂ"। ਇਸ ਤਰ੍ਹਾਂ ਪਰਮੇਸ਼ੁਰ ਸਾਨੂੰ ਨਹੀਂ ਵੇਖਦਾ ਹੈ। ਇਹ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ। ਅਸੀਂ ਮਿੱਟੀ ਦੇ ਕੀੜੇ ਨਹੀਂ ਹਾਂ। ਅਸੀਂ ਤਾਂ ਨਵੀਂ ਸਰਿਸ਼ਟ ਹਾਂ। ਅਸੀਂ ਮਸੀਹ ਵਿੱਚ ਹਾਂ। ਅਸੀਂ ਉਸਦੇ ਰੂਪ ਵਿੱਚ ਬਦਲ ਗਏ ਹਾਂ।

ਅਯੋਗ ਇਨਸਾਨੀਅਤ, ਸਾਨੂੰ ਘਮੰਡ ਦੀ ਤਰ੍ਹਾਂ ਨਾਸ ਕਰਦੀ ਹੈ।

ਕਈ ਵਾਰੀ ਕਿੰਨੇ ਨਿਕੰਮੇ ਦਿਖਾਈ ਦੇਣ ਵਾਲੇ ਸੋਚ ਵਿਚਾਰਾਂ ਨੂੰ ਅਸੀਂ ਨਿਮਰਤਾ ਦਾ ਪ੍ਰਗਟੀਕਰਨ ਸਮਝਦੇ ਹਾਂ ਪਰੰਤੂ ਸਾਡੇ ਜੀਵਨਾਂ ਵਿੱਚ ਅਸਫਲਤਾ ਦੇ ਗੜ੍ਹਾਂ ਦੀ ਸਥਾਪਨਾ ਕਰਦੇ ਹਨ ਜੋ ਯਿਸੂ ਮਸੀਹ ਵਿੱਚ ਪੂਰੀ ਯੋਗਤਾ ਨੂੰ ਜਾਣਨ ਲਈ ਕਹਿੰਦੇ ਹਨ।

## ਸੱਚੀ ਨਿਮ੍ਰਤਾ

ਸੱਚੀ ਨਿਮਰਤਾ ਪਰਮੇਸ਼ੁਰ ਦੀ ਕਿਰਪਾ ਨੂੰ ਪਹਿਚਾਣਨ ਨਾਲ ਆਉਂਦੀ ਹੈ। ਪਿਛਲੇ ਦਿਨਾਂ ਵਿੱਚ ਅਸੀਂ ਉਸਦੀ ਕਿਰਪਾ ਨੂੰ ਪਹਿਚਾਣਿਆ ਜਦੋਂ ਅਸੀਂ ਪਰਮੇਸ਼ੁਰ ਦੇ ਵੈਰੀ ਸਾਂ। ਉਸਦੇ ਮਹਾਨ ਪਿਆਰ ਦੇ ਅਯੋਗ, ਉਸਨੇ ਸਾਨੂੰ ਮੁਕਤ ਕੀਤਾ ਤਾਂ ਜੋ ਅਸੀਂ ਉਹ ਬਣ ਸਕੀਏ ਜਿਸ ਲਈ ਉਸਨੇ ਸਾਨੂੰ ਸਰਿਸ਼ਟ ਕੀਤਾ।

ਸੱਚੀ ਨਿਮਰਤਾ ਪਰਮੇਸ਼ੁਰ ਦੇ ਬਾਰੇ ਚੰਗਾ ਸੋਚਣਾ ਹੈ। ਇਹ ਜਾਣਨਾ ਕਿ ਜੋ ਕੁਝ ਵੀ ਹਾਂ, ਅਤੇ ਜੋ ਕੁਝ ਵੀ ਅਸੀਂ ਕਰ ਸਕਦੇ ਹਾਂ ਇਹ ਉਸਦੀ ਮਹਾਨ ਦਯਾ ਤੇ ਕਿਰਪਾ ਜਿਹੜੀ ਸਾਡੇ ਪ੍ਰਤੀ ਹੈ ਉਸ ਦੇ ਕਾਰਨ ਹੈ।

ਇਹ ਸੱਚ ਹੈ ਕਿ ਸਾਨੂੰ ਕਦੇ ਵੀ ਆਪਣੇ ਆਪ ਤੋਂ "ਵੱਧ ਕੇ ਉੱਚਾ ਨਹੀਂ ਸੋਚਣਾ ਚਾਹੀਦਾ," ਪਰ ਨਾ ਹੀ ਸਾਨੂੰ ਆਪਣੇ ਆਪ ਨੂੰ ਨੀਵਾਂ ਸੋਚਣਾ ਚਾਹੀਦਾ ਹੈ ਨਹੀਂ ਤਾਂ ਹੋ ਜਾਵਾਂਗੇ।

ਜੇਕਰ ਅਸੀਂ ਆਪਣੇ ਆਪ ਯਿਸੂ ਦੀ ਤਰ੍ਹਾਂ ਕੰਮ ਕਰਨ ਵਾਲੇ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਆਪਣੀ ਅਯੋਗਤਾ ਨੂੰ ਥੱਲੇ ਸੁੱਟਣਾ ਹੋਵੇਗਾ, ਸਰਿਸ਼ਟ "ਨਹੀਂ ਕਰ ਸਕਦੇ" ਅਤੇ ਉਹਨਾਂ ਨੂੰ ਨਵੀਂ ਸਰਿਸ਼ਟ ਵਿੱਚ ਪਰਿਵਰਤਨ ਕਰੋ।

## ਗੁਲਾਮ ਦੇ ਸਰੂਪ ਨੂੰ ਬਦਲਣਾ

ਕਈ ਆਪਣੇ ਆਪ ਵਿੱਚ ਗੁਲਾਮ ਦਾ ਸਰੂਪ ਪਾਉਂਦੇ ਹਨ ਉਹ ਆਪਣੇ ਆਪ ਨੂੰ ਭੈੜੀ ਗਰੀਬੀ ਦੀ ਗੁਲਾਮੀ ਵਿੱਚ ਰਹਿੰਦੇ ਦੇਖਦੇ ਹਨ। ਉਹ ਖ਼ੁਦ ਨੂੰ ਅਜਿਹੀ ਤਸਵੀਰ ਦੇ ਯੋਗ ਨਹੀਂ ਸਮਝਦੇ ਹਨ ਤਾਂ ਜੋ ਪਰਮੇਸ਼ੁਰ ਦੀ ਖੁਸ਼ਹਾਲੀ ਤੇ ਬਰਕਤਾਂ ਪ੍ਰਾਪਤ ਕਰ ਸਕਣ। ਉਹ ਨਾ ਹੀ ਰਾਜੇ ਦੇ ਬੱਚਿਆਂ ਦੀ ਤਰ੍ਹਾਂ ਆਪਣੇ ਆਪ ਨੂੰ ਵੇਖਦੇ ਹਨ।

**ਇਸਰਾਏਲੀਆਂ ਦੀ ਉਦਾਹਰਣ**

ਮਿਸਰ ਵਿੱਚ, ਇਸਰਾਏਲ ਦੇ ਬੱਚੇ ਕਿਸੇ ਹੋਰ ਚੀਜ਼ ਨਾਲ ਨਹੀਂ ਸਗੋਂ ਸੈਂਕੜੇ ਸਾਲਾਂ ਵਿੱਚ ਗੁਲਾਮੀ ਤੋਂ ਜਾਣੇ ਜਾਂਦੇ ਸਨ। ਪਰਮੇਸ਼ੁਰ ਦੇ ਨਵੇਂ ਮੁਕਤ ਕੀਤੇ ਹੋਏ ਪੁੱਤਰ ਅਤੇ ਪੁਤਰੀਆਂ ਉਹਨਾਂ ਨੂੰ ਪਰਕਾਸ਼ ਦੀ ਜ਼ਰੂਰਤ ਹੈ ਕਿ ਜਾਣ ਕਿ ਪਰਮੇਸ਼ੁਰ ਦੀ ਬਿਵਸਥਾ ਦੇ ਲੋਕ ਹਨ।

***ਸੋਨਾ, ਚਾਂਦੀ***

ਪਰਮੇਸ਼ੁਰ ਚਾਹੁੰਦਾ ਸੀ ਕਿ ਉਹਨਾਂ ਦੀ ਆਪਣੇ-ਆਪ ਦੀ ਸਰਿਸ਼ਟ ਗਰੀਬੀ ਦੀ ਗੁਲਾਮੀ ਤੋਂ ਬਦਲ ਕੇ ਪਰਮੇਸ਼ੁਰ ਦੇ ਛੁਡਾਏ ਹੋਏ ਨਵੀਂ ਸਰਿਸ਼ਟ ਦੇ ਸਰੂਪ ਦੇ ਉੱਤੇ ਬਣਾਵੇ। ਉਸਨੇ ਉਨ੍ਹਾਂ ਨੂੰ ਮਿਸਰੀਆਂ ਕੋਲੋਂ ਸੋਨਾ, ਚਾਂਦੀ ਦੇ ਜਵਾਹਰਾਤ ਤੇ ਮਹਿੰਗੇ ਕੱਪੜੇ ਮੰਗਣ ਲਈ ਸਿੱਖਿਆ ਦਿੱਤੀ।

ਉਹਨਾਂ ਨੂੰ ਸੋਨਾ ਤੇ ਚਾਂਦੀ ਦੇ ਜਵਾਹਰਾਤ ਡੱਬਿਆਂ ਵਿੱਚ ਰੱਖਣ ਲਈ ਨਹੀਂ ਕਿਹਾ। ਅਤੇ ਨਾ ਹੀ ਕੀਮਤੀ ਕੱਪੜਿਆਂ ਨੂੰ ਰੇਗਿਸਤਾਨ ਵਿੱਚ ਸਫ਼ਰ ਕਰਦੇ ਸਮੇਂ ਸਾਂਭ ਕੇ ਰੱਖਣ ਲਈ। ਪਰ ਪਰਮੇਸ਼ੁਰ ਨੇ ਉਹਨਾਂ ਨੂੰ ਕਿਹਾ ਕਿ ਆਪਣੇ ਪੁੱਤਰ ਅਤੇ ਧੀਆਂ ਨੂੰ ਸੋਨੇ, ਚਾਂਦੀ ਤੇ ਕੀਮਤੀ ਕੱਪੜੇ ਪਹਿਨਾਉ।

**ਕੂਚ 3,21, 22 ਓ ਅਤੇ ਮੈਂ ਇਸ ਪਰਜਾ ਲਈ ਮਿਸਰੀਆਂ ਦੀਆਂ ਅੱਖਾਂ ਵਿੱਚ ਦਯਾ ਪਾਵਾਂਗਾ ਅਤੇ ਐਉਂ ਹੋਵੇਗਾ ਕਿ ਜਾਂ ਤੁਸੀਂ ਜੀਓਗੇ ਤਾਂ ਖਾਲੀ ਹੱਥੀ ਨਾ ਜਾਓਗੇ। ਸਗੋਂ ਇੱਕ-ਇੱਕ ਤੀਵੀਂ ਆਪਣੀ ਗੁਵਾਂਢਣ ਤੋਂ ਅਰ ਉਸ ਤੋਂ ਜੋ ਉਸਦੇ ਘਰ ਵਿੱਚ ਰਹਿੰਦੀ ਹੈ ਚਾਂਦੀ ਦੇ ਗਹਿਣੇ ਅਰ ਸੋਨੇ ਦੇ ਗਹਿਣੇ ਅਰ ਬਸਤ੍ਰ ਮੰਗੇਗੀ ਅਤੇ ਤੁਸੀਂ ਆਪਣੇ ਪੁੱਤ੍ਰਾਂ ਅਤੇ ਧੀਆਂ ਦੇ ਪਾਓਗੇ ਅਰ ਮਿਸਰੀਆਂ ਨੂੰ ਲੁੱਟ ਲਓਗੇ।**

ਇਸਰਾਏਲੀਆਂ ਦੇ ਪੁੱਤਰ ਤੇ ਧੀਆਂ- ਪਰਮੇਸ਼ੁਰ ਦੇ ਚੁਣੇ ਲੋਕ-ਗੁਲਾਮੀ ਦੀ ਤੰਗੀ ਨਾਲ ਬਾਹਰ ਨਹੀਂ ਨਿਕਲੇ ਸਨ। ਜਿਹੜੇ ਜੂਤੇ ਉਨ੍ਹਾਂ ਨੇ ਵਾਇਦਾ ਕੀਤੀ ਯਾਤਰਾ ਦੌਰਾਨ ਨਹੀਂ ਪਾਏ ਸਨ ਉਹ ਕੱਪੜੇ ਤੇ ਜਵਾਹਰਾਤ ਉਨ੍ਹਾਂ ਦਾ ਧੰਨ ਬਣ ਗਏ।

ਪਰਮੇਸ਼ੁਰ ਉਨ੍ਹਾਂ ਦੀ ਪੁਰਾਣੀ ਇਨਸਾਨੀਅਤ ਨੂੰ ਬਦਲ ਰਿਹਾ ਸੀ। ਉਹ ਨੇ ਉਨ੍ਹਾਂ ਦੀ ਪੁਰਾਣੀ ਗੁਲਾਮੀ ਵਾਲੇ ਸਰੂਪ ਨੂੰ ਤੋੜ ਰਿਹਾ ਸੀ।

***ਵਧੀਕੀ ਲਈ***

ਬਾਅਦ ਵਿੱਚ, ਜਦੋਂ ਮਿਲਾਪ ਦਾ ਤੰਬੂ ਬਣਾਉਣ ਦਾ ਸਮਾਂ ਆਇਆ ਤਾਂ ਇਸਰਾਏਲੀਆਂ ਦੇ ਬਾਲਕਾਂ ਕੋਲ ਸੋਨਾ ਤੇ ਚਾਂਦੀ ਦੀ ਜਾਇਦਾਦ ਬਹੁਤ ਸੀ ਜੋ

ਕਿ ਉਹਨਾਂ ਨੇ ਵੱਧਕੇ ਦਿੱਤਾ। ਕਾਰੀਗਰਾਂ ਨੇ ਮੂਸਾ ਨੂੰ ਕਿਹਾ ਕਿ ਉਨ੍ਹਾਂ ਨੂੰ ਹੋਰ ਦੇਣ ਤੋਂ ਮਨਾ ਕਰੇ।

**ਕੂਚ 36:5-7 ਅਤੇ ਉਹਨਾਂ ਨੇ ਮੂਸਾ ਨੂੰ ਆਖਿਆ, "ਕਿ ਲੋਕ ਉਪਾਸਨਾ ਦੇ ਕੰਮ ਦੀ ਲੋੜ ਤੋਂ ਜਿਹਦਾ ਯਹੋਵਾਹ ਨੇ ਬਣਾਉਣ ਦਾ ਹੁਕਮ ਦਿੱਤਾ।" ਹੈ ਵਾਫਰ ਲਿਆਉਂਦੇ ਤਾਂ ਮੂਸਾ ਨੇ ਹੁਕਮ ਦਿੱਤਾ ਅਰ ਉਨ੍ਹਾਂ ਨੇ ਏਹ ਆਖ ਕੇ ਸਾਰੇ ਡੇਰੇ ਵਿੱਚ ਹੋਕਾ ਫਿਰਾਇਆ "ਭਈ ਮਨੁੱਖ ਅਤੇ ਇਸਤਰੀਆਂ ਪਵਿੱਤ੍ਰ ਅਸਥਾਨ ਦੀਆਂ ਭੇਟਾਂ ਲਈ ਹੋਰ ਪ੍ਰਬੰਧ ਨਾ ਕਰਨਾ।" ਸੋ ਲੋਕ ਲਿਆਉਣ ਤੋਂ ਹੱਟ ਗਏ। ਕਿਉਂ ਜੋ ਉਸ ਸਾਰੇ ਕੰਮ ਦੇ ਬਣਾਉਣ ਲਈ ਮਸਾਲਾ ਬਹੁਤ ਸੀ ਸਗੋਂ ਵਾਫ਼ਰ ਵੀ ਸੀ।**

ਜਿਸ ਤਰ੍ਹਾਂ ਪਰਮੇਸ਼ੁਰ ਨੇ ਇਸਰਾਏਲੀਆਂ ਦੇ ਸਰੂਪ ਨੂੰ ਬਦਲਿਆ ਉਸੇ ਤਰ੍ਹਾਂ ਉਹ ਸਾਡੀ ਵੀ ਪੁਰਾਣੀ ਗਰੀਬੀ ਦੇ ਸਰੂਪ ਤੇ ਪਾਪ ਦੀ ਗੁਲਾਮੀ ਦੇ ਸਰੂਪ ਨੂੰ ਬਦਲਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਅਸੀਂ ਆਪਣੀ ਮੁਕਤੀ ਦੇ ਅਨੰਦ ਦਾ ਅਨੁਭਵ ਕਰੀਏ।

## ਖਿਆਲਾਂ ਨੂੰ ਢਾਹ ਸੁੱਟਣਾ

ਪੁਰਾਣੀ ਇਨਸਾਨੀਅਤ ਜੋ ਪਰਮੇਸ਼ੁਰ ਨੂੰ ਨਰਾਜ਼ ਕਰਦੀ ਹੈ ਕਿਵੇਂ ਅਸੀਂ ਇਸ ਤੋਂ ਅਜ਼ਾਦੀ ਪਾਪ ਸਕਦੇ ਹਾਂ?

ਕਿਵੇਂ ਅਸੀਂ ਹੀਣਤਾ ਦੀ ਗੁਲਾਮੀ, ਅਸੁਰੱਖਿਅਤ, ਥੁੜ੍ਹਤਾ ਦੀ ਧਾਰਨਾ, ਅਪਰਾਧ, ਸਜ਼ਾ ਅਤੇ ਅਯੋਗਤਾ ਤੋਂ ਅਜ਼ਾਦੀ ਪਾ ਸਕਦੇ ਹਾਂ।

ਕਿਵੇਂ ਅਸੀਂ ਇਨ੍ਹਾਂ ਹਰਾਉਣ ਵਾਲੇ ਸੋਚ ਵਿਚਾਰਾਂ ਤੇ ਖਿਆਲਾਂ ਦਾ ਆਪਣੇ ਜੀਵਨ ਵਿੱਚ ਬਦਲਾਉ ਕਰ ਸਕਦੇ ਹਾਂ?

ਪਰਮੇਸ਼ੁਰ ਦਾ ਵਚਨ ਸਾਨੂੰ ਉੱਤਰ ਦਿੰਦਾ ਹੈ।

**2 ਕੁਰਿੰਥੀਆਂ 10:5 ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।**

ਖਿਆਲ ਮਨ ਵਿੱਚ ਹੁੰਦੇ ਹਨ। ਸਾਨੂੰ ਆਪਣੇ ਮਨ ਨੂੰ ਕਾਬੂ ਰੱਖਣਾ ਅਤੇ ਹਰੇਕ ਵਿਚਾਰ ਜੋ ਪਰਮੇਸ਼ੁਰ ਦੇ ਵਚਨ ਦੇ ਖਿਲਾਫ਼ ਹਨ ਢਾਹ ਸੁੱਟਣਾ ਹੈ।

ਸਾਡੇ ਮਨ, ਜਾਨ, ਇੱਛਾ, ਭਾਵਨਾ ਵਿੱਚ-ਯੁੱਧ ਚੱਲਦਾ ਰਹਿੰਦਾ ਹੈ। ਇਹੋ ਹੀ ਖੇਤਰ ਹੈ ਜਿਸ ਵਿੱਚ ਯੁੱਧ ਹਾਰਿਆ ਜਾਂ ਜਿੱਤਿਆ ਜਾਂਦਾ ਹੈ। ਸਾਡਾ ਮਨ ਪਰਮੇਸ਼ੁਰ ਦੇ ਵਚਨ ਨਾਲ ਤਾਜਾ ਹੋਣਾ ਚਾਹੀਦਾ ਹੈ।

ਸਾਨੂੰ ਹਰੇਕ ਸੋਚ ਵਿਚਾਰ ਨੂੰ ਕੈਦ ਕਰਕੇ ਮਸੀਹ ਦੇ ਆਗਿਆਕਾਰ ਕਰਨਾ ਹੈ। ਸਾਨੂੰ ਕਾਬੂ ਕਰਨਾ ਤੇ ਹਰੇਕ ਸੋਚ ਵਿਚਾਰ ਨੂੰ ਉਸ ਗਿਆਨ ਦੇ ਅਧੀਨ ਕਰਨਾ ਹੈ ਕਿ ਮਸੀਹ ਵਿੱਚ ਅਸੀਂ ਕੌਣ ਹਾਂ।

## ਸੱਪ ਦੀ ਤਰ੍ਹਾਂ

ਜੇਕਰ ਇੱਕ ਜ਼ਹਿਰੀਲਾ ਸੱਪ ਦਰੱਖ਼ਤ ਤੋਂ ਡਿੱਗ ਕੇ ਸਾਡੀ ਬਾਂਹ ਨੂੰ ਵਲੇਵਾ ਪਾ ਲਵੇ ਤਾਂ ਕੀ ਅਸੀਂ ਖੜੇ ਹੋ ਕੇ ਦੇਖਦੇ ਰਹਾਂਗੇ ਕਿ ਸਾਡੇ ਸਰੀਰ ਤੇ ਕਿਵੇਂ ਇਹ ਜ਼ਹਿਰੀਲਾ ਜ਼ਹਿਰ ਫੈਲਦਾ ਹੈ। ਨਹੀਂ। ਤੁਰੰਤ ਅਸੀਂ ਆਪਣੀ ਬਾਂਹ ਨੂੰ ਜ਼ੋਰ ਅਤੇ ਤੇਜ਼ੀ ਨਾਲ ਜਿੰਨੀ ਜਲਦੀ ਹੋ ਸਕੇ ਉਹ ਨੂੰ ਲਮਕਾਵਾਂਗੇ। ਇਹ ਦ੍ਰਿੜ ਤੇ ਜ਼ਬਰਦਸਤ ਕ੍ਰਿਆ ਹੋਵੇਗੀ। ਉਸ ਸੱਪ ਦੇ ਡੰਗ ਮਾਰਨ ਤੋਂ ਪਹਿਲਾਂ ਅਸੀਂ ਉਸ ਨੂੰ ਸੁੱਟ ਦਿਆਂਗੇ।

ਉਸ ਹੀ ਤਰ੍ਹਾਂ, ਸਾਨੂੰ ਕਰਨਾ ਹੈ, ਪੁਰਾਣੀ ਇਨਸਾਨੀਅਤ ਦੇ ਖਿਆਲਾਂ ਨਾਲ ਨਫ਼ਰਤ ਤੇ ਸੋਚ ਵਿਚਾਰਾਂ ਨੂੰ ਕੱਢ ਦੇਣਾ ਹੈ। ਸਾਨੂੰ ਉੱਚੀ ਅਵਾਜ਼ ਵਿੱਚ ਬੋਲਣਾ ਹੈ, "ਮੈਂ ਯਿਸੂ ਦੇ ਨਾਮ ਵਿੱਚ ਇਨ੍ਹਾਂ ਸੋਚ ਵਿਚਾਰਾਂ ਨੂੰ ਰੱਦ ਕਰਦਾ ਹਾਂ।"

*ਜਦੋਂ ਸਾਡਾ ਪੁਰਾਣਾ ਮਨ ਕਹੇ,*
*"ਤੂੰ ਨਹੀਂ ਕਰ ਸਕਦਾ, ਕਿਉਂ ਜੋ ਤੂੰ ਸ਼ਰਮੀਲਾ ਹੈ।"*
*ਅਸੀਂ ਕਹਿਣਾ ਹੈ*
*"ਯਿਸੂ ਦੇ ਨਾਮ ਵਿੱਚ ਮੈਂ ਇਹ ਸੋਚ ਵਿਚਾਰ ਨੂੰ ਰੱਦ ਕਰਦਾ ਹਾਂ।*
*ਮੈਂ ਮਸੀਹ ਵਿੱਚ ਕੁਝ ਕਰ ਸਕਦਾ ਹਾਂ*
*ਜੋ ਮੈਨੂੰ ਬਲ ਦਿੰਦਾ ਹੈ।"*
*ਜਦੋਂ ਸਾਡਾ ਪੁਰਾਣਾ ਮਨ ਕਹੇ,*
*"ਤੈਨੂੰ ਕੈਂਸਰ ਹੈ"।*
*ਅਸੀਂ ਕਹਿਣਾ ਹੈ,*
*"ਮੈਂ ਯਿਸੂ ਦੇ ਨਾਮ ਵਿੱਚ ਇਹ ਸੋਚ ਵਿਚਾਰ ਰੱਦ ਕਰਦਾ ਹਾਂ।*
*ਪਰਮੇਸ਼ੁਰ ਦਾ ਵਚਨ ਕਹਿੰਦਾ ਹੈ*
*ਕੋਈ ਬੀਮਾਰੀ ਮੇਰੇ ਸਥਾਨ ਦੇ ਨੇੜੇ ਨਹੀਂ ਆਵੇਗੀ।*
*ਮੈਂ ਜਾਣਦਾ ਹਾਂ ਕਿ ਯਿਸੂ ਦੇ ਕੌੜੇ ਖਾਣ ਨਾਲ ਮੈਂ ਚੰਗਾ ਹੋ ਗਿਆ ਹਾਂ।"*

## ਮਹਾਨ ਹਥਿਆਰ

ਸਾਡੇ ਜੀਵਨਾਂ ਵਿੱਚ ਗੜ੍ਹਾਂ ਨੂੰ ਤੋੜਨ ਲਈ ਸਾਡੇ ਕੋਲ ਮਹਾਨ ਹਥਿਆਰ ਹਨ।

ਪੌਲੁਸ ਰਸੂਲ ਨੇ ਲਿਖਿਆ,

**2 ਕੁਰਿੰਥੀਆਂ 10:4 ਓ ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤ੍ਰ ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ ...**

ਜਦੋਂ ਅਸੀਂ ਉਹ ਸੋਚ ਵਿਚਾਰ ਤੇ ਖਿਆਲ ਜੋ ਪਰਮੇਸ਼ੁਰ ਦੇ ਵਚਨ ਦੇ ਗਿਆਨ ਦੇ ਉਲਟ ਹਨ ਉਨ੍ਹਾਂ ਨੂੰ ਰੱਦ ਕਰਕੇ ਅਤੇ ਬਾਹਰ ਕੱਢ ਦਿੰਦੇ ਹਾਂ ਤਾਂ ਅਸੀਂ ਉਨ੍ਹਾਂ ਦੀ ਸ਼ਕਤੀ ਨੂੰ ਆਪਣੇ ਉੱਪਰ ਤੋਂ ਨਾਸ ਕਰ ਦਿੰਦੇ ਹਾਂ।

# ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣਾ

ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟਣ ਦੇ ਤਰੀਕੇ ਨੂੰ ਪੌਲੁਸ ਰਸੂਲ ਨੇ ਕੁਲੁੱਸੀਆਂ ਦੀ ਕਿਤਾਬ ਵਿੱਚ ਵਰਣਨ ਕੀਤਾ ਹੈ।

**ਕੁਲੁੱਸੀਆਂ 3:9–10 ਇੱਕ ਦੂਏ ਨਾਲ ਝੂਠ ਨਾ ਮਾਰੋ ਕਿਉਂ ਜੋ ਤੁਸਾਂ ਪੁਰਾਣੀ ਇਨਸਾਨੀਅਤ ਨੂੰ ਉਹਦੀਆਂ ਕਰਨੀਆਂ ਸਣੇ ਲਾਹ ਸੁੱਟਿਆ ਅਤੇ ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ।**

ਪਰਮੇਸ਼ੁਰ ਦੇ ਵਚਨ ਦੇ ਪਰਕਾਸ਼ ਨਾਲ "ਬਾਅਦ ਵਿੱਚ ਅਸੀਂ ਪੁਰਾਣੇ ਇਨਸਾਨ ਨੂੰ ਕੱਢ ਕੇ ਅਸੀਂ" "ਨਵੇਂ ਇਨਸਾਨ ਨੂੰ ਪਾਉਂਦੇ ਹਾਂ," ਜਿਹੜਾ ਉਸ ਮਾਲਿਕ ਦੇ ਸਰੂਪ ਦੇ ਗਿਆਨ ਵਿੱਚ ਤਾਜ਼ਾ ਹੋ ਜਾਂਦਾ ਹੈ।

### ਆਪਣੀ ਬੁੱਧ ਦਾ ਨਵੇਂ ਹੋਣਾ

ਸਾਡੀ ਜਾਨ ਮੁਕਤੀ ਦੇ ਪਲ ਸਧਾਰਨ ਤੌਰ ਤੇ ਕਿਵੇਂ ਕਾਰਵਾਈ ਕਰਦੀ ਹੈ ਉਸ ਨੂੰ ਅਸੀਂ ਬਦਲ ਨਹੀਂ ਸਕਦੇ। ਉਹੀ ਸਿਰਫ਼ ਪਹਿਲਾ ਕਦਮ ਹੈ। ਜਦੋਂ ਅਸੀਂ ਧਰਮ ਸ਼ਾਸਤਰ ਦਾ ਅਧਿਐਨ ਕਰਦੇ ਹਾਂ ਤਾਂ ਆਪਣੀ ਬੁੱਧ ਵਿੱਚ ਨਵੇਂ ਹੋ ਜਾਂਦੇ ਹਾਂ ਅਤੇ ਆਪਣੇ ਸਰਿਸ਼ਟੀ ਕਰਤਾ ਦੇ ਸਰੂਪ ਵਿੱਚ ਬਦਲ ਜਾਂਦੇ ਹਾਂ।

**ਰੋਮੀਆਂ 12:2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

ਪੌਲੁਸ ਲਿਖਦਾ ਹੈ ਕਿ ਮਨੁੱਖ ਪਰਮੇਸ਼ੁਰ ਦੇ ਸਰੂਪ ਦਾ ਤੇਜ ਹੈ।

**2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।**

ਜੇਕਰ ਅਸੀਂ ਪਰਮੇਸ਼ੁਰ ਦੇ ਸਰੂਪ ਅਨੁਸਾਰ ਸਰਿਸ਼ਟ ਕੀਤੇ ਗਏ ਹਾਂ ਅਤੇ ਨਵੀਂ ਸਰਿਸ਼ਟ ਹੁੰਦੇ ਹੋਏ ਪਰਮੇਸ਼ੁਰ ਦੇ ਸਰੂਪ ਨੂੰ ਵਾਪਸ ਮੋੜਦੇ ਹਾਂ ਜਦੋਂ ਅਸੀਂ ਆਪਣੇ ਬਾਰੇ ਨਾਕਾਰਤਮਕ ਗੱਲਾਂ ਕਰਦੇ ਹਾਂ ਤਾਂ ਪਰਮੇਸ਼ੁਰ ਦੀ ਬੇਇੱਜ਼ਤੀ ਕਰਦੇ ਹਾਂ।

ਸਾਨੂੰ ਆਪਣੇ ਬੀਤੇ ਸਮੇਂ ਬਾਰੇ ਨਹੀਂ ਬੋਲਣਾ ਚਾਹੀਦਾ ਹੈ। ਅਸੀਂ ਨਵੀਂ ਸਰਿਸ਼ਟ ਹਾਂ। ਅਸੀਂ ਮਹਿਮਾ ਤੋਂ ਮਹਿਮਾ ਵਿੱਚ ਪਰਿਵਰਤਨ ਹੁੰਦੇ ਜਾਂਦੇ ਹਾਂ।

# ਇੱਕ ਟਿੱਡੇ ਦੇ ਸਰੂਪ ਨੂੰ ਬਾਹਰ ਸੁੱਟਣਾ

### ਸਰੂਪ "ਕਰ ਸਕਦਾ ਹਾਂ"

ਜੇਕਰ ਅਸੀਂ ਜਿੱਤਣ ਵਾਲੀ ਕਾਮਯਾਬੀ ਮਸੀਹ ਜੀਵਨ ਜੀਉਣਾ ਚਾਹੁੰਦੇ ਹਾਂ ਤਾਂ ਸਾਨੂੰ ਚਾਹੀਦਾ ਹੈ ਕਿ ਆਪਣੀ "ਨਾ ਕਰ ਸਕਣ" ਵਾਲਾ ਸਰੂਪ ਕਰਨ ਵਾਲੇ ਸਰੂਪ ਵਿੱਚ ਬਦਲ ਦੇਈਏ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਉਹ ਕਰ ਸਕਦੇ ਹਾਂ ਜੋ ਪਰਮੇਸ਼ੁਰ ਦਾ ਵਚਨ ਕਰਨ ਲਈ ਕਹਿੰਦਾ ਹੈ।

## ਬਾਰ੍ਹਾਂ ਜਾਸੂਸਾਂ ਦੀ ਉਦਾਹਰਨ

ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਕਨਾਨ ਦੀ ਧਰਤੀ ਦੇਣ ਦਾ ਵਚਨ ਦਿੱਤਾ ਸੀ। ਸਮਾਂ ਆਇਆ ਜਦੋਂ ਪਰਮੇਸ਼ੁਰ ਨੇ ਬਾਰ੍ਹਾਂ ਕਬੀਲਿਆਂ ਵਿੱਚੋਂ ਇੱਕ ਇੱਕ ਮਨੁੱਖ ਦੀ ਖੋਜ ਕੱਢਣ ਤੇ ਉਸਦੀ ਵਾਪਸ ਰਿਪੋਰਟ ਲੈ ਕੇ ਆਉਣ ਲਈ ਕਿਹਾ। ਚਾਲੀ ਦਿਨਾਂ ਦੇ ਅੰਤ ਵਿੱਚ ਉਹ ਆਪਣੀਆਂ ਰਿਪੋਰਟਾਂ ਲੈ ਕੇ ਵਾਪਿਸ ਪਰਤੇ।

**ਗਿਣਤੀ 13:27, 28 ੳ, 30–33 ਅਤੇ ਉਨ੍ਹਾਂ ਨੇ ਉਹ ਨੂੰ ਨਿਰਨਾ ਕਰਕੇ ਆਖਿਆ ਕਿ "ਅਸੀਂ ਉਸ ਦੇਸ਼ ਨੂੰ ਗਏ ਜਿੱਥੇ ਤੈਂ ਸਾਨੂੰ ਘੱਲਿਆ ਸੀ। ਉੱਥੇ ਸੱਚਮੁੱਚ ਦੁੱਧ ਅਤੇ ਸ਼ਹਿਤ ਵਗਦਾ ਹੈ ਅਤੇ ਏਹ ਉਹ ਦਾ ਫਲ ਹੈ।"**

**"ਪਰੰਤੂ ਉਸ ਦੇਸ਼ ਦੇ ਵਾਸੀ ਬਲਵਾਨ ਹਨ ਅਤੇ ਉਸ ਦੇ ਸ਼ਹਿਰ ਗੜ੍ਹਾਂ ਵਾਲੇ ਅਤੇ ਵੱਡੇ–ਵੱਡੇ ਹਨ।"**

## ਅਸੀਂ ਯੋਗ ਹਾਂ

**ਤਾਂ ਕਾਲੇਬ ਨੇ ਮੂਸਾ ਦੇ ਅੱਗੇ ਪਰਜਾ ਨੂੰ ਚੁੱਪ ਕਰਾਇਆ ਅਤੇ ਆਖਿਆ, "ਜਰੂਰ ਅਸੀਂ ਉੱਪਰ ਜਾਈਏ ਅਤੇ ਉਸ ਦੇਸ ਉੱਤੇ ਕਬਜ਼ਾ ਕਰੀਏ ਕਿਉਂ ਜੋ ਅਸੀਂ ਉਹ ਦੇ ਉੱਤੇ ਕਬਜ਼ਾ ਕਰ ਸਕਦੇ ਹਾਂ। ਅਸੀਂ ਜ਼ਰੂਰ ਹੀ ਉਹ ਦੇ ਉੱਤੇ ਕਬਜ਼ਾ ਕਰ ਸਕਦੇ ਹਾਂ।"**

## ਅਸੀਂ ਯੋਗ ਨਹੀਂ ਹਾਂ

**ਪਰ ਉਨ੍ਹਾਂ ਮਨੁੱਖਾਂ ਨੇ ਜਿਹੜੇ ਉਹ ਦੇ ਨਾਲ ਉੱਪਰ ਗਏ ਸਨ ਆਖਿਆ ਭਈ ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਉੱਪਰ ਨਹੀਂ ਜਾ ਸਕਦੇ ਕਿਉਂ ਜੋ ਓਹ ਸਾਥੋਂ ਬਲਵਾਨ ਹਨ। ਓਹ ਇਸਰਾਏਲੀਆਂ ਕੋਲ ਉਸ ਦੇਸ਼ ਦੀ ਬੁਰੀ ਖਬਰ ਲਿਆਏ ਜਿਹ ਦਾ ਉਨ੍ਹਾਂ ਨੇ ਖੋਜ ਕੱਢਿਆ ਸੀ ਅਤੇ ਆਖਣ ਲੱਗੇ ਕਿ ਜਿਸ ਦੇਸ਼ ਦੇ ਵਿੱਚ ਦੀ ਅਸੀਂ ਲੰਘੇ ਭਈ ਉਸ ਦੀ ਖੋਜ ਕੱਢੀਏ ਅਜੇਹਾ ਦੇਸ਼ ਹੈ ਜਿਹੜਾ ਆਪਣੇ ਵਾਸੀਆਂ ਨੂੰ ਖਾਂਦਾ ਹੈ ਨਾਲੇ ਸਾਰੇ ਲੋਕ ਜਿਨ੍ਹਾਂ ਨੂੰ ਅਸਾਂ ਉਸ ਵਿੱਚ ਵੇਖਿਆ ਵੱਡੇ–ਵੱਡੇ ਕੱਦਾਂ ਵਾਲੇ ਮਨੁੱਖ ਹਨ।**

**"ਅਤੇ ਉੱਥੇ ਅਸਾਂ ਨਫੀਲੀਮ ਤੋਂ ਜਿਹੜੀ ਅਨਾਕ ਦੀ ਅੰਸ ਹੈ ਦੈਂਤ ਵੇਖੇ ਅਤੇ ਅਸੀਂ ਆਪਣੀ ਨਿਗਾਹ ਵਿੱਚ ਟਿੱਡਿਆਂ ਵਰਗੇ ਸਾਂ ਅਤੇ ਉਨ੍ਹਾਂ ਦੀ ਨਿਗਾਹ ਵਿੱਚ ਵੀ ਅਸੀਂ ਏਵੇਂ ਹੀ ਸਾਂ।"**

## ਅੰਤਰ ਪਰਮੇਸ਼ੁਰ ਦਾ ਹੈ

ਕਾਲੇਬ ਅਤੇ ਯਹੋਸ਼ੁਆ ਕੋਲ ਪਰਮੇਸ਼ੁਰ ਦਾ ਸੱਚਾ ਪਰਕਾਸ਼ ਸੀ। ਉਹ ਉਵੇਂ ਜਿਵੇਂ ਨਵੀਂ ਸਰਿਸ਼ਟ ਲੋਕਾਂ ਨੂੰ ਬੋਲਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ "ਜਰੂਰ ਅਸੀਂ ਉੱਪਰ ਜਾਈਏ ਅਤੇ ਉਸ ਦੇ ਉੱਪਰ ਕਬਜ਼ਾ ਕਰੀਏ" ਕਿਉਂ ਜੋ ਅਸੀਂ ਉਹਦੇ ਉੱਤੇ ਕਬਜ਼ਾ ਕਰ ਸਕਦੇ ਹਾਂ।

ਉਹ ਲਗਾਤਾਰ ਕਹਿੰਦਾ ਹੈ,

**ਗਿਣਤੀ 14:8–9 ਜੇ ਯਹੋਵਾਹ ਸਾਡੇ ਨਾਲ ਪ੍ਰਸੰਨ ਹੈ ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ ਸਾਨੂੰ ਦੇ ਦੇਵੇਗਾ। "ਉਹ ਇੱਕ ਧਰਤੀ ਹੈ ਜਿਹ ਦੇ ਵਿੱਚ ਦੁੱਧ ਅਤੇ ਸ਼ਹਿਤ ਵਗਦਾ ਹੈ"।**

**ਕੇਵਲ ਨਾ ਤਾਂ ਤੁਸੀਂ ਯਹੋਵਾਹ ਦੇ ਵਿਰੁੱਧ ਆਕੀ ਹੋਵੇ, ਨਾ ਹੀ ਤੁਸੀਂ ਉਸ ਦੇਸ਼ ਦੇ ਲੋਕਾਂ ਤੋਂ ਡਰੋ ਕਿਉਂ ਜੋ ਓਹ ਤਾਂ ਸਾਡੀ ਇੱਕ ਬੁਰਕੀ ਹੀ ਹਨ।**

**ਓਹਨਾਂ ਦੀ ਰੱਛਿਆ ਓਹਨਾਂ ਦੇ ਉੱਤੇ ਜਾਂਦੀ ਰਹੀ ਹੈ ਅਤੇ ਯਹੋਵਾਹ ਸਾਡੇ ਨਾਲ ਹੈ। ਓਹਨਾਂ ਤੋਂ ਤੁਸੀਂ ਨਾ ਡਰੋ।**

ਯਹੋਸ਼ੁਆ ਤੇ ਕਾਲੇਬ ਦੀ ਤਰ੍ਹਾਂ ਦੂਜੇ ਦਸਾਂ ਨੇ ਵੀ ਉਸੇ ਹਾਲਾਤਾਂ ਨੂੰ ਦੇਖਿਆ ਹੋਵੇਗਾ। ਕੁਝ ਵੀ ਹੋਵੇ ਉਨ੍ਹਾਂ ਕੋਲ ਪਰਮੇਸ਼ੁਰ ਦੀ ਮਹਾਨਤਾ ਨੂੰ ਦੇਖਣ ਦੀਆਂ ਅੱਖਾਂ ਨਹੀਂ ਸਨ। ਉਨ੍ਹਾਂ ਨੇ ਆਪਣੀ ਕੁਦਰਤੀ ਯੋਗਤਾ ਵੱਲ ਤੇ ਆਪਣੇ ਆਪ ਨੂੰ ਟਿੱਡਿਆਂ ਦੀ ਤਰ੍ਹਾਂ ਦੇਖਿਆ। ਉਹਨਾਂ ਆਪਣੇ ਆਪ ਵਿੱਚ ਟਿੱਡਿਆਂ ਦਾ ਸਰੂਪ ਪ੍ਰਾਪਤ ਕੀਤਾ ਸੀ।

**ਸਾਡਾ ਫੈਸਲਾ**

ਅੱਜ, ਸਾਨੂੰ ਆਪਣੇ ਟਿੱਡਿਆਂ ਦੇ ਸਰੂਪ ਨੂੰ ਬਾਹਰ ਸੁੱਟਣਾ ਤੇ ਨਵੀਂ ਸਰਿਸ਼ਟ ਦੇ ਸਰੂਪ ਨਾਲ ਬਦਲਣਾ ਹੈ। ਕਾਲੇਬ ਤੇ ਯਹੋਸ਼ੁਆ ਦੀ ਤਰ੍ਹਾਂ ਤੁਸੀਂ ਆਪਣੀ ਨਿਹਚਾ ਨੂੰ ਪਰਮੇਸ਼ੁਰ ਦੀ ਮਹਾਨਤਾ ਵੱਲ ਲੈ ਕੇ ਜਾਣਾ ਤੇ ਕਹਿਣਾ ਸ਼ੁਰੂ ਕਰ ਦਿਉ, "ਅਸੀਂ ਪੂਰੀ ਤਰ੍ਹਾਂ ਆਪਣੀ ਧਰਤੀ ਤੇ ਕਬਜ਼ਾ ਕਰਨ ਲਈ ਯੋਗ ਹਾਂ।"

ਕਈਆਂ ਲਈ, ਸਾਡੀ ਪੁਰਾਣੀ ਇਨਸਾਨੀਅਤ ਇੱਕ ਵੱਡੀ ਰੁਕਾਵਟ, ਜੋ ਰੱਖਣ, ਹੋਣ ਲਈ ਅਤੇ ਉਹ ਸਭ ਕੁਝ ਕਰਨ ਲਈ ਬਣੀ ਹੋਈ ਹੈ ਜੋ ਨਵੀਂ ਸਰਿਸ਼ਟ ਹੋਣ ਕਰਕੇ ਪ੍ਰਭੂ ਕੋਲ ਸਾਡੇ ਲਈ ਹੈ।

ਸਾਨੂੰ ਦਲੇਰੀ ਨਾਲ ਇਨ੍ਹਾਂ ਹਾਲਤਾਂ ਦੇ ਪਹਾੜ ਨਾਲ ਬੋਲਣਾ ਚਾਹੀਦਾ ਹੈ, ਅਤੇ ਕਹੋ "ਜੋ ਉੱਠ ਅਰ ਸਮੁੰਦਰ ਵਿੱਚ ਜਾ ਪੈ।"

**ਮੱਤੀ 21:21 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸਤ ਆਖਦਾ ਹਾਂ "ਭਈ ਜੇ ਤੁਹਾਨੂੰ ਨਿਹਚਾ ਹੋਵੇ ਅਤੇ ਤੁਸੀਂ ਭਰਮ ਨਾ ਕਰੋ ਤਾਂ ਤੁਸੀਂ ਨਿਰਾ ਇਹੋ ਨਹੀਂ ਕਰੋਗੇ ਜੋ ਹੰਜੀਰ ਦੇ ਬਿਰਛ ਨਾਲ ਹੋਇਆ ਸਗੋਂ ਜੇ ਤੁਸੀਂ ਇਸ ਪਹਾੜ ਨੂੰ ਕਹੋ ਜੋ ਉੱਠ ਅਰ ਸਮੁੰਦਰ ਵਿੱਚ ਜਾ ਪੈ ਤਾਂ ਅਜਿਹਾ ਹੋ ਜਾਏਗਾ।"**

ਸਾਡੇ ਯੁੱਧ ਦੇ ਹਥਿਆਰ ਪਰਮੇਸ਼ੁਰ ਵਿਚ ਗੜ੍ਹਾਂ ਨੂੰ ਢਾਹ ਸੁੱਟਣ ਲਈ ਡਾਢੇ ਤਕੜੇ ਹਨ। ਸਾਡੀ ਪੁਰਾਣੀ ਇਨਸਾਨੀਅਤ ਦੇ ਗੜ੍ਹ ਟੁੱਟ ਤੇ ਡਿੱਗ ਜਾਣਗੇ। ਜਿਵੇਂ ਪ੍ਰਭੂ ਸਾਡੇ ਪ੍ਰਤੀ ਕਹਿੰਦਾ ਹੈ ਉਸੇ ਤਰਹਾਂ ਭਾਲੀ ਹੋਈ ਇਨਸਾਨੀਅਤ ਸਣੇ ਸੱਭੋ ਕੁਝ ਨਵਾਂ ਹੋ ਜਾਵੇਗਾ।

**2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ ਓਹ ਨਵੀਆਂ ਹੋ ਗਈਆਂ ਹਨ।**

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਪੁਰਾਣੀ ਇਨਸਾਨੀਅਤ ਦੇ ਉਹ ਕਿਹੜੇ ਗੜ੍ਹ ਹਨ ਜਿਨ੍ਹਾਂ ਨੂੰ ਤੁਸੀਂ ਅਧਿਐਨ ਦੇ ਨਤੀਜੇ ਕਾਰਨ ਬਾਹਰ ਕੱਢ ਸੁੱਟਿਆ ਹੈ।
2. ਕੁੱਲੁਸੀਆਂ 3:9, 10 ਵਿੱਚ ਪੁਰਾਣੇ ਮਨੁੱਖ ਨੂੰ ਬਾਹਰ ਕੱਢਣਾ ਤੇ ਨਵੇਂ ਮਨੁੱਖ ਨੂੰ ਪਾਉਣ ਦੇ ਤਰੀਕੇ ਦਾ ਜ਼ਿਕਰ ਕਰਕੇ ਵਰਣਨ ਕਰੋ।
3. ਕਿਵੇਂ ਅਸੀਂ ਪ੍ਰਭਾਵਸ਼ਾਲੀ ਤੌਰ ਨਾਲ ਆਪਣੇ ਮਨ ਨੂੰ ਤਾਜ਼ਾ ਕਰ ਸਕਦੇ ਹਾਂ। ਜੋ ਰੋਮੀਆਂ 12:2 ਵਿੱਚ ਜ਼ਿਕਰ ਕੀਤਾ ਹੈ?

### ਅਧਿਆਏ ਛੇ

# ਮਸੀਹ ਵਿੱਚ ਸਾਡਾ ਸਰੂਪ

## ਮਸੀਹ ਵਿੱਚ ਸਾਡਾ ਪਰਿਵਾਰ

**ਨਵਾਂ ਜਨਮ**

ਜਿਸ ਪਾਲ ਅਸੀਂ ਯਿਸੂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨਦੇ ਹਾਂ ਤਾਂ ਅਸੀਂ ਨਵੇਂ ਪਰਿਵਾਰ ਵਿੱਚ ਨਵੇਂ ਸਿਰੇ ਤੋਂ ਜਨਮ ਲੈਂਦੇ ਹਾਂ।

ਯਿਸੂ ਨੇ ਨਿਕੁਦੇਮੁਸ ਨੂੰ ਆਖਿਆ

**ਯੂਹੰਨਾ 3:7 ਅਚਰਜ ਨਾ ਮੰਨੀਂ ਜੋ ਮੈਂ ਤੈਨੂੰ ਆਖਿਅ "ਭਈ ਤੁਹਾਨੂੰ ਨਵੇਂ ਸਿਰੇ ਜੰਮਣਾ ਜ਼ਰੂਰ ਹੈ।"**

ਯਿਸੂ ਨੇ ਨਿਕੁਦੇਮੁਸ ਨੂੰ ਸਪੱਸ਼ਟ ਤੌਰ ਤੇ ਕਿਹਾ ਕਿ ਉਹ ਸਰੀਰ ਵਿੱਚ ਜਨਮ ਲੈਣ ਬਾਰੇ ਨਹੀਂ ਪਰ ਉਸ ਨਵੇਂ ਸਿਰੇ ਤੋਂ ਜਨਮ ਲੈਣ ਤੋਂ ਅਰਥਾਤ ਕਿ "ਆਤਮਾ ਵਿੱਚ ਨਵੇਂ ਸਿਰੇ ਤੋਂ ਜੰਮਣਾ"

**ਯੂਹੰਨਾ 3:5-6 ਯਿਸੂ ਨੇ ਉੱਤਰ ਦਿੱਤਾ, "ਮੈਂ ਤੈਨੂੰ ਸੱਚ-ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸਕਦਾ।"**

ਯਿਸੂ ਨੂੰ ਨਿੱਜੀ ਮੁਕਤੀਦਾਤਾ ਮੰਨਣ ਤੋਂ ਪਹਿਲਾਂ ਜਦੋਂ ਅਸੀਂ ਆਪਣੇ ਸਰੀਰ ਵਿੱਚ (ਹੱਡੀ, ਮਾਸ ਤੋਂ ਲਹੂ) ਅਤੇ ਜਾਨ ਵਿੱਚ (ਬੁੱਧੀ, ਭਾਵ ਤੇ ਇੱਛਾ) ਵਿੱਚ ਸਾਂ ਤਾਂ ਅਸੀਂ ਆਤਮਿਕ ਤੌਰ ਤੇ ਮੁਰਦਾ ਸਾਂ।

ਮੁਕਤੀ ਦੇ ਪਲ ਅਸੀਂ ਆਤਮਿਕ ਤੌਰ ਤੇ ਨਵੇਂ ਸਿਰੇ ਤੋਂ ਜਨਮੇ ਹਾਂ, ਸਾਡੀ ਆਤਮਾ ਜੀਉਂਦੀ ਹੋ ਗਈ ਹੈ ਯਿਸੂ ਮਸੀਹ ਦੇ ਵਿੱਚ ਅਸੀਂ ਨਵੀਂ ਸਰਿਸ਼ਟ ਬਣ ਗਏ ਹਾਂ।

ਅਸੀਂ ਨਵੇਂ ਪਰਿਵਾਰ ਵਿੱਚ ਜਨਮ ਲੈ ਚੁੱਕੇ ਹਾਂ ਜੋ ਕਿ ਪਰਮੇਸ਼ੁਰ ਦਾ ਪਰਿਵਾਰ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲੈ ਲਿਆ ਤਾਂ ਅਸੀਂ ਉਸਦੇ ਬਾਲਕ ਬਣ ਗਏ ਹਾਂ।

**(ਪਰਮੇਸ਼ੁਰ ਦੇ ਬਾਲਕ)**

ਯੂਹੰਨਾ ਰਸੂਲ ਨੇ ਲਿਖਿਆ,

**1 ਯੂਹੰਨਾ 3:1 ਓ ਵੇਖੋ ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ!**

ਜੇਕਰ ਅਸੀਂ ਇਸ ਤਰ੍ਹਾਂ ਸਮਝੀਏ ਕਿ ਤੇ ਅਸੀਂ ਜਗਤ ਦੇ ਸਭ ਤੋਂ ਸ਼ਕਤੀਸ਼ਾਲੀ, ਬੁੱਧੀ ਤੇ ਸਮਝਦਾਰ ਪਿਤਾ ਦੇ ਪੁੱਤਰ ਤੋਂ ਪੱਤਰੀਆਂ ਹਾਂ। ਤਾਂ ਅਸੀਂ ਮਦਦ ਤਾਂ ਨਹੀਂ ਪਰ ਇਹ ਮਹਿਸੂਸ ਕਰ ਸਕਦੇ ਹਾਂ ਕਿ ਸਾਡੀਆਂ ਜ਼ਿੰਦਗੀਆਂ, ਪਦਵੀ, ਹੱਕ, ਹਿੱਤ ਅਤੇ ਭਵਿੱਖ ਪੂਰੀ ਤਰ੍ਹਾਂ ਬਦਲਿਆ ਹੋਵੇਗਾ

ਨਵੇਂ ਪਰਿਵਾਰਿਕ ਸੰਬੰਧ ਨੂੰ ਸਮਝਦੇ ਹੋਏ ਕਿ ਅਸੀਂ ਪਰਮੇਸ਼ੁਰ ਦੇ ਪੁੱਤਰ ਤੇ ਪੁੱਤਰੀਆਂ ਹਾਂ ਤਾਂ ਇਹ ਸਾਡੇ ਉਸ ਪੂਰੇ ਸੋਚ ਵਿਚਾਰ ਨੂੰ ਬਦਲ ਕੇ ਰੱਖ ਦੇਵੇਗਾ ਜੋ ਅਸੀਂ ਆਪਣੇ ਬਾਰੇ ਸੋਚਦੇ ਹਾਂ।

ਪੌਲੁਸ ਨੇ ਲਿਖਿਆ,

**ਰੋਮੀਆਂ 8:14 "ਜਿੰਨੇ ਪਰਮੇਸ਼ੁਰ ਦੇ ਆਤਮਾ ਦੀ ਅਗਵਾਈ ਨਾਲ ਚੱਲਦੇ ਹਨ ਓਹੀ ਪਰਮੇਸ਼ੁਰ ਦੇ ਪੁੱਤ੍ਰ ਹਨ।"**

ਜਦੋਂ ਅਸੀਂ ਯਿਸੂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੇ ਬਾਲਕ ਬਣ ਜਾਂਦੇ ਹਾਂ

**ਯੂਹੰਨਾ 1:12 ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿੰਨਾ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।**

"ਹੱਕ" ਸ਼ਬਦ ਤੋਂ ਭਾਵ "ਕਾਨੂੰਨੀ ਅਧਿਕਾਰ। ਜਦੋਂ ਅਸੀਂ ਨਿਹਚਾ ਕਰਦੇ ਹਾਂ ਤਾਂ ਸਾਡੇ ਕੋਲ ਉਸਦੇ ਪੁੱਤਰ ਤੇ ਪੁੱਤਰੀਆਂ ਹੋਣ ਲਈ ਕਾਨੂੰਨੀ ਅਧਿਕਾਰ ਹੈ।

## ਪਰਮੇਸ਼ੁਰ ਦੇ ਅਧਿਕਾਰੀ

ਪਰਮੇਸ਼ੁਰ ਨੇ ਕੇਵਲ ਸਾਨੂੰ ਆਪਣੇ ਬਾਲਕ ਹੀ ਨਹੀਂ ਬਣਾਇਆ ਪਰ ਉਸਨੇ ਯਿਸੂ ਨੂੰ ਇਨਾਮ ਦੀ ਤਰ੍ਹਾਂ ਸਾਨੂੰ ਆਪਣੀ ਮਿਰਾਸ ਵੀ ਦਿੱਤੀ ਹੈ। ਅਸੀਂ ਮਸੀਹ ਨਾਲ ਸਾਂਝੀ ਅਧਿਕਾਰੀ ਹਾਂ।

**ਰੋਮੀਆਂ 8:17 ੳ ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਿਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਿਕਾਰੀ...**

ਪਿਤਾ ਦੀ ਧਨ ਦੋਲਤ ਅਤੇ ਜਾਇਦਾਦ ਸੋਚਣ ਤੇ ਪਹੁੰਚ ਤੋਂ ਬਾਹਰ ਹੈ ਤੇ ਜੋ ਪਿਤਾ ਦਾ ਹੈ ਉਹ ਉਸਦੇ ਪੁੱਤਰ ਨਾਲ ਸਬੰਧਿਤ ਹੈ।

ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲੈਣਾ ਤੇ ਇਸ ਬਾਰੇ ਜਾਣਨਾ ਕੇ ਸਾਡੇ ਲਈ ਕਿੰਨੀ ਜ਼ਬਰਦਸਤ ਗੱਲ ਹੈ ਕਿ ਯਿਸੂ ਮਸੀਹ ਨਾਲ ਸਾਂਝੀ ਅਧਿਕਾਰੀ ਬਣਨ ਨਾਲ ਉਸਦੀ ਸਾਰੀ ਮਿਰਾਸ ਸਾਡੀ ਮਿਰਾਸ ਬਣ ਗਈ ਹੈ।

ਸਵਰਗ ਦੀ ਸਾਰੀ ਧਨ ਦੌਲਤ ਯਿਸੂ ਮਸੀਹ ਨਾਲ ਸੰਬੰਧਿਤ ਹੈ ਅਤੇ ਜਿਵੇਂ ਅਸੀਂ ਵੀ ਉਸਦੇ ਨਾਲ ਸਾਂਝੀ ਅਧਿਕਾਰੀ ਹਾਂ ਤਾਂ ਸਵਰਗ ਦੀ ਸਾਰੀ ਧਨ ਦੌਲਤ ਸਾਡੀ ਵੀ ਹੈ।

**ਅਫ਼ਸੀਆਂ 1:3 ਮੁਬਾਰਕ ਹੋਵੇ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿੱਚ ਸੁਰਗੀ ਥਾਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਬਰਕਤ ਦਿੱਤੀ।**

## ਆਪਣੀ ਮਿਰਾਸ ਦਾ ਮਾਲਕ ਹੋਣਾ

ਯਿਸੂ ਤੇ ਨਿਹਚਾ ਕਰਨ ਕਰਕੇ ਅਸੀਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲੈਂਦੇ ਹਾਂ ਤੇ ਪਰਮੇਸ਼ੁਰ ਦੇ ਪੁੱਤਰ ਤੇ ਪੁੱਤਰੀਆਂ ਬਣ ਜਾਂਦੇ ਹਾਂ। ਪਰਮੇਸ਼ੁਰ ਦੇ ਬਾਲਕ ਦੇ ਹੁੰਦੇ ਹੋਏ ਅਸੀਂ ਵਾਇਦਾ ਕੀਤੀ ਹੋਈ ਮਿਰਾਸ ਨੂੰ ਪ੍ਰਾਪਤ ਕਰ ਲੈਂਦੇ ਹਾਂ।

**ਗਲਾਤੀਆਂ 3:26 ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸਭੇ ਪਰਮੇਸ਼ੁਰ ਦੇ ਪੁੱਤ੍ਰ ਹੋ।**

**ਹਿਜ਼ਕੀਏਲ 46:16 ਪ੍ਰਭੂ ਯਹੋਵਾਹ ਐਉਂ ਫ਼ਰਮਾਉਂਦਾ ਹੈ, "ਜੇਕਰ ਰਾਜ ਕੁਮਾਰ ਆਪਣੇ ਪੁੱਤ੍ਰਾਂ ਵਿੱਚੋਂ ਕਿਸੇ ਨੂੰ ਕੋਈ ਸੁਗਾਤ ਦੇਵੇ ਤਾਂ ਉਹ ਉਸਦੇ ਪੁੱਤ੍ਰਾਂ ਦੀ ਮਿਰਾਸ ਹੋਵੇਗੀ।"**

ਨਵੀਂ ਸਰਿਸ਼ਟ ਹੁੰਦੇ ਹੋਏ ਸਾਨੂੰ ਆਪਣੀ ਮਿਰਾਸ ਨੂੰ ਜੋ ਹੱਕ ਬਣਦਾ ਹੈ ਉਸਨੂੰ ਵੀ ਪਾਉਣਾ ਜ਼ਰੂਰੀ ਹੈ।

***ਆਪਣੇ ਹਿੱਤਾਂ ਨੂੰ ਪ੍ਰਾਪਤ ਕਰਦੇ ਹੋਏ***

ਇਹ ਕਿੰਨੀ ਵਧੀਆ ਗੱਲ ਹੈ ਕਿ ਜਦੋਂ ਅਸੀਂ ਆਪਣੇ ਸੁਰਗੀ ਪਿਤਾ ਦੇ ਪੁੱਤਰ ਤੇ ਪੁੱਤਰੀਆਂ ਹੁੰਦੇ ਹੋਏ ਆਪਣੇ ਹਿੱਤਾਂ ਬਾਰੇ ਜਾਣਦੇ ਹਾਂ। ਤੇ ਕਿੰਨੀ ਗਰਮ ਜੋਸ਼ੀ ਇਹ ਜਾਣ ਕੇ ਹੋਵੇਗੀ ਕਿ ਆਪਣੀ ਮਿਰਾਸ ਦਾ ਆਨੰਦ ਮਾਣਨ ਲਈ ਸਾਨੂੰ ਸੁਰਗ ਤੱਕ ਪਹੁੰਚਣ ਲਈ ਉਡੀਕ ਦੀ ਲੋੜ ਨਹੀਂ ਹੈ।

ਪੌਲੁਸ ਰਸੂਲ ਨੇ ਲਿਖਿਆ,

**ਫ਼ਿਲਿੱਪੀਆਂ 4:19 ਅਤੇ ਮੇਰਾ ਪਰਮੇਸ਼ੁਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ।**

ਅਸੀਂ ਹੁਣ ਤੋਂ ਹੀ ਨਵੀਂ ਸ੍ਰਿਸ਼ਟ ਹੁੰਦੇ ਹੋਏ ਆਪਣੀ ਮਿਰਾਸ ਦਾ ਅਨੰਦ ਮਨਾਉਣਾ ਸ਼ੁਰੂ ਕਰ ਸਕਦੇ ਹਾਂ ਜਿਵੇਂ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਪਰਿਵਾਰ ਵਿੱਚ ਨਵੇਂ ਸਿਰੇ ਤੋਂ ਜਨਮ ਲੈ ਚੁੱਕੇ ਹਾਂ।

ਜਿਵੇਂ ਨਵੀਂ ਸ੍ਰਿਸਟ, ਪਰਮੇਸ਼ੁਰ ਦੇ ਬਾਲਕ ਅਤੇ ਯਿਸੂ ਮਸੀਹ ਨਾਲ ਸਾਂਝੀ ਅਧਿਕਾਰੀ ਹੁੰਦੇ ਹੋਏ ਇਸ ਧਰਤੀ ਤੇ ਰੋਣਾ ਤੇ ਭੀਖ ਨਹੀਂ ਮੰਗਣੀ, ਪਰਮੇਸ਼ੁਰ ਦਾ ਸੱਭੋ ਕੁਝ ਪਹਿਲਾਂ ਤੋਂ ਹੀ ਸਾਡਾ ਹੈ। ਕੇਵਲ ਇਹ ਸਾਨੂੰ ਕਰਨ ਦੀ ਲੋੜ ਹੈ ਕਿ ਕਿਵੇਂ ਪਰਮੇਸ਼ੁਰ ਦੀ ਬਰਕਤ (ਧਨ ਦੌਲਤ) ਨੂੰ ਨਿਹਚਾ ਤੇ ਆਗਿਆਕਾਰੀ ਨਾਲ ਪ੍ਰਾਪਤ ਕਰ ਸਕਦੇ ਹਾਂ

***ਧਨ ਕਮਾਉਣ ਲਈ ਬਲ***

ਮੂਸਾ ਨੇ ਇਸਰਾਏਲ ਦੇ ਬਾਲਕਾਂ ਨੂੰ ਇਹ ਸ਼ਬਦ ਆਖੇ

**ਬਿਵਸਥਾਸਾਰ 8:18 ਪਰ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਯਾਦ ਰੱਖੋ ਕਿਉਂ ਜੋ ਉਹੀ ਤੁਹਾਨੂੰ ਬਲ ਦਿੰਦਾ ਹੈ ਕਿ ਤੁਸੀਂ ਧਨ ਕਮਾਓ ਤਾਂ ਜੋ ਉਹ ਆਪਣਾ ਨੇਮ ਕਾਇਮ ਰੱਖੇ ਜਿਹਦੀ ਸੌਂਹ ਤੁਹਾਡੇ ਪਿਉ ਦਾਦਿਆਂ ਨਾਲ ਖਾਧੀ ਸੀ ਜਿਵੇਂ ਅੱਜ ਦੇ ਦਿਨ ਹੈ।**

***ਦੇਣ ਦਾ ਸੁਭਾਅ***

ਦੇਣਾ ਇਹ ਪਿਤਾ ਦਾ ਸੁਭਾਅ ਹੈ

ਯੂਹੰਨਾ ਨੇ ਲਿਖਿਆ,

**ਯੂਹੰਨਾ 3:16 (ੳ) ਕਿਉਂ ਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹਨੇ ਆਪਣਾ ਇਕਲੌਤਾ ਪੁੱਤਰ ਬਖਸ਼ ਦਿੱਤਾ ...**

ਕਿਉਂਕਿ ਅਸੀਂ ਪਿਤਾ ਪਿਤਾ ਦੇ ਬਾਲਕ ਹਾਂ ਤੇ ਨਵੇਂ ਸੁਭਾਅਦ ਵਿੱਚ ਦੇਣ ਵਾਲੇ ਹੋਣਾ ਚਾਹੀਦਾ ਹੈ।

ਯਿਸੂ ਨੇ ਆਖਿਆ,

**ਲੂਕਾ 6:38 – ਦਿਉ ਤਾਂ ਤੁਹਾਨੂੰ ਦਿੱਤਾ ਜਾਵੇਗਾ, ਪੂਰਾ ਮੋਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁੱਲਦਾ ਹੋਇਆ, ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੋਪ ਨਾਲ ਤੁਸੀਂ ਮਿਣਦੇ ਹੋ ਉਸ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।**

***ਬਰਕਤਾਂ ਦਾ ਮੋਦੀਖਾਨਾ***

ਵਿਸ਼ਵਾਸ ਤੋਂ ਆਗਿਆਕਾਰੀ ਨਾਲ ਜਦੋਂ ਅਸੀਂ ਪਰਮੇਸ਼ੁਰ ਨੂੰ ਦਿੰਦੇ ਹਾਂ ਤਾਂ ਅਸੀਂ ਆਪਣੇ ਲਈ ਬਰਕਤਾਂ ਦੇ ਸਾਧਣ ਲਈ ਪਰਮੇਸ਼ੁਰ ਦੇ ਸਹਾਇਤਾ ਕਰਦੇ ਹਾਂ ਉਸਦੇ ਰਾਹੀਂ ਸਾਡੀਆਂ ਸਾਰੀਆਂ ਜਰੂਰਤਤਾਂ ਉਸ ਅਨੰਦ ਮਿਰਾਸ ਵਾਲੇ ਮਹਾਨ ਮੋਦੀਖਾਨੇ ਵਿੱਚ ਪੂਰੀਆਂ ਹੁੰਦੀਆਂ ਹਨ

ਮਲਾਕੀ ਦੇ ਕਿਤਾਬ ਵਿੱਚ ਅਸੀਂ ਪੜ੍ਹਦੇ ਹਾਂ

**ਮਲਾਕੀ 3:10 – "ਸਾਰੇ ਦਸਵੰਦ ਮੇਰੇ ਮੋਦੀਖਾਨੇ ਵਿੱਚ ਲਿਆਉ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸ ਨਾਲ ਜਰਾ ਪਰਤਾਉ, ਸਨਾ ਦਾ ਯਹੋਵਾਹ ਆਖਦਾ ਹੈ, ਕੀ ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ ਏਥੋਂ ਤੀਕ ਕਿ ਉਹਦੇ ਲਈ ਥਾਂ ਨਾ ਹੋਵੇਗਾ।**

ਕਿੰਨਾ ਵਧੀਆ ਹੈ ਜਦੋਂ ਅਸੀਂ  ਇਹ ਜਾਣਦੇ ਹਾਂ ਕਿ ਨਵੀਂ ਸ੍ਰਿਸਟ ਵਿੱਚ ਪਰਮੇਸ਼ੁਰ ਦੇ ਪੁੱਤਰ ਤੇ ਪੁੱਤਰੀਆਂ ਹੁੰਦੇ ਹੋਏ ਕਿਵੇਂ ਅਸੀਂ ਬਰਕਤਾਂ ਨੂੰ ਪ੍ਰਾਪਤ ਕਰ ਸਕਦੇ ਹਾਂ।

## ਮਸੀਹ ਦਾ ਸਰੀਰ

ਨਵੀਂ ਸ੍ਰਿਸ਼ਟ ਹੁੰਦੇ ਹੋਏ ਸਿਰਫ਼ ਅਸੀਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਹਿੱਸਾ ਹੀ ਨਹੀਂ ਬਣਦੇ ਪਰ ਨਵੇਂ ਜਨਮ ਦੇ ਚਮਤਕਾਰ ਨਾਲ ਅਸੀਂ ਮਸੀਹ ਦੀ ਦੇਹ ਵਿੱਚ ਹਿੱਸਾ ਲੈ ਲੈਂਦੇ ਹਾਂ।

ਪੌਲੁਸ ਰਸੂਲ ਨੇ ਲਿਖਿਆ –

**1 ਕੁਰਿੰਥੀਆਂ 12:27 ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇੱਕ ਇੱਕ ਕਰਕੇ ਉਹਦੇ ਅੰਗ ਹੋ।**

**ਅਸੀਂ ਵਿਸ਼ੇਸ਼ ਹਿੱਸਾ ਹਾਂ**

ਪਰਮੇਸ਼ੁਰ ਦੀ ਦੇਹ ਵਿੱਚ ਹਰੇਕ ਵਿਸ਼ਵਾਸੀ ਦੀ ਥਾਂ ਹੈ ਸਾਡੇ ਲਈ ਉਸ ਦੇ ਕੋਲ ਪੂਰਾ ਕਰਨ ਲਈ ਨਿਸ਼ਚਿਤ ਕਾਰਜ ਹੈ।

**ਆਇਤ 18 ਪਰ ਹੁਣ ਪਰਮੇਸ਼ੁਰ ਨੇ ਜਿਸ ਪਰਕਾਰ ਉਹਨੂੰ ਭਾਉਂਦਾ ਸੀ ਅੰਗਾਂ ਨੂੰ ਇੱਕ ਇੱਕ ਕਰਕੇ ਸਰੀਰ ਵਿੱਚ ਰੱਖਿਆ ਹੈ।**

*ਇੱਕ ਦੂਏ ਦੀ ਲੋੜ*

ਮਸੀਹ ਦੀ ਦੇਹ ਵਿੱਚ ਹਰੇਕ ਵਿਸ਼ਵਾਸੀ ਨੂੰ ਦੂਜੇ ਹਿੱਸੇ ਦੀ ਲੋੜ ਹੈ।

**ਆਇਤ 21–22 ਅੱਖ ਹੱਥ ਨੂੰ ਨਹੀਂ ਆਖ ਸਕਦੀ ਭਈ ਮੈਨੂੰ ਤੇਰੀ ਕੋਈ ਲੋੜ ਨਹੀਂ, ਨਾ ਸਿਰ ਪੈਰਾਂ ਨੂੰ ਭਈ ਮੈਨੂੰ ਤੁਹਾਡੀ ਕੋਈ ਲੋੜ ਨਹੀਂ। ਪਰ ਸਰੀਰ ਦੇ ਜਿਹੜੇ ਅੰਗ ਹੋਰਨਾਂ ਨਾਲ ਨਿਰਬਲ ਦਿੱਸਦੇ ਹਨ ਉਹੋ ਅੱਤ ਲੋੜੀਂਦੇ ਹਨ।**

**ਆਇਤ 26 – "ਅਤੇ ਜੇ ਇੱਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸਦੇ ਨਾਲ ਦੁੱਖੀ ਹੁੰਦੇ ਹਨ ਅਤੇ ਜੇ ਇੱਕ ਅੰਗ ਦਾ ਆਦਰ ਹੋਵੇ ਤਾਂ ਸਾਰੇ ਅੰਗ ਉਹ ਦੇ ਨਾਲ ਆਨੰਦ ਹੁੰਦੇ ਹਨ।**

ਪਰਮੇਸ਼ੁਰ ਦੇ ਸਰੀਰ ਦਾ ਹਰ ਇੱਕ ਭਾਗ ਮਹੱਤਵਪੂਰਨ ਹੈ! ਮਨੁੱਖ ਜਾਤੀ ਦੇ ਸਰੀਰ ਵਿੱਚ ਸਾਬ ਕਰਨ, ਮਦ ਅਤੇ ਸਰਿਸ਼ਟ ਕਰਨ ਦੀ ਯੋਗਤਾ ਹੈ ਇਹ ਮਸੀਹ ਦਾ ਸਰੀਰ ਹੈ।

## ਮਸੀਹ ਵਿੱਚ ਸਾਡੀ ਪਦਵੀ

ਮੁਕਤੀ ਦੇ ਪਲ, ਪਵਿੱਤਰ ਆਤਮਾ ਸਾਨੂੰ ਯਿਸੂ ਮਸੀਹ ਵਿੱਚ ਬਪਤਿਸਮਾ ਦਿੰਦਾ ਹੈ। ਨਵੇਂ ਜਨਮ ਦੇ ਚਮਤਕਾਰ ਨਾਲ ਅਸੀਂ ਮਸੀਹ ਨਾਲ ਗੂੜ੍ਹੇ (ਨਿੱਜੀ) ਤੌਰ ਨਾਲ ਮਿਲ ਜਾਂਦੇ ਹਾਂ। ਅਸੀਂ ਉਸ ਵਿੱਚ ਇੱਕ ਹੋ ਜਾਂਦੇ ਹਾਂ।

**1 ਕੁਰਿੰਥੀਆਂ 12:13 ਕਿਉਂ ਜੋ ਅਸਾਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨੀ, ਕੀ ਗੁਲਾਮ, ਕੀ ਆਜ਼ਾਦ, ਇੱਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇੱਕ ਆਤਮਾ ਪਿਆਇਆ ਗਿਆ।**

"ਬਪਤਿਸਮਾ" ਸ਼ਬਦ ਤੋਂ ਭਾਵ :

*"ਕਿ ਪੂਰੀ ਤਰ੍ਹਾਂ ਉਸ ਨਾਲ ਪਛਾਣੇ ਜਾਣਾ (ਜਾਂ ਸੰਬੰਧਿਤ ਹੋਣਾ)*

ਮੁਕਤੀ ਦੇ ਪਲ ਅਸੀਂ ਪੂਰੀ ਤਰ੍ਹਾਂ ਯਿਸੂ ਮਸੀਹ ਨਾਲ ਪਛਾਣੇ ਜਾਂਦੇ ਹਾਂ।

ਜਦੋਂ ਇੱਕ ਚਿੱਟੇ ਕੱਪੜੇ ਦਾ ਟੁਕੜਾ ਲਾਲ ਰੰਗ ਦੇ ਚੁਬੱਚੇ ਵਿੱਚ ਜਾਂਦਾ ਹੈ ਤਾਂ ਕੱਪੜੇ ਉੱਤੇ ਰੰਗ ਚੜ੍ਹ ਆਉਂਦਾ ਹੈ। ਇਹ ਉਸ ਰੰਗ ਨਾਲ ਪਛਾਣਿਆ ਜਾਣ ਲੱਗਦਾ ਹੈ ਜਿਸ ਤਰ੍ਹਾਂ ਬਪਤਿਸਮਾ ਹੋਵੇ ਉਸੇ ਹੀ ਤਰ੍ਹਾਂ ਸਾਡਾ ਆਤਮਾ ਵੀ ਪਰਮੇਸ਼ੁਰ ਦੇ ਪੁੱਤਰ ਦੇ ਸੁਭਾਅ ਨੂੰ ਲੈ ਲੈਂਦਾ ਹੈ। ਜਦੋਂ ਮੁਕਤੀ ਦੇ ਪਲ ਅਸੀਂ ਪਵਿੱਤਰ ਆਤਮਾ ਦੁਆਰਾ ਉਸ ਵਿੱਚ ਬਪਤਿਸਮਾ ਲੈਂਦੇ ਹਾਂ ਅਸੀਂ ਪੂਰੀ ਤਰ੍ਹਾਂ ਉਸ ਨਾਲ ਪਛਾਣੇ ਜਾਂਦੇ ਹਾਂ – ਉਸ ਨਾਲ ਗੂੜ੍ਹਾ ਇਕੱਠ, ਉਸਦੀ ਦੇਹ ਦਾ ਹਿੱਸਾ; ਉਸ ਨਾਲ ਇੱਕ ਹੁੰਦੇ ਹਾਂ।

*ਜੋ ਕੁਝ ਯਿਸੂ ਹੈ, ਅਸੀਂ ਵੀ ਹਾਂ।*

*ਜੋ ਕੁਝ ਯਿਸੂ ਦਾ ਹੈ, ਸਾਡਾ ਹੈ*

*ਜੋ ਕੁਝ ਅਸੀਂ ਹਾਂ ਜਾਂ ਸਾਡੇ ਕੋਲ ਹੈ*
*ਕਿਉਂਕਿ ਜੋ ਅਸੀਂ ਉਸ ਵਿੱਚ ਹਾਂ।*

## ਜਿਵੇਂ ਅਫ਼ਸੀਆਂ ਨੂੰ ਸਿਖਾਇਆ ਗਿਆ ਹੈ

"ਮਸੀਹ ਵਿੱਚ" ਸਾਡੀ ਪਦਵੀ ਤੇ ਜਾਇਦਾਦ ਬਾਰੇ ਪੌਲੁਸ ਬਾਰ-ਬਾਰ ਅਫ਼ਸੀਆਂ ਦੇ ਪਹਿਲੇ ਤਿੰਨ ਅਧਿਆਏ ਵਿੱਚ ਜ਼ਿਕਰ ਕਰਦਾ ਹੈ।

### *ਆਤਮਿਕ ਬਰਕਤਾਂ ਨਾਲ ਬਰਕਤ ਦਿੰਦਾ*

ਉਹ ਲਿਖਦਾ ਹੈ ਕਿ ਮਸੀਹ ਵਿੱਚ ਅਸੀਂ ਆਤਮਿਕ ਬਰਕਤਾਂ ਨਾਲ ਬਰਕਤ ਪਾਈ ਹੈ

**ਅਫ਼ਸੀਆਂ 1:3 ਮੁਬਾਰਕ ਹੋਵੇ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹਨੇ ਮਸੀਹ ਵਿੱਚ ਸੁਰਗੀ ਥਾਵਾਂ ਵਿੱਚ ਸਭ ਪਰਕਾਰ ਦੀਆਂ ਆਤਮਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ।**

ਸੁਰਗ ਦੀ ਸਾਰੀ ਧਨ ਦੌਲਤ, ਸ਼ਾਨਦਾਰ ਅਤੇ ਸੰਤੋਖਜਨਕ ਆਤਮਿਕ ਬਰਕਤਾਂ ਸਾਡੇ ਲਈ ਉਪਲੱਬਧ ਹਨ ਤਾਂ ਜੋ ਅਸੀਂ ਆਪਣੇ ਪ੍ਰਤੀਦਿਨ ਦੇ ਜੀਵਨ ਵਿੱਚ ਪ੍ਰਾਪਤ ਕਰਕੇ ਅਨੰਦ ਮਾਣੀਏ।

### *ਉਹਦੇ ਵਿੱਚ ਚੁਣੇ ਹੋਏ*

ਪਿਤਾ ਨੇ ਯਿਸੂ ਨੂੰ ਚੁਣਿਆ। ਉਸਨੇ ਸਾਨੂੰ ਚੁਣਿਆ ਕਿਉਂਕਿ ਅਸੀਂ ਉਸ ਵਿੱਚ ਹਾਂ ਤੇ ਅਸੀਂ ਉਸਦੇ ਚੋਣ ਨੂੰ ਹੁਣ ਵੰਡ ਸਕਦੇ ਹਾਂ।

**ਅਫ਼ਸੀਆਂ 1:4 ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹਦੇ ਸਨਮੁੱਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।**

ਪਰਮੇਸ਼ੁਰ ਨੇ ਸਾਨੂੰ ਸਾਡੇ ਦਿਖਾਵੇ, ਯੋਗਤਾ ਜਾਂ ਸਾਡੇ ਗੁਣਾਂ ਕਰਕੇ ਨਹੀਂ ਚੁਣਿਆ ਪਰ ਉਸਨੇ ਅਨੰਤਕਾਲ ਤੋਂ ਹੀ ਚੁਣ ਲਿਆ ਜਦੋਂ ਉਸਨੇ ਮਸੀਹ ਵਿੱਚ ਸਾਨੂੰ ਦੇਖਿਆ

### ਉਸ ਵਿੱਚ ਅੱਗੇ ਤੋਂ ਹੀ ਠਹਿਰਾਏ ਹੋਏ

ਅਸੀਂ ਉਸਦੀ ਤਕਦੀਰ ਦੇ ਸਾਂਝੀਦਾਰ ਹਾਂ ਕਿਉਂਕਿ ਅਸੀਂ ਉਸ ਵਿੱਚ ਹਾਂ

**ਅਫ਼ਸੀਆਂ 1:5 ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋਂ ਹੀ ਠਹਿਰਾਇਆ।**

ਅਸੀਂ ਪਰਮੇਸ਼ੁਰ ਨਾਲ ਅਨੰਤ ਰਹਿਣ ਲਈ ਇਸ ਕਰਕੇ ਨਹੀਂ ਠਹਿਰਾਏ ਗਏ ਕਿ ਉਹ ਦੂਜਿਆਂ ਦੇ ਨਾਲੋਂ ਜ਼ਿਆਦਾ ਸਾਨੂੰ ਪਸੰਦ ਕਰਦਾ ਹੈ। ਜੁੱਗਾਂ ਤੋਂ ਹੀ ਪਿਤਾ ਜਦੋਂ ਥੱਲੇ ਤੱਕਦਾ ਹੈ ਤਾਂ ਸਾਡੇ ਵਿੱਚ ਉਹ ਮਸੀਹ ਨੂੰ ਦੇਖਦਾ ਹੈ ਉਸਨੇ ਸਾਨੂੰ ਚੁਣਿਆ ਕਿਉਂਕਿ ਉਸਨੇ ਯਿਸੂ ਨੂੰ ਚੁਣਿਆ ਅਤੇ ਅਸੀਂ ਉਸ ਵਿੱਚ ਇੱਕ ਹਾਂ।

ਕਿਉਂਕਿ ਮਸੀਹ ਦੇ ਵਿੱਚ ਸਾਡੀ ਪਦਵੀ ਦੇ ਕਾਰਨ ਹੀ ਸਾਡੀ ਜਾਇਦਾਦ ਤੇ ਕਿਸਮਤ ਪਾਈ ਜਾਂਦੀ ਹੈ।

**ਅਫ਼ਸੀਆਂ 1:11 ਹਾਂ, ਉਸੇ ਵਿੱਚ ਅਸੀਂ ਵੀ ਉਸਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ।**

***ਉਸ ਵਿੱਚ ਸਵੀਕਾਰੇ ਗਏ***

ਪਿਆਰੇ ਹੋਣ ਲਈ ਅਸੀਂ ਸਵੀਕਾਰੇ ਗਏ ਹਾਂ। ਪਿਤਾ ਦੁਆਰਾ ਸਾਡੀ ਮਨਜ਼ੂਰੀ ਇਸ ਲਈ ਹੈ ਕਿਉਂਕਿ ਅਸੀਂ ਮਸੀਹ ਵਿੱਚ ਹਾਂ

**ਅਫ਼ਸੀਆਂ 1:6 ਭਈ ਉਹਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ।**

ਸਾਡੀ ਮੁਕਤੀ, ਮਾਫ਼ੀ ਅਤੇ ਉਸਦੀ ਕਿਰਪਾ ਦੀ ਸਾਰੀ ਧਨ ਦੌਲਤ ਇਸ ਲਈ ਹੈ ਕਿਉਂਕਿ ਅਸੀਂ ਉਸ ਵਿੱਚ ਹਾਂ

**ਅਫ਼ਸੀਆਂ 1:7 ਜਿਹਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ"।**

**ਉਸ ਵਿੱਚ ਮੋਹਰ ਲਗਾਏ ਗਏ**

ਪਵਿੱਤਰ ਆਤਮਾ ਦੁਆਰਾ ਅਸੀਂ ਮੋਹਰ ਲਗਾਏ ਗਏ ਹਾਂ ਜਿਵੇਂ ਉਸਨੇ ਸਾਨੂੰ ਮਸੀਹ ਵਿੱਚ ਗੂੜ੍ਹੇ ਸੰਯੁਕਤ ਅਤੇ ਅਨਾਦੀ ਇੱਕ ਕੀਤਾ ਹੈ।

**ਅਫ਼ਸੀਆਂ 1:13 ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦਾ ਬਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ਖਬਰੀ ਸੁਣੀ ਅਤੇ ਉਸ ਵਿੱਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ।**

***ਉਸ ਨਾਲ ਬਿਠਾਏ ਗਏ***

ਅਸੀਂ ਉਸ ਨਾਲ ਸੁਰਗੀ ਥਾਵਾਂ ਵਿੱਚ ਇਕੱਠੇ ਬਿਠਾਏ ਗਏ ਹਾਂ ਕਿਉਂਕਿ ਅਸੀਂ ਉਸ ਵਿੱਚ ਇੱਕ ਹਾਂ

**ਅਫ਼ਸੀਆਂ 2:6 ਅਤੇ ਉਹਨੇ ਸਾਨੂੰ ਉਹ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ।**

ਭਾਵੇਂ ਅਸੀਂ ਧਰਤੀ ਤੇ ਸਰੀਰ ਦੀ ਹਾਲਤ ਵਿੱਚ ਜੀਉਂਦੇ ਰਹਿ ਰਹੇ ਹਾਂ ਪਰ ਮਸੀਹ ਵਿੱਚ ਅਸੀਂ ਸੁਰਗੀ ਥਾਵਾਂ ਤੇ ਬੈਠੇ ਹਾਂ। ਜਦੋਂ ਯਿਸੂ ਨੇ ਆਪਣੇ ਮੁਕਤੀ ਦੇ ਕੰਮ ਨੂੰ ਪੂਰਾ ਕੀਤਾ ਤਾਂ ਉਹ ਪਿਤਾ ਦੇ ਸੱਜੇ ਹੱਥ ਜਾ ਕੇ ਬੈਠ ਗਿਆ।

**ਜ਼ਬੂਰਾਂ ਦੀ ਪੋਥੀ 110:1 ਯਹੋਵਾਹ ਦਾ ਮੇਰੇ ਪ੍ਰਭੂ ਲਈ ਇਹ ਵਾਕ ਹੈ "ਕਿ ਤੂੰ ਮੇਰੇ ਸੱਜੇ ਪਾਸੇ ਬੈਠ ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।"**

ਪੌਲੁਸ ਇਹ ਪ੍ਰਗਟ ਕਰਦਾ ਹੈ ਕਿ ਅਸੀਂ ਉਸ ਨਾਲ ਇਸ ਹਾਲਤ ਵਿੱਚ ਬੈਠੇ ਹੋਏ ਹਾਂ ਉਸਦੇ ਸਾਰੇ ਸੰਪੂਰਨ ਕੰਮ ਜਿਹੜੇ ਧਰਤੀ ਉੱਤੇ ਉਸਨੇ ਕੀਤੇ ਉਨ੍ਹਾਂ ਦੇ ਸਾਰੇ ਹਿੱਤਾਂ ਦਾ ਅਨੰਦ ਮਾਣ ਰਹੇ ਹਾਂ। ਨਿਹਚਾ ਦੇ ਰਾਹੀਂ ਅਸੀਂ ਇੱਕ ਇੱਕ ਪਲ ਦਾ ਦੁੱਖਾਂ ਦੇ ਤੂਫਾਨ ਵਿੱਚ ਵੀ ਅਨੰਦ ਮਾਣ ਰਹੇ ਹਾਂ ਜੋ ਕਿ ਹਰੇਕ ਵਿਸ਼ਵਾਸੀ ਲਈ ਉਪਲੱਬਧ ਹੈ।

***ਉਸ ਵਿੱਚ ਸ਼ੁਭ ਕਰਮਾਂ ਲਈ***

ਅਸੀਂ ਸ਼ੁਭ ਕਰਮਾਂ ਲਈ ਮਸੀਹ ਯਿਸੂ ਵਿੱਚ ਰਚਨਾ ਕੀਤੇ ਗਏ ਹਾਂ

**ਅਫ਼ਸੀਆਂ 2:10 ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ।**

ਆਦਮ ਤੇ ਹੱਵਾਹ ਕਿਸੇ ਮਕਸਦ ਦੇ ਲਈ ਰਚੇ ਗਏ ਸਨ ਅਤੇ ਮਸੀਹ ਦੇ ਵਿੱਚ ਅਸੀਂ ਵੀ ਉਸੇ ਮਕਸਦ ਦੁਆਰਾ ਰਚੇ ਗਏ ਹਾਂ। ਅਸੀਂ ਇਸ ਧਰਤੀ ਉੱਤੇ ਉਸਦੇ ਕੰਮਾਂ ਨੂੰ ਕਰਨ ਲਈ ਸਰਿਸ਼ਟ ਕੀਤੇ ਗਏ ਹਾਂ ਇਸ ਧਰਤੀ ਉੱਤੇ ਆਪਣੀ ਜਗ੍ਹਾ ਤੇ ਅਸੀਂ ਮਸੀਹ ਦੀ ਦੇਹ ਨੂੰ ਚਲਾ ਰਹੇ ਹਾਂ।

ਧਰਤੀ ਤੇ ਜਦੋਂ ਯਿਸੂ ਜ਼ਿੰਦਾ ਤੇ ਸੇਵਕਾਈ ਕਰ ਰਹੇ ਸਨ ਉਸ ਨੇ ਆਪਣੇ ਵਿਸ਼ਵਾਸੀਆਂ ਨੂੰ ਕਿਹਾ।

**ਯੂਹੰਨਾ 14:12 ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।**

ਯਿਸੂ ਮਸੀਹ ਵਿੱਚ ਵਿਸ਼ਵਾਸੀ ਹੁੰਦੇ ਹੋਏ ਅਸੀਂ ਮਸੀਹ ਦੀ ਦੇਹ ਹਾਂ। ਧਰਤੀ ਤੇ ਅਸੀਂ ਉਸ ਦੀਆਂ ਲੱਤਾਂ, ਪੈਰ, ਬਾਹਾਂ, ਤੇ ਹੱਥ ਹਾਂ ਤੇ ਯਿਸੂ ਦੀ ਦੇਹ ਹੁੰਦੇ ਹੋਏ ਅੱਜ ਵੀ ਲਗਾਤਾਰ ਉਸਦੇ ਕੰਮ ਨੂੰ ਕਰ ਰਹੇ ਹਾਂ

ਮਸੀਹ ਦੀ ਦੇਹ :

- *ਜਗਤ ਤੇ ਮਸੀਹ ਦਾ ਪ੍ਰਤਕ ਕਰਨਾ*
- *ਜਗਤ ਵਿੱਚ ਪਰਮੇਸ਼ੁਰ ਦਾ ਪਿਆਰ ਨੂੰ ਲੈ ਕੇ ਆਉਣਾ*
- *ਪਰਮੇਸ਼ੁਰ ਦਾ ਚੰਗਿਆਈ ਤੇ ਛੁਟਕਾਰਾ ਲੈ ਕੇ ਆਉਣਾ*
- *ਲੋਕਾਂ ਨੂੰ ਪਰਮੇਸ਼ੁਰ ਦੀ ਮੁਕਤੀ ਦੇ ਗਿਆਨ ਤੱਕ ਲੈ ਕੇ ਆਉਣਾ।*

***ਉਸ ਵਿੱਚ ਨੇੜੇ ਕੀਏ ਗਏ***

ਅਸੀਂ ਜੋ ਉਸ ਦੇ ਵੈਰੀ ਤੇ ਉਸ ਤੋਂ ਦੂਰ ਸੀ ਉਸਦੇ ਲਹੂ ਦੇ ਦੁਆਰਾ ਨੇੜੇ ਕੀਤੇ ਗਏ ਕਿਉਂਕਿ ਅਸੀਂ ਉਸ ਵਿੱਚ ਹਾਂ।

**ਅਫ਼ਸੀਆਂ 2:13 ਪਰ ਹੁਣ ਮਸੀਹ ਯਿਸੂ ਵਿੱਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੈ।**

ਲਗਾਤਾਰ ਹੁਣ ਅਸੀਂ ਉਸ ਨਾਲ ਗੂੜ੍ਹੀ ਸੰਗਤੀ ਤੇ ਸੰਪਰਕ ਦਾ ਅਨੰਦ ਮਾਣ ਸਕਦੇ ਹਾਂ।

*ਇੱਕ ਹੋਣਾ*

ਜਦੋਂ ਅਸੀਂ ਉਸ ਵਿੱਚ ਸਰਿਸ਼ਟ ਕੀਤੇ ਗਏ ਤਾਂ ਸਾਡੇ ਤੇ ਪਰਮੇਸ਼ੁਰ ਵਿਚਕਾਰ ਸਾਰੀ ਦੁਸ਼ਮਣੀ ਮਿਟ ਗਈ ਤੁਰੰਤ ਦੋਨੋਂ ਇੱਕ ਹੋ ਗਏ।

**ਅਫ਼ਸੀਆਂ 2:15 ਅਤੇ ਸ਼ਰਾ ਨੂੰ ਬਿਧੀਆਂ ਅਤੇ ਕਨੂੰਨਾਂ ਸਣੇ ਅਕਾਰਥ ਕਰ ਦਿੱਤਾ ਤਾਂ ਜੋ ਦੋਹਾਂ ਤੋਂ ਆਪ ਵਿੱਚ ਇੱਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ।**

ਨਵੀਂ ਸ੍ਰਿਸਟ ਦਾ ਵਿਅਕਤੀ ਕਦੇ ਵੀ ਯਿਸੂ ਤੋਂ ਉਸਦੀ ਸ਼ਾਂਤੀ ਤੋਂ ਅਲੱਗ ਨਹੀਂ ਰਹਿ ਸਕਦਾ ਜਦ ਤੱਕ ਉਹ ਉਸ ਵਿੱਚ ਬਣਿਆ ਰਹਿੰਦਾ ਹੈ।

*ਪਵਿੱਤਰ ਹੈਕਲ*

ਉਸ ਵਿੱਚ ਅਸੀਂ ਦੋਨੋਂ ਇਕੱਠੇ ਪਰਮੇਸ਼ੁਰ ਦੀ ਹੈਕਲ ਨੂੰ ਬਣਾਉਂਦੇ ਹਾਂ ਜੋ ਖ਼ੁਦ ਪਰਮੇਸ਼ੁਰ ਦਾ ਰਹਿਣ ਦਾ ਥਾਂ ਹੋਵੇ।

**ਅਫ਼ਸੀਆਂ 2:20-22 ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹ ਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ। ਜਿਹਦੇ ਵਿੱਚ ਸਾਰੀ ਇਮਾਰਤ ਇੱਕ ਸੰਗ ਜੁੜ ਕੇ ਪ੍ਰਭੂ ਵਿੱਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿੱਚ ਤੁਸੀਂ ਵੀ ਆਤਮਾ ਵਿੱਚ ਪਰਮੇਸ਼ੁਰ ਦਾ ਭਵਨ ਹੋਣ ਲਈ ਇੱਕ ਸੰਗ ਬਣਾਏ ਜਾਂਦੇ ਹੋ।**

ਇਹ ਜਾਣਕੇ ਕਿੰਨੀ ਹੈਰਾਨੀ ਹੋਵੇਗੀ ਕਿ ਪਰਮੇਸ਼ੁਰ ਨੇ ਇਸ ਧਰਤੀ ਤੇ ਸਾਡੇ ਨਾਲ ਰਹਿਣ ਲਈ ਸਾਨੂੰ ਚੁਣਿਆ ਹੈ। ਉਸਨੇ ਇਸ ਕਰਕੇ ਚੁਣਿਆ ਕਿ ਉਹ ਸਾਡੇ ਇੱਕ-ਇੱਕ ਦੇ ਅੰਦਰ ਰਹੇ ਤੇ ਉਸ ਦੀ ਕਲੀਸਿਯਾ ਹੁੰਦੇ ਹੋਏ ਸਮੂਹਿਕ ਤੌਰ ਤੇ ਸਾਡੇ ਵਿੱਚ ਨਿਵਾਸ ਕਰੇ।

*ਉਸ ਵਿੱਚ ਦਲੇਰੀ-ਭਰੋਸਾ*

ਜਿਵੇਂ ਅਸੀਂ ਉਸ ਵਿੱਚ ਹਾਂ, ਉਸ ਨਾਲ ਇੱਕ ਹਾਂ, ਪੂਰੀ ਤਰ੍ਹਾਂ ਇਕੱਠੇ ਹਾਂ ਤਾਂ ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਉਸਦੀ ਤੇ ਉਸਦੇ ਕੋਲ ਹਰੇਕ ਚੀਜ਼ ਨੂੰ ਸਾਂਝੀ ਕਰ ਸਕਦੇ ਹਾਂ।

ਉਸਦੀ ਧਾਰਮਿਕਤਾ ਸਾਡੀ ਧਾਰਮਿਕਤਾ ਹੈ। ਉਸਦੀ ਤਕਦੀਰ ਸਾਡੀ ਤਕਦੀਰ ਹੈ। ਉਸਦਾ ਜੀਵਨ ਸਾਡਾ ਜੀਵਨ ਹੈ।

ਜਦੋਂ ਅਸੀਂ ਨਵੀਂ ਸਰਿਸ਼ਟ ਦੇ ਪ੍ਰਕਾਸ਼ ਨੂੰ ਪਾਉਂਦੇ ਹਾਂ ਤਾਂ ਅਸੀਂ ਦਲੇਰੀ ਨਾਲ ਕਹਿ ਸਕਦੇ ਹਾਂ।

*ਮੈਂ ਜਾਣਦਾ ਹਾਂ ਮੈਂ ਯਿਸੂ ਮਸੀਹ ਵਿੱਚ ਕੌਣ ਹਾਂ*
*ਮੈਂ ਉਸ ਨਾਲ ਇੱਕ ਬਣ ਗਿਆ ਹਾਂ*
*ਹੁਣ ਮੈਂ ਉਸ ਦੀ ਧਾਰਮਿਕਤਾ,*
*ਤਕਦੀਰ, ਤੇ ਉਸਦੇ ਜੀਵਨ ਵਿੱਚ ਸਾਂਝੀ ਹਾਂ।*

**ਅਫ਼ਸੀਆਂ 3:12 ਜਿਹ ਦੇ ਵਿੱਚ ਉਸ ਉੱਤੇ ਨਿਹਚਾ ਕਰਨ ਦੇ ਦੁਆਰਾ ਸਾਨੂੰ ਦਲੇਰੀ ਅਤੇ ਢੋਈ ਭਰੋਸੇ ਨਾਲ ਪਰਾਪਤ ਹੁੰਦੀ ਹੈ**

ਅਸੀਂ ਪੂਰੀ ਦਲੇਰੀ ਤੇ ਭਰੋਸੇ ਨਾਲ ਉਸ ਦੀ ਹਜ਼ੂਰੀ ਵਿੱਚ ਆ ਸਕਦੇ ਹਾਂ ਕਿਉਂਕਿ ਅਸੀਂ ਉਸ ਵਿੱਚ ਹਾਂ ਅਸੀਂ ਹੁਣ ਤੋਂ ਪਾਪ ਦੀ ਸਜ਼ਾ ਹੇਠ ਨਹੀਂ ਹਾਂ। ਅਸੀਂ ਨਵੀਂ ਸਰਿਸ਼ਟ ਹਾਂ। ਅਸੀਂ ਯਿਸੂ ਮਸੀਹ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਹਾਂ।

**ਚਾਨਣ ਦੇ ਬਾਲਕ**

ਯਿਸੂ ਨੇ ਪਰਮੇਸ਼ੁਰ ਨੂੰ ਸਰੀਰ ਵਿੱਚ ਪ੍ਰਗਟ ਕੀਤਾ ਯਿਸੂ ਇਸ ਆਤਮਕ ਹਨ੍ਹੇਰੇ ਵਾਲੇ ਜਗਤ ਵਿੱਚ ਇੱਕ ਚਾਨਣ ਦੇ ਰੂਪ ਵਿੱਚ ਭੇਜੇ ਗਏ ਤਾਂ ਜੋ ਉਹ ਪਰਮੇਸ਼ੁਰ ਦੇ ਪਿਆਰ ਤੇ ਸ਼ਕਤੀ ਨੂੰ ਉਨ੍ਹਾਂ ਉੱਤੇ ਪ੍ਰਗਟ ਕਰੇ ਜੋ ਉਸ ਉੱਤੇ ਨਿਹਚਾ ਰੱਖਦੇ ਹਨ।

**ਯੂਹੰਨਾ 8:12 ਉਪਰੰਤ ਯਿਸੂ ਨੇ ਫੇਰ ਉਨ੍ਹਾਂ ਨੂੰ ਆਖਿਆ "ਕਿ ਜਗਤ ਦਾ ਚਾਨਣ ਮੈਂ ਹਾਂ ਜਿਹੜਾ ਮੇਰੇ ਪਿੱਛੇ ਤੁਰਦਾ ਹੈ ਅਨ੍ਹੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਉਣ ਦਾ ਚਾਨਣ ਹੋਵੇਗਾ।"**

**1 ਥੱਸਲੁਨੀਕੀਆ 5:5 ਕਿਉਂ ਜੋ ਤੁਸੀਂ ਸਭੇ ਚਾਨਣ ਦੇ ਪੁੱਤਰ ਅਤੇ ਦਿਨ ਦੇ ਪੁੱਤ੍ਰ ਹੋ। ਅਸੀਂ ਰਾਤ ਦੇ ਨਹੀਂ, ਨਾ ਅਨ੍ਹੇਰੇ ਦੇ ਹਾਂ।**

ਵਿਸ਼ਵਾਸੀਆਂ ਨੂੰ ਚਾਨਣ ਦੇ ਬਾਲਕ ਦੀ ਤਰ੍ਹਾਂ ਰਹਿਣਾ ਹੈ। ਉਨ੍ਹਾਂ ਨੂੰ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਦੇ ਚਾਨਣ ਅਨੁਸਾਰ ਜੈਤੂ ਬਣ ਕੇ ਜੀਉਣਾ ਹੈ। ਪੌਲੁਸ ਇਸ ਤਰ੍ਹਾਂ ਕਹਿੰਦਾ ਹੋਇਆ ਸਾਨੂੰ ਸਿੱਖਿਆ ਦਿੰਦਾ ਹੈ-

**ਅਫ਼ਸੀਆਂ 5:8 ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ, ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤ੍ਰਾਂ ਵਾਂਙੁ ਚੱਲੋ"।**

**ਧੋਤੇ ਗਏ, ਪਵਿੱਤਰ ਕੀਤੇ ਗਏ, ਧਰਮੀ ਠਹਿਰਾਏ ਗਏ**

ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਪਾਪ ਤੋਂ ਅਜ਼ਾਦ ਕੀਤੇ ਗਏ ਹਾਂ। ਅਸੀਂ ਧੋਤੇ ਗਏ, ਪਵਿੱਤਰ ਕੀਤੇ ਗਏ ਅਤੇ ਧਰਮੀ ਠਹਿਰਾਏ ਗਏ ਹਾਂ।

**1 ਕੁਰਿੰਥੀਆਂ 6:10-11 ਨਾ ਚੋਰ, ਨਾ ਲੋਭੀ, ਨਾ ਸ਼ਰਾਬੀ, ਨਾ ਗਾਲਾਂ ਕੱਢਣ ਵਾਲੇ, ਨਾ ਲੁਟੇਰੇ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਹੋਣਗੇ। ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਰ ਤੁਸੀਂ ਪਵਿੱਤਰ ਕੀਤੇ ਗਏ ਅਰ ਧਰਮੀ ਠਹਿਰਾਏ ਗਏ।**

ਧੋਤੇ ਜਾਣਾ ਅਰਥਾਤ ਸਾਫ ਕੀਤਾ ਜਾਣਾ। ਪਰਮੇਸ਼ੁਰ ਕਦੇ ਵੀ ਆਪਣੀ ਹਜ਼ੂਰੀ ਵਿੱਚ ਨਾ ਸਫ਼ਾਈ ਨੂੰ ਲਾਗੂ ਨਹੀਂ ਕਰਦਾ। ਸੰਪੂਰਨ ਨਿਆਂ ਤੇ ਸੰਪੂਰਨ ਧਾਰਮਿਕਤਾ ਪਾਪ ਨਾਲ ਬਣੀ ਨਹੀਂ ਰਹਿ ਸਕਦੀ।

**1 ਯੂਹੰਨਾ 1:7 ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ।**

"ਪਵਿੱਤਰ ਕੀਤੇ ਜਾਣਾ" ਮਨੁੱਖ ਦਾ ਪਰਮੇਸ਼ੁਰ ਨਾਲ ਸੰਬੰਧ ਬਾਰੇ ਵਰਣਨ ਕਰਦਾ ਹੈ ਜਿਹੜਾ ਮਸੀਹ ਤੋਂ ਨਿਹਚਾ ਰਾਹੀਂ ਹੈ। ਇਸ ਤੋਂ ਭਾਵ ਅਸੀਂ ਪਾਪ ਤੋਂ ਅੱਡ ਹੋ ਕੇ ਮਸੀਹ ਨਾਲ ਜੁੜ ਗਏ ਹਾਂ। ਦੁਨੀਆਂ ਤੋਂ ਅੱਡ ਹੋ ਕੇ ਪ੍ਰਭੂ ਨਾਲ ਸਾਡਾ ਸੰਬੰਧ ਹੈ ਤੇ ਇਸ ਦੇ ਆਧਾਰ ਤੇ ਉਸਦੀ ਧਾਰਮਿਕਤਾ ਸਾਡੇ ਤੋਂ ਠੋਸ ਦਿੱਤੀ ਜਾਂਦੀ ਹੈ।

ਅਸੀਂ ਧੋਤੇ ਤੇ ਪਵਿੱਤਰ ਕੀਤੇ ਗਏ ਹਾਂ ਤੇ ਨਾਲ ਹੀ ਧਰਮੀ ਠਹਿਰਾਏ ਗਏ ਹਾਂ। ਧਰਮੀ ਠਹਿਰਾਏ ਜਾਣ ਤੋਂ ਭਾਵ ਅਦਾਲਤੀ ਪਰਮੇਸ਼ੁਰ ਦੇ ਧਰਮੀ ਘੋਸ਼ਿਤ ਕੀਤੇ ਜਾਂਦੇ ਹਾਂ। ਅਸੀਂ ਧਰਮੀ ਹਾਂ ਤੇ ਪ੍ਰਭੂ ਦੇ ਸਾਹਮਣੇ ਸਾਡੀ ਆਤਮਾ ਸੰਪੂਰਨ ਹੈ। ਮਸੀਹ ਵਿੱਚ ਅਸੀਂ ਨਵੀਂ ਸਰਿਸ਼ਟ ਹਾਂ। ਯਿਸੂ ਦੇ ਬਹਾਏ ਹੋਏ ਲਹੂ ਦੇ ਦੁਆਰਾ ਸਾਡੇ ਪਾਪ ਦੂਰ ਤੇ ਧੋਤੇ ਗਏ ਹਨ।

**ਰੋਮੀਆਂ 3:28 ਇਸ ਲਈ ਅਸੀਂ ਇਹ ਵਿਚਾਰਦੇ ਹਾਂ ਭਈ ਮਨੁੱਖ ਸ਼ਰਾ ਦੇ ਕਰਮਾਂ ਦੇ ਬਾਝੋਂ ਨਿਹਚਾ ਹੀ ਨਾਲ ਧਰਮੀ ਠਹਿਰਾਇਆ ਜਾਂਦਾ ਹੈ।**

**ਰੋਮੀਆਂ 8:31 ਅ, 33 ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ**

**ਪਰਮੇਸ਼ੁਰ ਦੇ ਚੁਣਿਆ ਹੋਇਆਂ ਦੇ ਉੱਤੇ ਕੌਣ ਦਾਵਾ ਕਰੇਗਾ। ਪਰਮੇਸ਼ੁਰ ਹੀ ਹੈ ਜਿਹੜਾ ਧਰਮੀ ਠਹਿਰਾਉਂਦਾ ਹੈ।**

ਜਦੋਂ ਸ਼ੈਤਾਨ ਤੇ ਉਸਦੀ ਭੀੜ ਸਾਨੂੰ ਬੀਤੇ ਹੋਏ ਸਮੇਂ ਬਾਰੇ ਯਾਦ ਕਰਾਉਣ ਲਈ ਆਉਣ ਤੇ ਸਾਨੂੰ ਕਹਿਣਾ ਚਾਹੀਦਾ ਹੈ।

*ਭੁੱਲ ਜਾ, ਸ਼ੈਤਾਨ*
*ਮੈਂ ਧੋਤਾ, ਪਵਿੱਤਰ ਤੇ ਧਰਮੀ ਠਹਿਰਾਇਆ ਗਿਆ ਹਾਂ*
*ਮੈਂ ਨਵੀਂ ਸਰਿਸ਼ਟ ਹਾਂ*
*ਪੁਰਾਣੀਆਂ ਗੱਲਾਂ ਬੀਤ ਗਈਆਂ*
*ਸਾਰੀਆਂ ਨਵੀਆਂ ਹੋ ਗਈਆਂ ਹਨ।*

## ਸਾਡੀ ਨਵੀਂ ਨਾਗਰਿਕਤਾ

### ਸਾਡੇ ਹੱਕ

ਨਵੀਂ ਸਰਿਸ਼ਟ ਹੁੰਦੇ ਹੋਏ ਸਾਡੀ ਨਵੀਂ ਨਾਗਰਿਕਤਾ ਹੈ।

ਇੱਕ ਦੇਸ਼ ਦੇ ਨਾਗਰਿਕ ਲਈ ਦੇਸ਼ ਦਾ ਸੰਵਿਧਾਨ ਹੇਠ ਕੁਝ ਨਾ ਛੱਡਣ ਯੋਗ ਹੱਕ ਨਿਸ਼ਚਿਤ ਤੌਰ ਤੇ ਦਿੰਦੇ ਹਨ। ਉਹ ਖੇਤਰ ਦਾ ਸੰਵਿਧਾਨ ਹੀ ਉਸ ਦਾ ਸ੍ਰੇਸ਼ਠ ਕਾਨੂੰਨ ਹੈ। ਦੇਸ਼ ਦੇ ਦੂਜੇ ਸਾਰੇ ਹੋਰ ਕਾਨੂੰਨ ਬੁਨਿਆਦੀ ਹੱਕਾਂ ਦੇ ਪ੍ਰਤੀ ਅਧੀਨ ਹਨ ਜਿਹੜੇ ਸੰਵਿਧਾਨ ਦੁਆਰਾ ਦਿੱਤੇ ਗਏ ਹਨ। ਜੇਕਰ ਅਸੀਂ ਆਪਣੇ ਹੱਕਾਂ ਬਾਰੇ ਨਹੀਂ ਜਾਣਦੇ ਹਾਂ ਤਾਂ ਅਜਿਹੇ ਬੇਈਮਾਨ ਵਿਅਕਤੀ ਉਨ੍ਹਾਂ ਨੂੰ ਲੈ ਸਕਦੇ ਹਨ। ਨਵੀਂ ਸਰਿਸ਼ਟ ਹੁੰਦੇ ਹੋਏ ਸਾਨੂੰ ਕਈ ਨਾ ਛੱਡਣ ਵਾਲੇ ਹੱਕ ਦਿੱਤੇ ਗਏ ਹਨ ਪਰ ਸਾਡੇ ਇਹ ਹੱਕ ਬੇਈਮਾਨ ਸ਼ੈਤਾਨ ਦੁਆਰਾ ਖੋਹੇ ਜਾ ਸਕਦੇ ਹਨ। ਅਸੀਂ ਬਿਨਾਂ ਮਤਲਬ ਤੇ ਦੁੱਖ ਉਠਾਉਣ ਵਾਲੇ ਬਣ ਜਾਂਦੇ ਹਾਂ।

ਨਵੇਂ ਸਰਿਸ਼ਟ ਹੁੰਦੇ ਹੋਏ ਇਹ ਪੱਕਾ ਨਹੀਂ ਕਿ ਅਸੀਂ ਸਾਰੀਆਂ ਆਤਮਿਕ ਬਰਕਤਾਂ ਦਾ ਅਨੰਦ ਮਾਣੀਏ ਪਰ ਇਹ ਸਾਨੂੰ ਉਨ੍ਹਾਂ ਸੁਧਾਰਨ ਲਈ ਕਾਨੂੰਨੀ ਹੱਕ ਵੀ ਦਿੰਦਾ ਹੈ।

**ਸਾਡੇ ਸ਼ਸਤਰ**

ਇਸ ਜਗਤ ਵਿੱਚ ਸ਼ੈਤਾਨ ਨੇ ਸਾਡੇ ਨਵੀਂ ਸਰਿਸ਼ਟ ਦੇ ਹੱਕਾਂ ਨੂੰ ਹੜੱਪ ਕੀਤਾ ਹੈ ਪਰ ਪਰਮੇਸ਼ੁਰ ਨੇ ਸਾਨੂੰ ਆਤਮਿਕ ਸ਼ਸਤਰ ਦਿੱਤੇ ਤੇ ਉਸਨੂੰ ਸਾਨੂੰ ਯੋਗ ਬਣਾਉਣ ਦੀ ਲੋੜ ਹੈ।

ਪੌਲੁਸ ਲਿਖਦਾ ਹੈ ਕਿ ਸਾਡੇ ਸ਼ਸਤਰ ਇਸ ਸੰਸਾਰ ਦੇ ਨਹੀਂ ਪਰ ਉਹ ਈਸ਼ਵਰੀ ਸ਼ਕਤੀ ਤੋਂ ਗੜ੍ਹਾਂ ਨੂੰ ਢਾਹ ਦੇਣ ਲਈ ਤਕੜੇ ਹਨ।

**2 ਕੁਰਿੰਥੀਆਂ 10:4 ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤ੍ਰ ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਣ ਲਈ ਡਾਢੇ ਤਕੜੇ ਹਨ...**

ਗੜ੍ਹ ਜੋ ਕਿ ਇੱਕ ਕਿਲ੍ਹੇ ਦੀ ਤਰ੍ਹਾਂ ਹਨ। ਇਸ ਨੇ ਹਾਲਤ, ਵਿਚਾਰਾਂ, ਵਿਅਕਤੀਆਂ ਤੇ ਸੰਸਥਾਵਾਂ ਨੂੰ ਕੱਸ ਕੇ ਫੜਿਆ ਹੋਇਆ ਹੈ। ਸ਼ਾਇਦ ਇਹ ਉਹ ਗੜ੍ਹ ਹੋਵੇ ਜੋ ਸ਼ੈਤਾਨ ਨੇ ਸਾਡੀ ਤੰਦਰੁਸਤੀ ਜਾਂ ਧਨ ਉੱਤੇ ਸਥਾਪਿਤ ਕੀਤਾ ਹੋਵੇ। ਕਿਸੇ ਵੀ ਤਰ੍ਹਾਂ ਦਾ ਗੜ੍ਹ ਹੋਵੇ ਸਾਡੇ ਕੋਲ ਉਸ ਨੂੰ ਢਾਹ ਸੁੱਟਣ ਲਈ ਸ਼ਸਤ੍ਰ ਹਨ।

***ਪ੍ਰਭਾਵਸ਼ਾਲੀ ਹੋਣ ਲਈ***

ਕੋਈ ਵੀ ਸ਼ਸਤ੍ਰ ਪ੍ਰਭਾਵਸ਼ਾਲੀ ਨਹੀਂ ਜਦ ਤੱਕ ਉਹ ਵਰਤਿਆ ਨਾ ਜਾਵੇ।

ਜੇਕਰ ਦੁਸ਼ਮਣ ਨੇ ਹਥਿਆਰਬੰਦ ਵਿਅਕਤੀ ਉੱਤੇ ਹਮਲਾ ਕੀਤਾ ਤਾਂ ਉਹ ਹੁਣ ਵੀ ਉਸ ਦਾ ਨੁਕਸਾਨ ਕਰ ਸਕਦਾ ਹੈ। ਜੇਕਰ ਉਹ ਵਿਅਕਤੀ ਆਪਣੇ ਸ਼ਸਤਰ ਦੀ ਵਰਤੋਂ ਨਾ ਕਰੇ ਜੋ ਵਿਅਕਤੀ ਹਮਲਾ ਕੀਤਾ ਜਾਣਾ ਹੈ ਉਹ ਸਿਰ ਤੋਂ ਪੈਰ ਦੀ ਉਂਗਲੀ ਤੱਕ ਹਥਿਆਰ ਬੰਦ ਹੋਵੇਗਾ ਪਰ ਤੂੰ ਜਦ ਤੱਕ ਉਹ ਆਪਣੇ ਸ਼ਸਤਰਾਂ ਦੀ ਵਰਤੋਂ ਨਾ ਕਰੇ ਹੁਣ ਵੀ ਉਹ ਹਾਰ ਸਕਦਾ ਹੈ।

ਨਵੀਂ ਸਰਿਸ਼ਟ ਹੁੰਦੇ ਹੋਏ ਸਾਡੇ ਲਈ ਵੀ ਉਹੀ ਸੱਚ ਹੈ। ਦੁਸ਼ਮਣ ਨੂੰ ਹਰਾਉਣ ਲਈ ਉਹ ਸਾਰੇ ਸ਼ਸਤਰ ਜਿਨ੍ਹਾਂ ਦੀ ਲੋੜ ਹੈ ਸਾਡੇ ਅਖ਼ਤਿਆਰ ਵਿੱਚ ਹੋਣ ਪਰ ਉਹ ਕੀ ਹਨ ਤੇ ਕਿਵੇਂ ਉਨ੍ਹਾਂ ਦੀ ਵਰਤੋਂ ਕਰਨੀ ਹੈ ਉਸ ਬਾਰੇ ਸਿੱਖਣਾ ਹੈ।

**ਵਰਣਨ ਕਰਨਾ**

ਅਫ਼ਸੀਆਂ ਦੀ ਕਿਤਾਬ ਵਿੱਚ ਨਵੀਂ ਸਰਿਸ਼ਟ ਦੇ ਸ਼ਸਤ੍ਰ ਬਸਤ੍ਰ ਬਾਰੇ ਪੌਲੁਸ ਵਰਣਨ ਕਰਦਾ ਹੈ।

**ਅਫ਼ਸੀਆਂ 6:11–17 ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ੈਤਾਨ ਦੇ ਛਲ ਛਿਦ੍ਰਾਂ ਦੇ ਸਾਹਮਣੇ ਖਲੋ ਸੱਕੋ।**

**ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।**

**ਇਸ ਕਾਰਨ ਤੁਸੀਂ ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ ਖਲੋ ਸੱਕੋ।**

**ਸੋ ਤੁਸੀਂ ਆਪਣੀ ਕਮਰ ਸਚਿਆਈ ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨ ਕੇ ਅਤੇ ਮਿਲਾਪ ਦੀ ਖੁਸ਼ਖਬਰੀ ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ। ਓਹਨਾਂ ਸਭਨਾਂ ਸਣੇ ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ।**

### *ਇੱਕ ਹਮਲਾਵਰ ਸ਼ਸਤ੍ਰ*

ਸਾਧਾਰਨ ਤੌਰ ਤੇ ਇੱਥੇ ਦੋ ਤਰ੍ਹਾਂ ਦੇ ਸ਼ਸਤ੍ਰ ਹਨ ਹਮਲਾਵਰ ਤੋਂ ਸੁਰੱਖਿਆ ਸੰਬੰਧੀ।

ਕੁਝ ਸ਼ਸਤ੍ਰ ਜਦੋਂ ਸਾਡੇ ਤੇ ਹਮਲਾ ਹੁੰਦਾ ਹੈ ਤਾਂ ਉਹ ਸੁਰੱਖਿਆ ਸੰਬੰਧੀ ਤੇ ਦੂਜਾ ਦੁਸ਼ਮਣ ਉੱਤੇ ਹਮਲਾ ਕਰਨ ਲਈ ਹੁੰਦੇ ਹਨ।

ਇਸ ਵਰਣਨਾਤਮਕ ਪੈਰੇ ਵਿੱਚ ਆਤਮਾ ਦੀ ਤਲਵਾਰ - ਪਰਮੇਸ਼ੁਰ ਦਾ ਵਚਨ ਜੋ ਕਿ ਹਮਲਾਵਰ ਸ਼ਸਤ੍ਰ ਕਰਕੇ ਬਿਆਨ ਕੀਤਾ ਹੈ ਜਦੋਂ ਅਸੀਂ ਨਿਹਚਾ ਨਾਲ ਪਰਮੇਸ਼ੁਰ ਦੇ ਵਚਨ ਨੂੰ ਬੋਲਦੇ ਹਾਂ ਤਾਂ ਸ਼ੈਤਾਨ ਨੂੰ ਭੱਜਣਾ ਪੈਂਦਾ ਹੈ। ਇਸ ਸ਼ਸਤ੍ਰ ਵਿਰੁੱਧ ਉਹ ਆਪ ਵੀ ਸੁਰੱਖਿਆ ਨਹੀਂ ਕਰ ਸਕਦਾ।

ਪਰਮੇਸ਼ੁਰ ਨੇ ਇਹ ਸ਼ਸਤ੍ਰ ਸਾਨੂੰ ਦਿੱਤਾ ਹੈ ਪਰ ਇਸ ਦੀ ਵਰਤੋਂ ਬਾਰੇ ਸਾਨੂੰ ਸਿੱਖਣਾ ਹੈ। ਨਵੀਂ ਸਰਿਸ਼ਟ ਹੁੰਦੇ ਹੋਏ ਸਾਨੂੰ ਉਨ੍ਹਾਂ ਹਾਲਤਾਂ ਨੂੰ ਪਰਮੇਸ਼ੁਰ ਦਾ ਵਚਨ ਕਹਿਣਾ ਚਾਹੀਦਾ ਹੈ ਜੋ ਸਾਨੂੰ ਥੱਲੇ ਸੁੱਟਣ ਦੀ ਕੋਸ਼ਿਸ਼ ਕਰਦੀਆਂ ਹਨ।

## ਸਿੱਟਾ

### *ਮਸੀਹ ਵਿੱਚ ਸਾਤਾਨਾਵਾ ਸਰੂਪ ਹੈ*

ਨਵੇਂ ਜਨਮ ਦੇ ਚਮਤਕਾਰ ਦੁਆਰਾ ਅਸੀਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਜਨਮ ਲੈਂਦੇ ਹਾਂ। ਪਰਮੇਸ਼ੁਰ ਦੇ ਪੁੱਤਰ ਤੇ ਪੁੱਤਰੀਆਂ ਹੋਣ ਕਰਕੇ ਅਸੀਂ ਮਸੀਹ ਨਾਲ ਅਧਿਕਾਰੀ ਬਣ ਜਾਂਦੇ ਹਾਂ ਜੋ ਕੁਝ ਉਸ ਦਾ ਹੈ ਉਸਨੂੰ ਸਾਂਝੀ ਕਰਨ ਲਈ ਸਾਡਾ ਵੀ ਹੈ।

ਅਸੀਂ ਉਸ ਵਿੱਚ ਹਾਂ ਅਤੇ ਉਸ ਵਿੱਚ ਸਾਡੀ ਪਦਵੀ ਕਾਰਨ ਅਸੀ ਆਤਮਿਕ ਬਰਕਤਾਂ ਨਾਲ ਬਰਕਤ ਪਾਈ, ਚੁਣੇ ਹੋਏ, ਠਹਿਰਾਏ, ਸਵੀਕਾਰੇ, ਮੋਹਰ ਲਗਾਏ ਹੋਏ, ਅਤੇ ਉਸ ਨਾਲ ਬੈਠਾਏ ਹੋਏ ਹਾਂ।

ਧਰਤੀ ਉੱਤੇ ਉਸਦੇ ਸ਼ੁਭ ਕਰਮਾਂ ਨੂੰ ਕਰਨ ਲਈ ਅਸੀਂ ਮਸੀਹ ਵਿੱਚ ਸਿਰਜੇ ਗਏ ਹਾਂ। ਅਸੀਂ ਜੋ ਪਹਿਲਾਂ ਉਸਦੇ ਦੁਸ਼ਮਣ ਸਾਂ ਹੁਣ ਉਸ ਨਾਲ ਨਿੱਜੀ ਸੰਗਤੀ ਕਰਨ ਲਈ ਪ੍ਰਵਾਨ ਕੀਤੇ ਗਏ ਹਾਂ।

ਅਸੀਂ ਉਸਦੀ ਪਵਿੱਤਰ ਹੈਕਲ ਹਾਂ। ਸਾਡੇ ਕੋਲ ਨਵੀਂ ਤਾਜਾ ਦਲੇਰੀ ਤੇ ਭਰੋਸਾ ਸਾਡੀ ਉਸ ਨਿਹਚਾ ਦੇ ਕਾਰਨ ਹੈ ਜੋ ਉਸ ਉੱਤੇ ਹੈ।

ਅਸੀਂ ਜੋ ਪਹਿਲਾਂ ਅਨ੍ਹੇਰੇ ਵਿੱਚ ਸਾਂ ਪਰ ਹੁਣ ਚਾਨਣ ਦੇ ਬਾਲਕ ਜਾਣੇ ਜਾਂਦੇ ਹਾਂ। ਅਸੀਂ ਧੋਤੇ, ਪਵਿੱਤਰ ਤੇ ਧਰਮੀ ਠਹਿਰਾਏ ਗਏ ਹਾਂ। ਨਵੀਂ ਸ੍ਰਿਸ਼ਟ ਦੇ ਕਾਰਨ ਸਾਡੇ ਕੋਲ ਨਾਗਰਿਕਤਾ ਦੇ ਹੱਕ ਹਨ। ਪਰਮੇਸ਼ੁਰ ਦੇ ਸਾਰੇ ਸ਼ਸਤ੍ਰ ਬਸਤ੍ਰ ਨੂੰ

ਪਹਿਣਨਾ ਤੇ ਯਿਸੂ ਮਸੀਹ ਵਿੱਚ ਨਵੀਂ ਸ੍ਰਿਸਟ ਹੁੰਦੇ ਹੋਏ ਆਪਣੇ ਸਾਰੇ ਹਿੱਤਾਂ, ਹੱਕਾਂ ਤੇ ਜਾਇਦਾਦ ਨੂੰ ਲੈਣਾ ਹੈ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਨਵੇਂ ਜਨਮ ਦਾ ਤੁਹਾਡੇ ਨਾਲ ਕੀ ਭਾਵ ਹੈ?
2. "ਮਸੀਹ ਵਿੱਚ" ਹੋਣ ਤੋਂ ਤੁਹਾਡਾ ਕੀ ਭਾਵ ਹੈ?
3. ਚਾਨਣ ਦੇ ਬਾਲਕ ਦਾ ਹਿੱਸਾ ਬਣਨ ਤੋਂ ਇਸ ਦਾ ਤੁਹਾਡਾ ਕੀ ਭਾਵ ਹੈ?

### ਅਧਿਆਏ ਸੱਤ

# ਨਵੀਂ ਸਰਿਸ਼ਟ ਦੇ ਹੱਕ

## ਅਬਰਾਹਾਮ ਦੇ ਬਾਲਕਾਂ ਦੀ ਤਰ੍ਹਾਂ

ਪੌਲੁਸ ਰਸੂਲ ਲਿਖਦਾ ਹੈ ਕਿ ਜੇ ਅਸੀਂ ਵਿਸ਼ਵਾਸ ਵਿੱਚ ਹਾਂ ਤਾਂ ਅਸੀਂ ਅਬਰਾਹਾਮ ਦੇ ਬਾਲਕ ਹਾਂ। ਇਹ ਜ਼ਰੂਰੀ ਹੈ ਕਿਉਂਕਿ ਅਬਰਾਹਾਮ ਦੇ ਬਾਲਕ ਹੁੰਦੇ ਹੋਏ ਸਾਡੇ ਕੋਲ ਕਈ ਹੱਕ ਅਤੇ ਸਹੂਲਤਾਂ ਹਨ।

**ਗਲਾਤੀਆਂ 3:6,7 ... ਜਿਵੇਂ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ ਸੋ ਜਾਣ ਛੱਡੋ ਭਈ ਜਿਹੜੇ ਪਰਤੀਤ ਵਾਲੇ ਹਨ ਓਹੋ ਅਬਰਾਹਾਮ ਦੇ ਪੁੱਤ੍ਰ ਹਨ।**

### ਅਬਰਾਹਾਮ ਦੀ ਧਾਰਮਿਕਤਾ

ਪਰਮੇਸ਼ੁਰ ਨੇ ਅਬਰਾਹਾਮ ਨੂੰ ਧਰਮੀ ਕਰਕੇ ਜਾਣਿਆ, ਇਹ ਉਸਦੇ ਚੰਗੇ ਕੰਮਾਂ, ਉਸ ਦੀ ਮਿਸਾਲ ਦੇਣ ਵਾਲੀ ਜ਼ਿੰਦਗੀ ਜਾਂ ਉਸ ਦੀ ਮਹਾਨ ਯੋਗਤਾ ਕਰਕੇ ਨਹੀਂ ਪਰ ਇਸ ਲਈ ਕਿ ਅਬਰਾਹਾਮ ਕੋਲ ਨਿਹਚਾ ਸੀ।

ਪਰਮੇਸ਼ੁਰ ਦੀ ਧਾਰਮਿਕਤਾ ਨੂੰ ਪਾਉਣ ਲਈ ਸਾਨੂੰ ਪੂਰੀ ਤਰ੍ਹਾਂ ਸੰਪੂਰਨ ਹੋਣ ਦੀ ਲੋੜ ਨਹੀਂ। ਪਰ ਕਿਸੇ ਵੀ ਤਰ੍ਹਾਂ ਸਾਨੂੰ ਪਰਮੇਸ਼ੁਰ ਤੇ ਨਿਹਚਾ ਅਤੇ ਨਿਹਚਾ ਨਾਲ ਹੀ ਉਸਦੀ ਧਾਰਮਿਕਤਾ ਨੂੰ ਪਾਉਣਾ ਹੈ, ਜਿਵੇਂ ਅਬਰਾਹਾਮ ਨੇ ਕੀਤਾ।

ਸਰੀਰ ਵਿੱਚ ਅਸੀਂ ਧਰਤੀ ਦੇ ਪਿਤਾ ਦੇ ਹਾਂ ਅਤੇ ਪਰਿਵਾਰ ਵਿੱਚ ਜਨਮ ਲੈ ਕੇ ਉਸਦੇ ਨਾਮ ਨੂੰ ਦਿਲ ਵਿੱਚ ਰੱਖਦੇ ਹਾਂ। ਜਦੋਂ ਨਿਹਚਾ ਰਾਹੀਂ ਅਸੀਂ ਨਵਾਂ ਜਨਮ ਲੈਂਦੇ ਹਾਂ ਤਾਂ ਅਸੀਂ ਨਿਹਚਾ ਦੇ ਪਰਿਵਾਰ ਵਿਚ ਜਨਮੇ ਹਾਂ ਤੇ ਇਸ ਪਰਿਵਾਰ ਦੇ ਨਾਮ ਨੂੰ ਪ੍ਰਯੋਗ ਕਰਨ ਦਾ ਹੱਕ ਹੈ-ਅਬਰਾਹਾਮ ਦਾ ਪਰਿਵਾਰ।

### ਪਰਮੇਸ਼ੁਰ ਦਾ ਵਾਇਦਾ ਅਬਰਾਹਾਮ ਨੂੰ

ਜਦੋਂ ਪਰਮੇਸ਼ੁਰ ਨੇ ਅਬਰਾਮ (ਬਾਅਦ ਵਿੱਚ ਅਬਰਾਹਾਮ ਕਰਕੇ ਸੱਦਿਆ ਗਿਆ) ਨੂੰ ਹਾਰਨ ਤੋਂ ਬਾਹਰ ਬੁਲਾਇਆ। ਤਾਂ ਉਸਨੇ ਅਬਰਾਹਾਮ ਨੂੰ ਕਈ ਵਾਇਦੇ ਦਿੱਤੇ ਜਿਵੇਂ ਕਿ ਅਸੀਂ ਵੀ ਅਬਰਾਹਾਮ ਦੇ ਪਰਿਵਾਰ ਵਿੱਚ ਹਾਂ ਤਾਂ ਅਸੀਂ ਇਨ੍ਹਾਂ ਵਾਇਦਿਆਂ ਨੂੰ ਵੰਡ ਸਕਦੇ ਹਾਂ

**ਉਤਪਤ 12:1–3 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ "ਤੂੰ ਆਪਣੇ ਦੇਸ਼ ਤੋਂ ਅਰ ਆਪਣੇ ਸਾਕਾ ਤੋਂ ਅਰ ਆਪਣੇ ਪਿਤਾ ਦੇ ਘਰ ਤੋਂ ਉਸ ਦੇਸ਼ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ।"**

**"ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ ਅਰ ਮੈਂ ਤੈਨੂੰ ਅਸੀਸ ਦਿਆਂਗਾ ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ ਅਰ ਤੂੰ ਬਰਕਤ ਦਾ ਕਾਰਨ ਹੋ ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ ਅਤੇ ਤੇਰੇ ਕਾਰਨ ਸਰਿਸਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ।"**

ਅਸੀਂ ਅਬਰਾਹਾਮ ਦੇ ਵਾਇਦੇ ਨਾਲ ਜੁੜੇ ਹਾਂ। ਇਨ੍ਹਾਂ ਵਾਇਦਿਆਂ ਦੀ ਅਸੀਂ ਆਪਣੇ ਲਈ ਘੋਸ਼ਣਾ ਕਰ ਸਕਦੇ ਹਾਂ।

## ਉਸਦੀ ਅੰਸ

ਪਰਮੇਸ਼ੁਰ ਨੇ ਅਬਰਾਹਾਮ ਨਾਲ ਇੱਕ ਵੱਡੀ ਗਿਣਤੀ ਵਿੱਚ ਅੰਸ ਦਾ ਵਾਇਦਾ ਕੀਤਾ। ਧਰਤੀ ਦੀ ਧੂੜ ਦੀ ਤਰ੍ਹਾਂ ਉਸ ਦਾ ਬੀਜ ਹੋਵੇਗਾ ਜੋ ਕਿ ਉਸਦੇ ਸਰੀਰਕ ਬੀਜ ਦਾ ਜ਼ਿਕਰ ਕਰਦਾ ਹੈ।

**ਉਤਪਤ 13:16 ਅਤੇ ਮੈਂ ਤੇਰੀ ਅੰਸ ਧਰਤੀ ਦਾ ਧੂੜ ਵਰਗੀ ਅਜੇਗੀ ਵਧਾਵਾਂਗਾ ਕਿ ਜੇ ਕੋਈ ਮਨੁੱਖ ਧਰਤੀ ਦੀ ਧੂੜ ਨੂੰ ਗਿਣ ਸਕੇ ਤਾਂ ਉਹ ਤੇਰੀ ਅੰਸ ਨੂੰ ਵੀ ਗਿਣ ਸੱਕੇਗਾ।**

ਪਰਮੇਸ਼ੁਰ ਨੇ ਅਬਰਾਹਾਮ ਨੂੰ ਇਹ ਵੀ ਕਿਹਾ ਕਿ ਤੇਰੀ ਅੰਸ ਅਕਾਸ਼ ਦੇ ਅਣਗਿਣਤ ਤਾਰਿਆਂ ਦੀ ਤਰ੍ਹਾਂ ਹੋਵੇਗੀ ਜੋ ਕਿ ਉਸ ਦੇ ਆਤਮਿਕ ਬੀਜ ਦਾ ਜ਼ਿਕਰ ਕਰਦਾ ਹੈ।

**ਉਤਪੱਤ 15:5 ਤਾਂ ਉਹ ਉਸਨੂੰ ਬਾਹਰ ਲੈ ਗਿਆ ਅਰ ਆਖਿਆ ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ ਗਿਣ ਜੇ ਤੂੰ ਉਨ੍ਹਾਂ ਨੂੰ ਗਿਣ ਸੱਕੇ, ਫੇਰ ਉਸਨੇ ਉਹ ਨੂੰ ਆਖਿਆ "ਐਨੀ ਹੀ ਤੇਰੀ ਅੰਸ ਹੋਵੇਗੀ।"**

## ਅਨੰਤ ਨੇਮ

ਪਰਮੇਸ਼ੁਰ ਨੇ ਅਬਰਾਹਾਮ ਤੇ ਉਸਦੀ ਅੰਸ ਨਾਲ ਅਨੰਤ ਨੇਮ ਬੰਨਿਆ। ਨਿਹਚਾ ਰਾਹੀਂ, ਅਸੀਂ ਉਸਦੀ ਸੰਤਾਨ ਅਤੇ ਅਸੀਂ ਇਸ ਅਨੰਦ ਨੇਮ ਦੇ ਹਿੱਸੇ ਹਾਂ।

**ਉਤਪਤ 17:7 ਅਤੇ ਮੈਂ ਆਪਣਾ ਨੇਮ ਆਪਣੇ ਅਰ ਤੇਰੀ ਅੰਸ ਦੇ ਵਿੱਚ ਜੋ ਤੇਰੇ ਪਿੱਛੋਂ ਆਵੇਗੀ ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ ਅਨੰਤ ਨੇਮ ਕਰਕੇ ਬੰਨ੍ਹਾਗਾ ਕਿ ਮੈਂ ਤੇਰੇ ਅਰ ਤੇਰੇ ਪਿੱਛੋਂ ਤੇਰੀ ਅੰਸ ਦਾ ਪਰਮੇਸ਼ੁਰ ਹੋਵਾਂਗਾ।**

## ਯਿਸੂ, ਅਬਰਾਹਾਮ ਦਾ ਬੀਜ

ਜੋ ਅਸੀਂ ਯਿਸੂ ਵਿੱਚ ਹਾਂ ਤਾਂ ਅਸੀਂ ਪਰਮੇਸ਼ੁਰ ਦੀ ਬਰਕਤ ਜੋ ਅਬਰਾਹਾਮ ਦੀ ਹੈ ਉਸ ਦੇ ਅਧਿਕਾਰੀ ਹਾਂ।

**ਗਲਾਤੀਆਂ 3:16 ਹੁਣ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਬਚਨ ਦਿੱਤੇ ਗਏ ਸਨ ਉਹ ਨਹੀਂ ਕਹਿੰਦਾ "ਅੰਸਾਂ ਨੂੰ" ਜਿਵੇਂ ਬਾਹਲਿਆਂ ਦੇ ਲਈ ਪਰ ਜਿਵੇਂ ਇੱਕ ਦੇ ਲਈ ਕਹਿੰਦਾ ਹੈ ਅਰਥਾਤ "ਤੇਰੀ ਅੰਸ ਨੂੰ" ਸੋ ਉਹ ਮਸੀਹ ਹੈ।**

**ਗਲਾਤੀਆਂ 3:29 ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੋ।**

# ਅਬਰਾਹਾਮ ਵਿੱਚ ਸਾਡੀ ਬਰਕਤ

### ਅਸੀਂ ਅਬਰਾਹਾਮ ਦੇ ਬਾਲਕ ਹਾਂ

ਉਸਦੀ ਆਤਮਿਕ ਅੰਸ-ਨਿਹਚਾ ਰਾਹੀਂ ਅਸੀਂ ਉਸਦੀ ਬਰਕਤ ਪਾ ਸਕਦੇ ਹਾਂ। ਜੇਕਰ ਨਿਹਚਾ ਰਾਹੀਂ ਇਨ੍ਹਾਂ ਬਰਕਤਾਂ ਨੂੰ ਪਾਉਣਾ ਹੈ ਤਾਂ ਉਹ ਕਿਹੜੀਆਂ ਹਨ ਉਨ੍ਹਾਂ ਨੂੰ ਜਾਣਨਾ ਹੈ।

### ਬਰਕਤਾਂ ਦੀ ਸੂਚੀ

**ਬਿਵਸਥਾਸਾਰ 28:1–14 – ਤਾਂ ਐਉਂ ਹੋਵੇਗਾ ਕਿ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਵਾਜ਼ ਮਨ ਲਾ ਕੇ ਸੁਣੋ ਅਤੇ ਉਸ ਦੇ ਸਾਰੇ ਹੁਕਮਾਂ ਦੀ ਪਾਲਨਾ ਕਰਕੇ ਪੂਰ ਕਰੋ ਜਿਨ੍ਹਾਂ ਦਾ ਮੈਂ ਅੱਜ ਹੁਕਮ ਦਿੰਦਾ ਹਾਂ ਤਾਂ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਧਰਤੀ ਦੀਆਂ ਸਾਰੀਆਂ ਕੌਮਾਂ ਉੱਤੇ ਉੱਚਾ ਕਰੇਗਾ। ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਵਾਜ਼ ਸੁਣੋ ਤਾਂ ਏਹ ਸਾਰੀਆਂ ਅਸੀਸਾਂ ਤੁਹਾਡੇ ਉੱਤੇ ਆਉਣਗੀਆਂ ਸਗੋਂ ਤੁਹਾਡੇ ਪਿੱਛੇ ਪੈ ਕੇ ਤੁਹਾਨੂੰ ਮਿਲਣਗੀਆਂ।**

**ਮੁਬਾਰਕ ਹੋਵੋਗੇ ਤੁਸੀਂ ਸ਼ਹਿਰ ਵਿੱਚ ਅਤੇ ਮੁਬਾਰਕ ਹੋਵੋਗੇ ਤੁਸੀਂ ਖੇਤ ਵਿੱਚ। ਮੁਬਾਰਕ ਹੋਵੇਗਾ ਤੁਹਾਡੇ ਸਰੀਰ ਦਾ ਫਲ, ਤੁਹਾਡੀ ਜਮੀਨ ਦਾ ਫਲ, ਤੁਹਾਡੇ ਡੰਗਰ ਦਾ ਫਲ, ਤੁਹਾਡੇ ਚੌਣੇ ਦਾ ਵਾਧਾ ਅਤੇ ਤੁਹਾਡੇ ਇੱਜੜ ਦੇ ਬੱਚੇ। ਮੁਬਾਰਕ ਹੋਵੇਗੀ ਤੁਹਾਡੀ ਖਾਰੀ ਅਤੇ ਤੁਹਾਡਾ ਪਰਾਤੜਾ। ਮੁਬਾਰਕ ਹੋਵੋਗੇ ਤੁਸੀਂ ਆਪਣੇ ਅੰਦਰ ਆਉਣ ਵਿੱਚ ਅਤੇ ਮੁਬਾਰਕ ਹੋਵੋਗੇ ਤੁਸੀਂ ਆਪਣੇ ਬਾਹਰ ਜਾਣ ਵਿੱਚ।**

**ਯਹੋਵਾਹ ਤੁਹਾਡਿਆਂ ਵੈਰੀਆਂ ਨੂੰ ਜਿਹੜੇ ਤੁਹਾਡੇ ਵਿਰੁੱਧ ਉੱਠਦੇ ਹਨ ਤੁਹਾਡੇ ਅੱਗੋਂ ਮਰਵਾ ਸੁੱਟੇਗਾ। ਇੱਕ ਰਾਹ ਥਾਣੀ ਓਹ ਆਉਣਗੇ ਪਰ ਸੱਤੀਂ ਰਾਹੀਂ ਹੋ ਕੇ ਤੁਹਾਡੇ ਅੱਗੋਂ ਨੱਠਣਗੇ।**

**ਯਹੋਵਾਹ ਤੁਹਾਡੇ ਲਈ ਅਸੀਸ ਦੀ ਆਗਿਆ ਤੁਹਾਡੇ ਮੋਦੀ ਖਾਨਿਆਂ ਵਿੱਚ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਵਿੱਚ ਦੇਵੇਗਾ ਅਤੇ ਉਹ ਤੁਹਾਨੂੰ ਉਸ ਦੇਸ਼ ਵਿੱਚ ਅਸੀਸ ਦੇਵੇਗਾ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਦਿੰਦਾ ਹੈ।**

**ਤਾਂ ਜਿਵੇਂ ਉਸਨੇ ਤੁਹਾਡੇ ਨਾਲ ਸੌਂਹ ਖਾਧੀ ਯਹੋਵਾਹ ਤੁਹਾਨੂੰ ਆਪਣੇ ਲਈ ਇੱਕ ਪਵਿੱਤ੍ਰ ਪਰਜਾ ਕਰਕੇ ਕਾਇਮ ਕਰੇਗਾ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਨਾ ਕਰੋ ਅਤੇ ਉਸ ਦੇ ਮਾਰਗਾਂ ਉੱਤੇ ਚੱਲੋ। ਤਾਂ ਧਰਤੀ ਦੇ ਸਾਰੇ ਲੋਕ ਵੇਖਣਗੇ ਕਿ ਤੁਸੀਂ ਯਹੋਵਾਹ ਦੇ ਨਾਮ ਉੱਤੇ ਪੁਕਾਰੇ ਜਾਂਦੇ ਹੋ ਅਤੇ ਓਹ ਤੁਹਾਥੋਂ ਡਰਨਗੇ।**

**ਯਹੋਵਾਹ ਤੁਹਾਡੇ ਪਦਾਰਥਾਂ ਨੂੰ ਵਧਾਵੇਗਾ ਅਰਥਾਤ ਤੁਹਾਡੇ ਸਰੀਰਾਂ ਦਾ ਫਲ, ਤੁਹਾਡੇ ਚੌਣੇ ਦਾ ਫਲ, ਤੁਹਾਡੀ ਜ਼ਮੀਨ ਦਾ ਫਲ ਉਸ ਭੂਮੀ ਉੱਤੇ ਜਿਹ ਦੇ ਤੁਹਾਨੂੰ ਦੇਣ ਦੀ ਸੌਂਹ ਯਹੋਵਾਹ ਨੇ ਤੁਹਾਡੇ ਪਿਉ ਦਾਦਿਆਂ ਨਾਲ ਖਾਧੀ ਸੀ। ਯਹੋਵਾਹ ਤੁਹਾਡੇ ਲਈ ਆਪਣਾ ਚੰਗਾ ਅਕਾਸ਼ ਰੂਪੀ ਭੰਡਾਰ ਖੋਲ੍ਹੇਗਾ ਕਿ ਵੇਲੇ**

**ਸਿਰ ਤੁਹਾਡੀ ਧਰਤੀ ਉੱਤੇ ਮੀਂਹ ਪਾਵੇ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਬਰਕਤ ਦੇਵੇ। ਤੁਸੀਂ ਬਹੁਤੀਆਂ ਕੌਮਾਂ ਨੂੰ ਕਰਜ਼ ਦਿਓਗੇ ਪਰ ਤੁਸੀਂ ਆਪ ਕਰਜ਼ ਨਹੀਂ ਲਓਗੇ। ਯਹੋਵਾਹ ਤੁਹਾਨੂੰ ਸਿਰ ਠਹਿਰਾਵੇਗਾ ਪਰ ਪੂਛ ਨਹੀਂ ਅਤੇ ਤੁਸੀਂ ਉੱਤੇ ਹੀ ਰਹੋਗੇ ਪਰ ਹੇਠਾਂ ਨਹੀਂ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮਾਂ ਨੂੰ ਸੁਣੋ ਜਿਹੜੇ ਅੱਜ ਮੈਂ ਤੁਹਾਨੂੰ ਪਾਲਨਾ ਕਰਨ ਲਈ ਦਿੰਦਾ ਹਾਂ। ਅਤੇ ਤੁਸੀਂ ਉਨ੍ਹਾਂ ਗੱਲਾਂ ਤੋਂ ਜਿਨ੍ਹਾਂ ਦਾ ਮੈਂ ਤੁਹਾਨੂੰ ਅੱਜ ਹੁਕਮ ਦਿੰਦਾ ਹਾਂ ਸੱਜੇ ਖੱਬੇ ਨਾ ਮੁੜੋ ਭਈ ਤੁਸੀਂ ਦੂਜੇ ਦੇਵਤਿਆਂ ਦੇ ਪਿੱਛੇ ਜਾ ਕੇ ਓਹਨਾਂ ਦੀ ਪੂਜਾ ਕਰੋ।**

**ਸਾਨੂੰ ਦਿੱਤੇ ਗਏ ਹਨ**

ਇਹ ਵਾਇਦੇ ਪਹਿਲਾਂ ਅਬਰਾਹਾਮ ਨੂੰ, ਬਾਅਦ ਵਿੱਚ ਉਸਦੀ ਸਰੀਰਕ ਅੰਸ ਨੂੰ, ਤੇ ਬਾਅਦ ਵਿੱਚ ਉਸਦੀ ਆਤਮਿਕ ਅੰਸ ਨੂੰ ਦਿੱਤੇ ਗਏ ਹਨ-ਜੋ ਨਿਹਚਾ ਕਰਦੇ ਹਨ।

**ਗਲਾਤੀਆਂ 3:6, 7, 14 ... ਜਿਵੇਂ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਅਤੇ ਇਹ ਉਹ ਦੇ ਲਈ ਧਰਮ ਗਿਣੀ ਗਈ। ਸੋ ਜਾਣ ਛੱਡੋ ਭਈ ਜਿਹੜੇ ਪਰਤੀਤ ਵਾਲੇ ਹਨ ਉਹੋ ਅਬਰਾਹਾਮ ਦੇ ਪੁੱਤ੍ਰ ਹਨ।**

**... ਭਈ ਅਬਰਾਹਾਮ ਦੀ ਬਰਕਤ ਮਸੀਹ ਯਿਸੂ ਵਿੱਚ ਪਰਾਈਆਂ ਕੌਮਾਂ ਉੱਤੇ ਹੋਵੇ ਤਾਂ ਜੋ ਅਸੀਂ ਉਸ ਆਤਮਾ ਦੇ ਬਚਨ ਨੂੰ ਨਿਹਚਾ ਦੇ ਰਾਹੀਂ ਪਰਾਪਤ ਕਰੀਏ"।**

**ਅੱਜ ਲਈ**

ਨੋਟ ਕਰੀਏ, ਉਹ ਜਿਹੜੇ ਵਾਇਦੇ ਅਬਰਾਹਾਮ ਨੂੰ ਦਿੱਤੇ ਅੱਜ ਲਈ ਹਨ ਨਾ ਕਿ ਉਦੋਂ ਜਦੋਂ ਅਸੀਂ ਸਵਰਗ ਵਿੱਚ ਜਾਵਾਂਗੇ। ਉਹ ਅੱਜ ਦੇ ਲਈ ਹਨ।

ਆਓ, ਥੋੜਾ ਸਮਾਂ ਕੱਢ ਕੇ ਨਵੀਂ ਸਰਿਸ਼ਟ ਦੀਆਂ ਬਰਕਤਾਂ ਲਈ ਪਰਮੇਸ਼ੁਰ ਦਾ ਧੰਨਵਾਦ ਕਰੀਏ।

*ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੈਂ ਸ਼ਹਿਰ ਵਿੱਚ ਅਤੇ ਦੇਸ਼ ਵਿੱਚ ਵੀ ਮੁਬਾਰਕ ਹਾਂ। ਜਿੱਥੇ ਵੀ ਹਾਂ ਉੱਥੇ ਮੁਬਾਰਕ ਹਾਂ।*

*ਮੈਂ ਧੰਨਵਾਦ ਕਰਦਾ ਹਾਂ ਕਿ ਮੇਰੀ ਕੁੱਖ ਦਾ ਫਲ ਵੀ ਮੁਬਾਰਕ ਹੈ। ਮੇਰੇ ਬੱਚੇ ਮੁਬਾਰਕ ਹਨ।*

*ਪ੍ਰਭੂ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੇਰੇ ਜਾਨਵਰ ਵੀ ਤੇਰੇ ਕਾਰਨ ਧੰਨ ਹੋ ਗਏ ਹਨ।*

*ਪ੍ਰਭੂ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੇਰੀ ਟੋਕਰੀ ਭਰੀ ਹੋਈ ਹੈ ਤਾਂ ਜੋ ਪ੍ਰਤੀਦਿਨ ਲਈ ਭੋਜਨ ਹੈ। ਪ੍ਰਭੂ ਮੈਂ ਧੰਨਵਾਦ ਕਰਦਾ ਹੈ ਕਿ ਜਦੋਂ ਮੈਂ ਅੰਦਰ ਜਾਂ ਬਾਹਰ ਜਾਣ ਵਿੱਚ ਮੁਬਾਰਕ ਹਾਂ। ਮੈਂ ਜਾਣਦਾ ਹਾਂ ਜਦੋਂ ਕਿ ਮੇਰੇ ਵੈਰੀ ਮੇਰੇ ਵਿਰੁੱਧ ਆਉਣ ਦੀ ਕੋਸ਼ਿਸ਼ ਕਰਨਗੇ ਤਾਂ ਉਹ ਪਹਿਲਾਂ ਤੋਂ ਹੀ ਹਾਰੇ ਹੋਏ ਹਨ। ਇੱਕ ਰਾਹ ਥਾਣੀ ਉਹ ਆਉਣਗੇ ਪਰ ਸੱਤੀ ਰਾਹੀਂ ਹੋ ਕੇ ਅੱਗੋਂ ਨੱਠਣਗੇ।*

*ਪ੍ਰਭੂ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਮੈਂ ਜੋ ਕੁਝ ਕਰਦਾ ਹਾਂ ਉਸ ਵਿੱਚ ਸਫ਼ਲ ਹੋਵਾਂਗਾ। ਮੈਂ ਤੇਰੇ ਫਰਮਾਨਾਂ ਅਨੁਸਾਰ ਅੱਜ, ਕੱਲ ਅਤੇ ਜੀਵਨ ਦੇ ਪ੍ਰਤੀ ਦਿਨ ਵਿੱਚ ਚੱਲਾਂਗਾ, ਮੈਂ ਤੇਰਾ ਧੰਨਵਾਦ ਕਰਦਾ ਹਾਂ ਪ੍ਰਭੂ ਜੋ ਲੋਕ ਦੇਖਣਗੇ ਕਿ ਮੇਰੇ ਜੀਵਨ ਵਿੱਚ ਤੁਸੀਂ ਕਿੰਨੇ ਮਹਾਨ ਹੋ।*

*ਮੈਂ ਤੇਰਾ ਧੰਨਵਾਦ ਕਰਦਾ ਹਾਂ ਪ੍ਰਭੂ, ਜੋ ਤੂੰ ਮੈਨੂੰ ਭਰਪੂਰ ਖੁਸ਼ਹਾਲੀ ਦੇਵੇਂਗਾ।*

*ਮੈਂ ਤੇਰਾ ਧੰਨਵਾਦ ਕਰਦਾ ਹਾਂ ਪ੍ਰਭੂ, ਜੋ ਤੈਂ ਅਕਾਸ਼ ਰੂਪੀ ਭੰਡਾਰ ਨੂੰ ਖੋਲਿਆ ਹੈ ਅਤੇ ਜਿਸ ਨੂੰ ਮੈਂ ਧਰਤੀ ਤੇ ਪ੍ਰਾਪਤ ਕਰ ਸਕਾਂ।*

*ਮੈਂ ਤੇਰਾ ਧੰਨਵਾਦ ਕਰਦਾ ਹਾਂ ਪ੍ਰਭੂ, ਜੋ ਤੂੰ ਮੈਨੂੰ ਪੂਛ ਨਹੀਂ, ਸਿਰ ਠਹਿਰਾਇਆ ਹੈ, ਤੂੰ ਮੈਨੂੰ ਉੱਤੇ ਕੀਤਾ ਨਾ ਕਿ ਹੇਠਾਂ।*

*ਹੇ ਪਿਤਾ, ਸਾਰੀਆਂ ਬਰਕਤਾਂ ਲਈ ਮੈਂ ਤੇਰਾ ਧੰਨਵਾਦ ਕਰਦਾ ਹਾਂ।*

*ਪ੍ਰਭੂ ਮੈਂ ਤੇਰੇ ਪਿੱਛੇ ਚੱਲਣ ਤੋਂ ਨਹੀਂ ਮੁੜਾਂਗਾ, ਮੈਂ ਦੂਜੇ ਦੇਵੀ ਦੇਵਤਿਆਂ ਦੀ ਸੇਵਾ ਨਹੀਂ ਕਰਾਂਗਾ। ਮੈਂ ਤੇਰੇ ਹੁਕਮਾਂ ਦੀ ਪਾਲਨਾ ਕਰਾਂਗਾ। ਯਿਸੂ ਦੇ ਨਾਮ ਵਿੱਚ, ਆਮੀਨ*

# ਪਾਪ ਤੇ ਮੌਤ ਦੀ ਸ਼ਰਾ ਤੋਂ ਮੁਕਤ

### ਕਿਰਪਾ ਦੁਆਰਾ ਬਚਾਏ ਗਏ

ਪੌਲੁਸ ਤੈਅ ਕਰਦਾ ਹੈ ਕਿ ਜਿੰਨੇ ਲੋਕ ਯਿਸੂ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਮੰਨਦੇ ਹਨ ਉਹਨਾਂ ਉੱਤੇ ਪਾਪ ਦਾ ਕੋਈ ਵੀ ਕਾਨੂੰਨੀ ਨਿਯੰਤਰਣ ਜਾਂ ਅਧਿਕਾਰ ਨਹੀਂ ਹੈ।

ਹੁਣ ਅਸੀਂ ਸ਼ਰਾ ਦੇ ਅਧੀਨ ਨਹੀਂ ਜੀਉਂਦੇ। ਅਸੀਂ ਮੁਕਤ ਕੀਤੇ ਗਏ ਹਾਂ_ ਛੁਡਾਏ ਗਏ ਹਾਂ- ਸ਼ਰਾ ਦੇ ਕਾਰਨ ਨਹੀਂ ਸਗੋਂ ਉਸਦੀ ਕ੍ਰਿਪਾ ਕਰਕੇ।

**ਰੋਮੀਆਂ 6:14 ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।**

**ਅਫ਼ਸੀਆਂ 2:8 ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖਸ਼ੀਸ਼ ਹੈ।**

ਕਿਰਪਾ ਦੀ ਪਰਿਭਾਸ਼ਾ ਅਪਾਰ ਦਯਾ ਹੈ ਉਹ ਜੋ ਸਾਨੂੰ ਦਿੱਤੀ ਜਾਂਦੀ ਹੈ ਜਿਸਦੇ ਅਸੀਂ ਯੋਗ ਨਹੀਂ ਸਾਂ

ਸਿਰਫ਼ ਅਸੀਂ ਹੀ ਪਰਮੇਸ਼ੁਰ ਦੀ ਅਪਾਰ ਕਿਰਪਾ ਦੇ ਯੋਗ ਨਹੀਂ। ਪਰ ਇਸਦੇ ਉਲਟ ਅਸੀਂ ਯੋਗ ਸਾਂ। ਆਦਮੀ ਤੇ ਔਰਤਾਂ ਨੇ ਸ਼ਰਾ ਨੂੰ ਪੂਰਾ ਨਾ ਕੀਤਾ ਅਤੇ ਇਸ ਲਈ ਉਹ ਮੁਕਤੀ ਕੋਲ ਨਹੀਂ ਆ ਸਕਦੇ ਸਨ। ਸਿਰਫ ਮੌਤ ਹੀ ਲਿਆ ਸਕਦੇ ਸਨ।

ਮੁਕਤ ਕੀਤੇ ਜਾਣ ਤੋਂ ਭਾਵ ਕਿਸੇ ਚੀਜ਼ ਤੋਂ ਮੁਕਤ ਜਾਂ ਛੁਡਾਏ ਜਾਣਾ। ਕਿਹੜੀ ਗੱਲ ਤੋਂ ਅਸੀਂ ਬਚਾਏ ਗਏ ਹਾਂ।

**ਸਰਾਪ ਤੋਂ ਮੁਕਤ ਕੀਤੇ ਗਏ**

ਅਸੀਂ ਹੁਣ ਤੋਂ ਪਾਪ ਤੇ ਮੌਤ ਦੇ ਅਧੀਨ ਨਹੀਂ ਅਤੇ ਨਾ ਹੀ ਸ਼ਰਾ ਦੇ ਅਧੀਨ ਹਾਂ। ਸ਼ਰਾ ਦੇ ਸਰਾਪ ਤੋਂ ਅਸੀਂ ਛੁਡਾਏ ਗਏ ਹਾਂ ਅਤੇ ਫਿਰ ਵੀ, ਜੇਕਰ ਅਸੀਂ ਨਵੀ ਸਰਿਸ਼ਟ ਹੁੰਦੇ ਹੋਏ ਇਸਦੇ ਹੱਕਾਂ ਨੂੰ ਨਾ ਜਾਣੀਏ ਤਾਂ ਜਦੋਂ ਸ਼ੈਤਾਨ ਜਾਂ ਉਸਦੀਆਂ ਦੁਸ਼ਟ ਆਤਮਾਵਾਂ ਸਾਡੇ ਉੱਪਰ ਸਰਾਪ ਪਾਉਣ ਆਉਣਗੀਆਂ ਤਾਂ ਅਸੀਂ ਹਾਰ ਜਾਵਾਂਗੇ। ਕਿਸੇ ਵੀ ਤਰ੍ਹਾਂ ਜਦੋਂ ਅਸੀਂ ਨਵੀਂ ਸਰਿਸ਼ਟ ਦੇ ਹੱਕ ਸਹੂਲਤਾਂ ਨੂੰ ਜਾਣਾਂਗੇ ਤਾਂ ਅਸੀਂ ਹਰੇਕ ਯੁੱਧ ਨੂੰ ਜਿੱਤ ਸਕਦੇ ਹਾਂ।

ਜਦੋਂ ਇਹ ਚੀਜ਼ਾਂ ਜੋ ਕਿ ਸਰਾਪ ਦੇ ਹਿੱਸੇ ਦੇ ਰੂਪ ਵਿੱਚ ਪ੍ਰਗਟ ਕੀਤੀਆਂ ਗਈਆਂ ਹਨ ਤਾਂ ਨਵੀਂ ਸਰਿਸ਼ਟ ਹੁੰਦੇ ਹੋਏ ਦਲੇਰੀ ਨਾਲ ਸਾਨੂੰ ਕਹਿਣਾ ਹੈ,

*ਮੈਂ ਸ਼ਰਾ ਦੇ ਸਰਾਪ ਤੋਂ ਛੁਡਾਇਆ ਗਿਆ ਹਾਂ*

ਯਿਸੂ ਸਰਾਪ ਬਣਿਆ - ਯਿਸੂ ਸਾਡੇ ਲਈ ਇਹ ਸਰਾਪ ਬਣਿਆ। ਉਹ ਸਾਡਾ ਪ੍ਰਤੀਨਿਧੀ ਬਣਿਆ ਅਤੇ ਇਨਾਂ ਸਰਾਪਾਂ ਨੂੰ ਆਪਣੇ ਸਰੀਰ ਤੇ ਚੁੱਕ ਲਿਆ ਤਾਂ ਜੋ ਉਨ੍ਹਾਂ ਤੋਂ ਸਾਨੂੰ ਛੁਡਾਏ। ਸ਼ਰਾ ਦੇ ਹਰ ਇੱਕ ਸਰਾਪ ਤੋਂ ਉਸਨੇ ਸਾਨੂੰ ਮੁਕਤ ਕੀਤਾ ਜਦੋਂ ਉਸਨੇ ਸਲੀਬ ਉੱਤੇ ਸਾਡੀ ਸਜ਼ਾ ਦੀ ਕੀਮਤ ਅਦਾ ਕਰ ਦਿੱਤੀ।

**ਗਲਾਤੀਆਂ 3:13 – "ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ। ਇਸ ਕਰਕੇਜੋ ਉਹ ਸਾਡੇ ਲਈ ਸਰਾਪ ਬਣਿਆ (ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ।")**

ਸਿਰਫ ਯਿਸੂ ਹੀ ਇੱਕੋ ਇੱਕ ਹੋਇਆ ਜੋ ਇਸ ਯੋਗ ਸੀ ਕਿ ਸ਼ਰਾ ਨੂੰ ਪੂਰਾ ਕਰ ਸਕੇ। ਉਸਨੇ ਸ਼ਰਾ ਦੇ ਅਧੀਨ ਸੰਪੂਰਨ ਜੀਵਨ ਗੁਜਾਰਿਆ ਅਤੇ ਇਸ ਲਈ ਸੰਪੂਰਨ ਬਲੀਦਾਨ ਬਣ ਗਿਆ।

***ਸਰਾਪ ਤੋਂ ਛੁਡਾਏ ਗਏ***

ਇਹ ਜਾਣਨਾ ਜ਼ਰੂਰੀ ਹੈ ਕਿ ਸਰਾਪ ਦੇ ਅਧੀਨ ਕੀ-ਕੀ ਸ਼ਾਮਿਲ ਸੀ। ਸਾਡੇ ਲਈ ਯਿਸੂ ਨੇ ਆਪਣੇ ਉੱਪਰ ਕੀ ਚੁੱਕਿਆ। ਸ਼ਰਾ ਦਾ ਸਰਾਪ ਕੀ ਹੈ। ਜਦੋਂ ਅਸੀਂ ਇਸ ਭਾਗ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਪਤਾ ਲੱਗੇਗਾ ਕਿ ਜਿਹੜੀਆਂ ਚੀਜ਼ਾਂ ਸਾਨੂੰ ਸ਼ੈਤਾਨ ਵੱਲੋਂ ਨਹੀਂ ਮੰਨਣੀਆਂ ਚਾਹੀਦੀਆਂ ਉਹ ਅਸੀਂ ਮੰਨਦੇ ਹਾਂ।

ਮੂਸਾ ਨੇ ਬਿਵਸਥਾ ਸਾਰ 28:15-68 ਤੱਕ ਕਈ ਚੀਜ਼ਾਂ ਦੀ ਸੂਚੀ ਦਿੱਤੀ ਗਈ ਹੈ ਜੋ ਕਿ ਸਰਾਪ ਦਾ ਹਿੱਸਾ ਹਨ। (ਇਹ ਵਧੀਅ ਹੋਵੇਗਾ ਜੇ ਪੂਰੇ ਭਾਗ ਨੂੰ ਪੜ੍ਹਦੇ ਹੋ)। ਮੂਸਾ ਨੇ ਉਨ੍ਹਾਂ ਸਰਾਪਾਂ ਦੀ ਸੂਚੀ ਵੀ ਦਿੱਤੀ ਹੈ ਜੋ ਅਣਆਗਿਆਕਾਰੀ ਦੇ ਨਤੀਜੇ ਕਾਰਨ ਆਉਂਦੇ ਹਨ ਅਤੇ ਹੇਠ ਸੰਖੇਪ ਨਿਚੋੜ ਦਿੱਤਾ ਗਿਆ ਹੈ।

**ਬਿਵਸਥਾ ਸਾਰ 28:15, 20 ਪਰ ਐਉਂ ਹੋਵੇਗਾ ਕਿ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ ਨਾ ਸੁਣੋ ਭਈ ਉਸ ਦੇ ਸਾਰੇ ਹੁਕਮਾਂ ਅਤੇ ਬਿਧੀਆਂ ਦੀ ਪਾਲਨਾ ਕਰੋ ਜਿਹੜੇ ਮੈਂ ਅੱਜ ਤੁਹਾਨੂੰ ਦਿੰਦਾ ਹਾਂ ਤਾਂ ਏਹ ਸਾਰੇ ਸਰਾਪ ਤੁਹਾਡੇ ਉੱਤੇ ਆਉਣਗੇ ਅਤੇ ਤੁਹਾਨੂੰ ਜਾ ਫੜਨਗੇ:**

**ਯਹੋਵਾਹ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਤੁਹਾਡੀਆਂ ਕਰਤੂਤਾਂ ਦੀ ਬੁਰਿਆਈ ਦੇ ਕਾਰਨ ਜਿਨ੍ਹਾਂ ਨਾਲ ਤੁਸਾਂ ਮੈਨੂੰ ਤਿਆਗ ਦਿੱਤਾ ਤੁਹਾਡੇ ਉੱਤੇ ਸਰਾਪ, ਘਬਰਾਹਟ ਅਤੇ ਝਿੜਕ ਪਾਵੇਗਾ ਜਦ ਤੀਕ ਤੁਸੀਂ ਬਰਬਾਦ ਹੋ ਕੇ ਛੇਤੀ ਨਾਸ ਨਾ ਹੋ ਜਾਓ।**

ਸ਼ਰਾ ਦੇ ਕਿਹੜੇ ਸਰਾਪ ਹਨ? ਸ਼ਰਾ ਨੂੰ ਨਾ ਮੰਨਣ ਦੀਆਂ ਕੀ ਸਜਾਵਾਂ ਹਨ?

* ਬੀਮਾਰੀ ਦੀ ਬਵਾ (ਆਫਤ)
* ਤਾਪ, ਸੋਜ
* ਗਰਮੀ ਦੀ ਤਪਸ਼ ਅਤੇ ਪਿਆਸ
* ਸੋਕੜੇ ਤੋਂ ਉੱਲੀ ਨਾਲ ਮਾਰੇਗਾ
* ਪਿੱਤਲ ਦਾ ਅਕਾਸ਼
* ਲੋਹੇ ਦੀ ਧਰਤੀ
* ਮੀਂਹ ਨੂੰ ਘੱਟਾ ਅਤੇ ਧੂੜ ਵਿੱਚ ਬਦਲਣਾ
* ਹਾਰ
* ਤੁਹਾਡੀਆਂ ਲੋਥਾਂ ਪੰਛੀਆਂ ਤੇ ਦਰਿੰਦਿਆਂ ਦਾ ਭੋਜਨ ਹੋਵੇਗਾ
* ਫੋੜੇ, ਬਵਾਸੀਰ, ਦੱਦਰੀ, ਖੁਰਕ ਦਾ ਹੋਣਾ
* ਸ਼ੁਦਾ, ਅੰਨ੍ਹਪੁਣੇ ਤੇ ਮਨ ਦੀ ਘਬਰਾਹਟ
* ਆਪਣੇ ਸਾਰੇ ਰਾਹਾਂ ਵਿੱਚ ਅਸਫਲ, ਸਦਾ ਲਈ ਦੱਬੇ ਅਤੇ ਲੁੱਟ ਹੁੰਦੇ ਰਹੋਗੇ
* ਆਪਣੇ ਪਿਆਰੇ ਦਾ, ਘਰ ਦਾ, ਮਿਹਨਤ ਦੇ ਫਲ ਦਾ ਖੋਹਿਆ ਜਾਣਾ
* ਜਾਇਦਾਦ ਤੇ ਬੱਚਿਆਂ ਦਾ ਖੋਹਿਆ ਜਾਣਾ।

ਇਹ ਤਾਂ ਸੂਚੀ ਦੀ ਸ਼ੁਰੂਆਤ ਹੀ ਹੈ।

## ਅਮਲੀ ਵਰਤੋਂ

ਹੁਣ, ਸਮਾਂ ਕੱਢ ਕੇ ਬਾਰ-ਬਾਰ ਬਿਵਸਥਾਸਾਰ ਵਿੱਚ ਸ਼ਰਾ ਦੇ ਸਰਾਪਾਂ ਨੂੰ ਪੜ੍ਹੋ। ਪਰੰਤੂ ਇਸ ਸਮੇਂ ਯਾਦ ਕਰੋ ਕਿ ਯਿਸੂ ਨੇ ਤੁਹਾਨੂੰ ਸ਼ਰਾ ਦੇ ਸਾਰੇ ਸਰਾਪਾਂ ਤੋਂ ਛੁਡਾ ਦਿੱਤਾ ਹੈ ਅਤੇ ਇਨ੍ਹਾਂ ਸ਼ਬਦਾਂ ਨੂੰ ਮਿਲਾਉ, ਯਿਸੂ ਨੇ ਮੈਨੂੰ ......... ਤੋਂ ਛੁਡਾਇਆ ਹੈ।

*ਉਦਾਹਰਨ ਦੇ ਤੌਰ ਤੇ,*

*ਯਿਸੂ ਨੇ ਮੈਨੂੰ ਬੀਮਾਰੀਆਂ ਦੀ ਆਫ਼ਤ ਤੋਂ ਮੁਕਤ ਕਰ ਦਿੱਤਾ ਹੈ।*

*ਯਿਸੂ ਨੇ ਮੈਨੂੰ ਫਜ਼ੂਲ ਬੀਮਾਰੀਆਂ ਤੋਂ ਮੁਕਤ ਕੀਤਾ ਹੈ।*

*ਯਿਸੂ ਨੇ ਮੈਨੂੰ ਤਾਪ ਤੇ ਸੋਜ ਤੋਂ ਮੁਕਤ ਕਰ ਦਿੱਤਾ ਹੈ। ਯਿਸੂ ਨੇ ਮੈਨੂੰ ਗਰਮੀ ਦੀ ਤਪਸ਼ ਅਤੇ ਪਿਆਸ ਤੋਂ ਮੁਕਤ ਕਰ ਦਿੱਤਾ ਹੈ। ਯਿਸੂ ਨੇ ਮੈਨੂੰ .. ਤੋਂ ਮੁਕਤ ਕਰ ਦਿੱਤਾ ਹੈ।*

ਬਿਵਸਥਾਸਾਰ 28, ਦੀ ਸੂਚੀ ਵਿੱਚੋਂ ਉਨ੍ਹਾਂ ਚੀਜ਼ਾਂ ਨੂੰ ਲੱਭੋ ਜੋ ਸ਼ੈਤਾਨ ਤੁਹਾਡੇ ਤੇ ਪਾਉਂਦਾ ਹੈ। ਉਹ ਸ਼ਰਾ ਦੇ ਸਰਾਪ ਦਾ ਹਿੱਸਾ ਹਨ ਅਤੇ ਯਿਸੂ ਨੇ ਉਸ ਵਿਸ਼ੇਸ਼ ਸਰਾਪ ਤੋਂ ਤੁਹਾਨੂੰ ਮੁਕਤ ਕੀਤਾ ਹੈ।

*ਪਰਮੇਸ਼ੁਰ ਦੇ ਵਚਨ ਨਾਲ ਸਹਿਮਤ ਹੋਵੋ,*

*ਮੈਂ ਯਿਸੂ ਦੁਆਰਾ .. ਸਰਾਪ ਤੋਂ ਮੁਕਤ ਕੀਤਾ ਗਿਆ ਹਾਂ।*

*ਯਿਸੂ ਨੇ ਮੇਰੇ ਪਾਪ ਦੀ ਸਜ਼ਾ ਦੀ ਕੀਮਤ ਚੁਕਾ ਦਿੱਤੀ ਹੈ।*

*ਹਰੇਕ ਇਸ ਸਰਾਪ ਦੇ ਚਿੰਨ ਨੂੰ ਮੈਂ ਹੁਕਮ ਦਿੰਦਾ ਹਾਂ ਕਿ ਹੁਣੇ ਮੈਨੂੰ ਛੱਡ ਦੇਵੇ।*

ਜਦੋਂ ਯਿਸੂ ਨੂੰ ਸਲੀਬ ਉੱਤੇ ਕਿੱਲ ਠੋਕੇ ਗਏ। ਉਹ ਸਾਡੇ ਲਈ ਸਰਾਪ ਬਣ ਗਿਆ ਤਾਂ ਜੋ ਅਸੀਂ ਧਰਮੀ ਬਣ ਜਾਣੀਏ। ਸਿਰਫ ਉਸਨੇ ਅਨੰਤ ਜੀਵਨ ਹੀ ਨਹੀਂ ਸਗੋਂ ਸਭ ਕੁਝ ਯਿਸੂ ਨੇ ਸਾਨੂੰ ਦੇ ਦਿੱਤਾ ਹੈ ਜਿਸ ਨਾਲ ਅਸੀਂ ਆਪਣੀ ਜ਼ਿੰਦਗੀ ਵਿੱਚ ਜੇਤੂ ਬਣ ਸਕੀਏ।

ਜਦੋਂ ਸ਼ੈਤਾਨ ਉਨ੍ਹਾਂ ਵਿੱਚ ਇੱਕ ਸਰਾਪ ਨੂੰ ਲੈ ਕੇ ਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕਹੋ

*ਹੇ, ਸ਼ੈਤਾਨ ਤੂੰ ਨਹੀਂ,*

*ਯਿਸੂ ਨੇ ਮੈਨੂੰ ਉਸ ਸਰਾਪ ਤੋਂ ਮੁਕਤ ਕਰ ਦਿੱਤਾ ਹੈ।*

## ਬੀਤੇ ਹੋਏ ਤੋਂ ਅਜ਼ਾਦੀ

ਜ਼ਿਆਦਾਤਰ ਸ਼ੈਤਾਨ ਸਾਨੂੰ ਸਰਾਪਾਂ ਵਿੱਚੋਂ ਇੱਕ ਨੂੰ ਮੰਨਣ ਲਈ ਫਸਾਉਂਦਾ ਅਤੇ ਵਿਸ਼ਵਾਸ ਪੈਦਾ ਕਰਦਾ ਹੈ ਕਿ ਅਸੀਂ ਪਾਪ ਕੀਤਾ ਹੈ ਅਤੇ ਇਹ ਸਰਾਪ ਉਸ ਪਾਪ ਦੀ ਹੀ ਸਜਾ ਹੈ। ਅਸੀਂ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਕਿ ਜੋ ਉਹ ਸਾਡੇ ਉੱਤੇ ਪਾ ਰਿਹਾ ਹੈ ਅਸੀਂ ਉਸਦੇ ਅਧਿਕਾਰੀ (ਯੋਗ) ਹਾਂ।

ਸ਼ੈਤਾਨ ਸਹੀ ਹੈ ਜਦੋਂ ਉਹ ਸਾਨੂੰ ਕਹਿੰਦਾ ਹੈ ਕਿ ਸਰਾਪ ਪਾਪ ਦੇ ਨਤੀਜੇ ਕਾਰਨ ਹੀ ਆਉਂਦਾ ਹੈ। ਪਰ ਸ਼ੈਤਾਨ ਕਦੇ ਵੀ ਸਾਨੂੰ ਯਾਦ ਨਹੀਂ ਕਰਾਉਂਦਾ ਕਿ ਯਿਸੂ ਨੇ ਪਹਿਲਾਂ ਹੀ ਉਸ ਪਾਪ ਦੀ ਸਜ਼ਾ ਦੀ ਕੀਮਤ ਅਦਾ ਕਰ ਦਿੱਤੀ ਹੁਣ ਤੋਂ ਅਸੀਂ ਉਸ ਪਾਪ ਹੇਠ ਨਹੀਂ ਜਾਂ ਉਸ ਸਰਾਪ ਦੇ ਜੋ ਪਾਪ ਦੇ ਨਤੀਜੇ ਕਾਰਨ ਆਉਂਦਾ ਹੈ।

**2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ ਓਹ ਨਵੀਆਂ ਹੋ ਗਈਆਂ ਹਨ।**

## ਜਿੱਤਣ ਵਾਲਾ ਜੀਵਨ

ਜਿਵੇਂ ਕਿ ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਪਾਪ ਦੀ ਸ਼ਰਾ ਤੇ ਮੌਤ ਤੋਂ ਅਜ਼ਾਦ ਤਾਂ ਹੈ। ਅਸੀਂ ਹਰੇਕ ਪਾਪ ਦੀ ਸਜ਼ਾ ਤੇ ਹਰੇਕ ਸਰਾਪ ਤੋਂ ਮੁਕਤ ਕੀਤੇ ਗਏ ਹਾਂ।

**ਰੋਮੀਆਂ 8:2 ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।**

ਜੇਕਰ ਅਸੀਂ ਆਪਣੇ ਪਾਪ ਨੂੰ ਸੌਂਪਣਾ ਹੈ ਤਾਂ ਸਾਨੂੰ ਉਨ੍ਹਾਂ ਦਾ ਇਕਰਾਰ ਕਰਨਾ ਅਤੇ ਉਨ੍ਹਾਂ ਤੋਂ ਮਾਫ਼ੀ ਛੱਡਣਾ ਹੈ।

**1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।**

ਜਦੋਂ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰਦੇ ਹਾਂ ਤਾਂ ਤੁਰੰਤ ਅਸੀਂ ਪਾਪ ਦੇ ਅਧਿਕਾਰ ਤੋਂ ਜੋ ਸਾਡੇ ਉੱਪਰ ਹੈ ਉਸ ਤੋਂ ਅਜ਼ਾਦ ਹੋ ਜਾਂਦੇ ਹਾਂ। ਅਸੀਂ ਸਾਰੇ ਕੁਧਰਮ ਤੋਂ ਸ਼ੁੱਧ ਹੋ ਜਾਂਦੇ ਹਾਂ। ਹੁਣ ਤੋਂ ਸ਼ੈਤਾਨ ਸਾਨੂੰ ਅਪਰਾਧ ਤੇ ਸਜ਼ਾ ਦੇ ਦੋਸ਼ ਨਾਲ ਹਰਾ ਨਹੀਂ ਸਕਦਾ।

ਪਾਪ ਤੇ ਉਸਦੇ ਸਰਾਪ ਅਤੇ ਮੌਤ ਤੇ ਪਾਪ ਦੀ ਸ਼ਰਾ ਕੋਲ ਹੁਣ ਕਿਸੇ ਤਰ੍ਹਾਂ ਦਾ ਕਾਨੂੰਨੀ ਅਧਿਕਾਰ ਨਹੀਂ ਜੋ ਸਾਨੂੰ ਹਰਾ ਸਕੇ। ਅਸੀਂ ਆਪਣੇ ਜੀਵਨਾਂ ਵਿੱਚ ਨਵੀਂ ਸਰਿਸ਼ਟ ਦੀ ਤਰ੍ਹਾਂ ਜੀ ਸਕਦੇ ਹਾਂ।

## ਸ਼ਕਤੀ ਨਾਲ ਜਿੱਤਣ ਲਈ

ਅਬਰਾਹਾਮ ਕੋਲ ਨਿਹਚਾ ਸੀ ਜੋ ਉਸਦੇ ਧਰਮੀ ਬਣਨ ਲਈ ਗਿਣੀ ਗਈ। ਨਿਹਚਾ ਰਾਹੀਂ ਅਸੀਂ ਵੀ ਉਹ ਬਰਕਤਾਂ ਪਾ ਸਕਦੇ ਹਾਂ ਜੋ ਉਸਨੂੰ ਦਿੱਤੀਆਂ ਗਈਆਂ।

ਯਿਸੂ ਆਇਆ ਤੇ ਸ਼ਰਾ ਦੇ ਸਰਾਪ ਨੂੰ ਆਪਣੇ ਉੱਪਰ ਚੁੱਕ ਲਿਆ। ਨਿਹਚਾ ਰਾਹੀਂ ਅਸੀਂ ਮੁਕਤੀ ਰਾਹੀਂ ਅਸੀਂ ਜਿੱਤ ਪਾ ਸਕਦੇ ਹਾਂ। ਨਿਹਚਾ ਸਾਨੂੰ ਜਿੱਤ ਪਾਉਣ ਲਈ ਸ਼ਕਤੀ ਦਿੰਦੀ ਹੈ।

**1 ਯੂਹੰਨਾ 5:4 ਕਿਉਂ ਜੋ ਹਰੇਕ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਉਹ ਸੰਸਾਰ ਉੱਤੇ ਫ਼ਤਹ ਪਾਉਂਦਾ ਹੈ ਅਰ ਫ਼ਤਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹ ਪਾਈ ਅਰਥਾਤ ਸਾਡੀ ਨਿਹਚਾ"।**

ਜਿਵੇਂ ਕਿ ਨਵੀਂ ਸਰਿਸ਼ਟ ਹੁੰਦੇ ਹੋਏ, ਅਸੀਂ ਆਪਣੇ ਅੰਦਰ ਪ੍ਰਭੂ ਦੀ ਜਿੱਤ ਦੇਣ ਵਾਲੀ ਸ਼ਕਤੀ ਨੂੰ ਕਾਬੂ ਕੀਤਾ ਹੈ। ਫੈਸਲਾ ਸਾਡੇ ਉੱਤੇ ਹੈ ਕਿ ਅਸੀਂ ਉਸ ਸ਼ਕਤੀ ਨੂੰ ਚਲਾਉਣ ਲਈ ਮਨਜੂਰੀ ਦਿੰਦੇ ਹਾਂ ਜਾਂ ਨਹੀਂ। ਅਸੀਂ ਪਰਮੇਸ਼ੁਰ ਦੇ ਵਚਨ ਤੇ, ਜਾਂ ਆਪਣੇ ਆਲੇ-ਦੁਆਲੇ ਦੀ ਹਾਲਤਾਂ ਤੇ ਨਿਹਚਾ ਕਰਨ ਲਈ ਫੈਸਲਾ ਕਰ ਸਕਦੇ ਹਾਂ।

ਪ੍ਰਭੂ ਦੀ ਜਿੱਤਣ ਵਾਲੀ ਸ਼ਕਤੀ ਮੁਕਤੀ ਦਿੰਦੀ ਹੈ ਜਦੋਂ ਅਸੀਂ ਉਸਦੇ ਵਚਨ ਤੇ ਨਿਹਚਾ ਤੇ ਪ੍ਰਕਾਸ਼ਨ ਕਰਦੇ ਤੇ ਦਲੇਰੀ ਨਾਲ ਬਾਹਰ ਬੋਲਦੇ ਹਾਂ। ਇਹ ਸਾਡੀ ਹੀ ਨਿਹਚਾ ਉਸਦੇ ਵਚਨ ਉੱਤੇ ਹੈ ਜੋ ਸਾਨੂੰ ਜਿੱਤ ਦਿੰਦੀ ਹੈ।

ਸ਼ੈਤਾਨ ਸਾਨੂੰ ਕਹਿੰਦਾ ਹੈ ਕਿ ਅਸੀਂ ਅਪਰਾਧੀ ਨਿਕੰਮੇ, ਪਾਪੀ ਤੇ ਅਸੀਂ ਬੀਮਾਰੀ, ਦਰਦ, ਗਰੀਬੀ ਤੋਂ ਨਿਰਾਸ਼ਾ ਅੱਗੇ ਬੇਬੱਸ ਹਾਂ ਜੋ ਕਿ ਸਰਾਪ ਦਾ ਹਿੱਸਾ ਹਨ।

* ਪ੍ਰਭੂ ਕਹਿੰਦਾ ਹੈ ਕਿ ਅਸੀਂ ਨਵੀਂ ਸਰਿਸ਼ਟ ਹਾਂ, ਅਪਰਾਧ ਤੇ ਸਜ਼ਾ ਤੋਂ, ਅਤੇ ਸ਼ਰਾ ਦੇ ਸਰਾਪ ਤੋਂ ਅਜ਼ਾਦ ਹਾਂ।

* ਪ੍ਰਭੂ ਕਹਿੰਦਾ ਹੈ ਅਸੀਂ ਅਬਰਾਹਾਮ ਨਾਲ ਵਾਇਦੇ ਕੀਤੀਆਂ ਬਰਕਤਾਂ ਦੇ ਅਧਿਕਾਰੀ ਹਾਂ।

* ਪ੍ਰਭੂ ਕਹਿੰਦਾ ਹੈ ਜਿਵੇਂ ਕਿ ਜਿੱਤਣ ਵਾਲੇ ਹੁੰਦੇ ਹੋਏ ਅਸੀਂ ਉਸਦੀ ਭਰਪੂਰ ਬਰਕਤਾਂ ਵਿੱਚ ਚੱਲ ਸਕਦੇ ਹਾਂ।

  ਅਸੀਂ ਉਸੇ ਤਰ੍ਹਾਂ ਹੋਣਾ, ਕਰਨਾ ਅਤੇ ਉਹ ਸਭ ਕੁਝ ਰੱਖ ਸਕਦੇ ਹਾਂ ਜੋ ਪਰਮੇਸ਼ੁਰ ਨੇ ਸਾਡੇ ਲਈ ਯਿਸੂ ਮਸੀਹ ਵਿੱਚ ਇੱਕ ਵਿਸ਼ਵਾਸੀ ਹੋਣ ਕਰਕੇ ਇੰਤਜ਼ਾਮ ਕੀਤਾ ਹੈ।

* ਸਾਨੂੰ ਸ਼ੈਤਾਨ ਦੇ ਝੂਠ ਦੀ ਬਜਾਏ ਪ੍ਰਭੂ ਉੱਤੇ ਵਿਸ਼ਵਾਸ ਕਰਨ ਦਾ ਫੈਸਲਾ ਕਰਨਾ ਹੈ।

* ਜਿਵੇਂ ਪ੍ਰਭੂ ਸਾਨੂੰ ਦੇਖਦਾ ਹੈ ਉਸੇ ਤਰ੍ਹਾਂ ਆਪਣੇ ਆਪ ਨੂੰ ਦੇਖਣ ਦਾ ਫੈਸਲਾ ਕਰਨਾ ਹੈ

* ਜੋ ਕੁਝ ਸਾਡੇ ਬਾਰੇ ਪਰਮੇਸ਼ੁਰ ਨੇ ਕਿਹਾ ਉਸ ਦੀ ਘੋਸ਼ਣਾ ਕਰਨਾ ਸ਼ੁਰੂ ਕਰਨਾ ਹੈ।

ਤਾਂ ਹੀ ਅਸੀਂ ਆਪਣੇ ਅਨੋਖੇ ਹੱਕਾਂ ਦਾ ਯਿਸੂ ਮਸੀਹ ਵਿੱਚ ਨਵੀਂ ਸਰਿਸਟ ਹੁੰਦੇ ਹੋਏ ਅਨੰਦ ਮਾਣ ਸਕਾਂਗੇ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਇਹ ਸਮਝਣਾ ਕਿਉਂ ਜ਼ਰੂਰੀ ਹੈ ਕਿ ਅਸੀਂ ਅਬਰਾਹਾਮ ਦੇ ਪਰਿਵਾਰ ਦੇ ਹਾਂ?

2. ਕੁਝ ਨੇਮ ਵਾਇਦੇ ਦੀ ਸੂਚੀ ਬਣਾਉ ਜੋ ਪ੍ਰਭੂ ਨੇ ਅਬਰਾਹਾਮ ਨਾਲ ਕੀਤੇ ਜੋ ਤੁਹਾਡੇ ਲਈ ਜ਼ਰੂਰੀ ਹਨ?

3. ਬਿਵਸਥਾਸਾਰ 28:15-68 ਦਾ ਪ੍ਰਯੋਗ ਕਰਦੇ ਹੋਏ ਇੱਕ ਪੰਨੇ ਤੇ ਸ਼ਰਾ ਦੇ ਸਰਾਪਾਂ ਤੋਂ ਅਜ਼ਾਦੀ ਨੂੰ ਤੈਅ ਕਰਦੇ ਹੋਏ ਐਲਾਨ ਲਿਖੋ।

### ਅਧਿਆਏ ਅੱਠ

# ਨਵੀਂ ਸਰਿਸ਼ਟ ਦੇ ਅਧਿਕਾਰ

**ਭੂਮਿਕਾ**

ਨਵੀਂ ਸਰਿਸ਼ਟ ਦਾ ਪ੍ਰਕਾਸ਼ ਅਤੇ ਯਿਸੂ ਵਿੱਚ ਸਾਡੀ ਧਾਰਮਿਕਤਾ ਕਈ ਹਿੱਤਾਂ ਨੂੰ ਵਿਸ਼ਵਾਸੀਆਂ ਲਈ ਜੋ ਯਿਸੂ ਮਸੀਹ ਵਿੱਚ ਹਨ ਉਨ੍ਹਾਂ ਲਈ ਲੈ ਕੇ ਆਉਂਦੇ ਹਨ।

**ਜ਼ਬੂਰ 68:19 ਓ ਪ੍ਰਭੂ ਮੁਬਾਰਕ ਹੋਵੇ ਜਿਹੜਾ ਰੋਜ ਦਿਹਾੜੇ ਸਾਡਾ ਭਾਰ ਚੁੱਕ ਲੈਂਦਾ ਹੈ।**

## ਪਰਮੇਸ਼ੁਰ ਨਾਲ ਸੰਗਤ

ਨਵੀਂ ਸਰਿਸ਼ਟ ਦਾ ਇੱਕ ਹੋਰ ਸਭ ਤੋਂ ਮਹਾਨ ਹਿੱਤ ਹੈ ਕਿ ਅਸੀਂ ਪਰਮੇਸ਼ੁਰ ਨਾਲ ਦਲੇਰੀ ਤੇ ਬਿਨ੍ਹਾਂ ਝਿਜਕੇ ਉਸਦੀ ਸ਼ਾਨਦਾਰ ਹਜ਼ੂਰੀ ਦੇ ਤੇਜ ਵਿੱਚ ਚੱਲ ਸਕਦੇ ਹਾਂ। ਅਸੀਂ ਉਸ ਨਾਲ ਚੱਲ ਸਕਦੇ ਹਾਂ। ਸਾਡੀ ਉਸ ਨਾਲ ਨਿੱਜੀ ਤੇ ਗੂੜੀ ਸੰਗਤੀ ਹੋ ਸਕਦੀ ਹੈ।

**1 ਯੂਹੰਨਾ 1:3-7 ਹਾਂ ਜਿਹ ਨੂੰ ਅਸਾਂ ਵੇਖਿਆ ਅਤੇ ਸੁਣਿਆ ਹੈ ਉਹ ਦਾ ਸਮਾਚਾਰ ਤੁਹਾਨੂੰ ਭੀ ਸੁਣਾਉਂਦੇ ਹਾਂ ਭਈ ਤੁਹਾਡੀ ਵੀ ਸਾਡੇ ਨਾਲ ਸੰਗਤ ਹੋਵੇ ਅਤੇ ਸਾਡੀ ਜਿਹੜੀ ਸੰਗਤ ਹੈ ਉਹ ਪਿਤਾ ਦੇ ਨਾਲ ਅਤੇ ਉਹ ਦੇ ਪੁੱਤ੍ਰ ਯਿਸੂ ਮਸੀਹ ਦੇ ਨਾਲ ਹੈ। ਅਤੇ ਏਹ ਗੱਲਾਂ ਅਸੀਂ ਇਸ ਲਈ ਲਿਖਦੇ ਹਾਂ ਭਈ ਸਾਡਾ ਅਨੰਦ ਪੂਰਾ ਹੋਵੇ।**

**ਅਤੇ ਉਹ ਸਮਾਚਾਰ ਜਿਹੜਾ ਅਸਾਂ ਉਹ ਦੇ ਕੋਲੋਂ ਸੁਣਿਆ ਹੈ ਅਤੇ ਤੁਹਾਨੂੰ ਸੁਣਾਉਂਦੇ ਹਾਂ ਸੋ ਇਹ ਹੈ ਜੋ ਪਰਮੇਸ਼ੁਰ ਚਾਨਣ ਹੈ ਅਤੇ ਅਨ੍ਹੇਰਾ ਉਹ ਦੇ ਵਿੱਚ ਮੂਲੋਂ ਨਹੀਂ। ਜੇ ਅਸੀਂ ਆਖੀਏ ਭਈ ਸਾਡੀ ਉਹਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿੱਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ। ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ।**

ਮਸੀਹਤ ਦੂਸਰੇ ਹਰੇਕ ਧਰਮਾਂ ਤੋਂ ਭਿੰਨ ਹੈ ਜਿਸ ਵਿੱਚ ਜਦੋਂ ਅਸੀਂ ਮਸੀਹ ਨੂੰ ਸਵੀਕਾਰ ਕਰਦੇ ਹਾਂ ਤਾਂ ਸਾਡਾ ਵਿਅਕਤੀਗਤ ਸੰਬੰਧ (ਪਰਮੇਸ਼ੁਰ ਦੇ ਅਨੰਤ ਪਰਿਵਾਰ ਦਾ ਹਿੱਸਾ) ਅਤੇ ਸੰਗਤੀ (ਹਰ ਰੋਜ਼ ਸਾਂਝ) ਪਰਮੇਸ਼ੁਰ ਨਾਲ ਹੁੰਦੀ ਹੈ।

ਪ੍ਰਭੂ ਦਾ ਛੁਟਕਾਰੇ ਦਾ ਮਕਸਦ ਮਨੁੱਖਤਾ ਨਾਲ ਉਸਦਾ ਸੰਬੰਧ ਅਤੇ ਸਾਡੀ ਉਸ ਨਾਲ ਸੰਗਤੀ ਨੂੰ ਕਾਇਮ ਰੱਖਣਾ ਹੈ।

**ਪਰਿਭਾਸ਼ਾ**

ਵੈਬਸਟਰ ਦੀ ਅਨਬਿਰਜ ਡਿਕਸ਼ਨਰੀ ਅਨੁਸਾਰ ਕੁਝ ਪਰਿਭਾਸ਼ਾ ਹੇਠਾਂ ਦਿੱਤੀਆਂ ਹਨ।

* ਸਹਿਯੋਗੀ ਹੋਣ ਦੀ ਸ਼ਰਤ
* ਵਿਅਕਤੀਆਂ ਨਾਲ ਬਰਾਬਰ ਤੇ ਮਿੱਤਰਤਾਪੂਰਨ ਖਿਆਲ ਦਾ ਆਪਸੀ ਸਾਥ
* ਸੰਪਰਕ
* ਸਾਂਝ
* ਗੂੜੀ ਜਾਣਕਾਰੀ
* ਆਪਸੀ ਵੰਡਣਾ

**ਇੱਕ ਬੁਲਾਵਾ**

ਅਸੀਂ ਪਰਮੇਸ਼ੁਰ ਨਾਲ ਸੰਗਤੀ ਲਈ ਬੁਲਾਏ ਗਏ ਹਾਂ।

1 ਕੁਰਿੰਥੀਆਂ 1:9 ਪਰਮੇਸ਼ੁਰ ਵਫ਼ਾਦਾਰ ਹੈ ਜਿਹ ਦੇ ਰਾਹੀਂ ਤੁਸੀਂ ਉਹਦੇ ਪੁੱਤ੍ਰ ਯਿਸੂ ਮਸੀਹ ਸਾਡੇ ਪ੍ਰਭੂ ਦੀ ਸੰਗਤ ਲਈ ਸੱਦੇ ਗਏ ਸਾਓ।

ਇਹ ਕਿੰਨਾ ਸ਼ਾਨਦਾਰ ਵਿਚਾਰ ਹੈ। ਪ੍ਰਭੂ ਨੇ ਸਾਨੂੰ ਆਪਣੇ ਨਾਲ ਸੰਗਤੀ ਕਰਨ ਲਈ ਬੁਲਾਇਆ ਹੈ। ਪ੍ਰਭੂ ਸਾਡੇ ਨਾਲ ਸੰਗਤੀ ਕਰਨਾ ਚਾਹੁੰਦਾ ਹੈ।

ਸਾਡੀ ਪ੍ਰਭੂ ਨਾਲ ਸੰਗਤੀ, ਸਾਨੂੰ ਪ੍ਰਭੂ ਦੇ ਪਰਿਵਾਰ ਵਿੱਚ ਭਰਾਵਾਂ ਤੇ ਭੈਣਾਂ ਨਾਲ ਉਸੇ ਤਰ੍ਹਾਂ ਨਾਲ ਸੰਗਤੀ ਰੱਖਣ ਵਿੱਚ ਅਗਵਾਈ ਕਰਨੀ ਚਾਹੀਦੀ ਹੈ।

**1 ਯੂਹੰਨਾ 1:3,4 ਹਾਂ ਜਿਹ ਨੂੰ ਅਸਾਂ ਵੇਖਿਆ ਅਤੇ ਸੁਣਿਆ ਹੈ ਉਹ ਦਾ ਸਮਾਚਾਰ ਤੁਹਾਨੂੰ ਭੀ ਸੁਣਾਉਂਦੇ ਹਾਂ ਭਈ ਤੁਹਾਡੀ ਵੀ ਸਾਡੇ ਨਾਲ ਸੰਗਤ ਹੋਵੇ ਅਤੇ ਸਾਡੀ ਜਿਹੜੀ ਸੰਗਤ ਹੈ ਉਹ ਪਿਤਾ ਦੇ ਨਾਲ ਅਤੇ ਉਹਦੇ ਪੁੱਤ੍ਰ ਯਿਸੂ ਮਸੀਹ ਦੇ ਨਾਲ ਹੈ। ਅਤੇ ਏਹ ਗੱਲਾਂ ਅਸੀਂ ਇਸ ਲਈ ਲਿਖਦੇ ਹਾਂ ਭਈ ਸਾਡਾ ਅਨੰਦ ਪੂਰਾ ਹੋਵੇ।"**

**ਅਨੰਦ ਲੈ ਕੇ ਆਉਣਾ**

ਅਨੰਦ ਗੂੜਤਾ ਅਤੇ ਬਿਨ੍ਹਾਂ ਰੋਕੇ ਪਰਮੇਸ਼ੁਰ ਨਾਲ ਅਤੇ ਯਿਸੂ ਮਸੀਹ ਵਿੱਚ ਸਹਿਯੋਗੀ ਵਿਸ਼ਵਾਸੀਆਂ ਨਾਲ ਸੰਗਤੀ ਦਾ ਨਤੀਜਾ ਹੈ।

**ਜ਼ਬੂਰਾਂ ਦੀ ਪੋਥੀ 16:11 ਤੂੰ ਮੈਨੂੰ ਜੀਉਣ ਦਾ ਮਾਰਗ ਵਿਖਾਵੇਗਾ ਤੇਰੇ ਹਜ਼ੂਰ ਅਨੰਦ ਦੀ ਭਰਪੂਰੀ ਹੈ ਤੇਰੇ ਸੱਜੇ ਹੱਥ ਸਦਾ ਖੁਸ਼ੀਆਂ ਹੁੰਦੀਆਂ ਹਨ।**

ਇਸ ਤੋਂ ਵੱਧ ਕੇ ਅਨੰਦ ਨਹੀਂ ਜੋ ਕਿ ਅਸੀਂ ਉਸਦੇ ਵਚਨ ਰਾਹੀਂ ਉਸ ਨਾਲ ਗੂੜੀ ਸੰਗਤ ਦਾ ਅਨੁਭਵ ਕਰਦੇ ਹਾਂ।

**ਯਿਰਮਿਯਾਹ 15:16 ਤੇਰੀਆਂ ਗੱਲਾਂ ਮੈਨੂੰ ਲੱਭੀਆਂ ਅਤੇ ਮੈਂ ਉਨ੍ਹਾਂ ਨੂੰ ਖਾ ਲਿਆ ਤੇਰੀਆਂ ਗੱਲਾਂ ਮੇਰੇ ਲਈ ਖੁਸ਼ੀ ਅਤੇ ਮੇਰੇ ਦਿਲ ਦਾ ਅਨੰਦ ਸਨ ਕਿਉਂ ਜੋ ਮੈਂ ਤੇਰੇ ਨਾਮ ਦਾ ਅਖਵਾਉਂਦਾ ਹਾਂ, ਹੇ ਯਹੋਵਾਹ, ਸੇਨਾ ਦੇ ਪਰਮੇਸ਼ੁਰ।**

ਉਹ ਵਿਸ਼ਵਾਸੀ ਜਿਨ੍ਹਾਂ ਨੇ ਨਵੀਂ ਸਰਿਸ਼ਟ ਦੇ ਪ੍ਰਕਾਸ਼ ਨੂੰ ਲੱਭ ਲਿਆ ਉਨ੍ਹਾਂ ਨੇ ਅਨੰਦ ਲੱਭ ਲਿਆ ਹੈ।

ਜੇਕਰ ਇੱਕ ਵਾਰੀ ਅਸੀ ਅਪਰਾਧ, ਸਜ਼ਾ ਅਤੇ ਨਿਕੰਮੇਪਨ ਦੀ ਸੋਚ ਤੋਂ ਦੁਖੀ ਅਤੇ ਧਾਰਮਿਕਤਾ ਦੇ ਪ੍ਰਕਾਸ਼ ਨੂੰ ਭਾਲਦੇ ਹਾਂ ਤਾਂ ਉਹ ਗੁਲਾਮੀ ਤੋਂ ਛੁਡਾ ਕੇ ਖੁਸ਼ੀ ਤੇ ਅਨੰਦ ਦੀ ਭਰਪੂਰੀ ਵਿੱਚ ਲੈ ਜਾਂਦੇ ਹਨ।

ਜਿਨ੍ਹਾਂ ਨੇ ਨਵੀਂ ਸਰਿਸ਼ਟ ਦੇ ਪ੍ਰਕਾਸ਼ ਦਾ ਅਨੁਭਵ ਕੀਤਾ ਉਹੋ ਸਜ਼ਾ ਦੇ ਡਰ ਤੋਂ ਬਿਨ੍ਹਾਂ ਪਰਮੇਸ਼ੁਰ ਨਾਲ ਗੂੜੀ ਸੰਗਤ ਦਾ ਭਰਪੂਰ ਅਨੰਦ ਦਾ ਅਨੁਭਵ ਕਰ ਸਕਦੇ ਹਨ।

ਦਾਊਦ ਨੇ ਇਸ ਅਨੰਦ ਬਾਰੇ ਲਿਖਿਆ :

**ਜ਼ਬੂਰਾਂ ਦੀ ਪੋਥੀ 32:1, 2 ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ ਗਿਆ ਜਿਹਦਾ ਪਾਪ ਢੱਕਿਆ ਹੋਇਆ ਹੈ। ਧੰਨ ਹੈ ਉਹ ਆਦਮੀ ਜਿਹ ਦੀ ਬਦੀ ਯਹੋਵਾਹ ਉਹ ਦੇ ਲੇਖੇ ਨਹੀਂ ਲਾਉਂਦਾ ਅਤੇ ਜਿਹ ਦੇ ਆਤਮਾ ਵਿੱਚ ਕਪਟ ਨਹੀਂ।**

## ਟੁੱਟੀ ਹੋਈ ਸੰਗਤ

ਜੇਕਰ ਅਸੀਂ ਪਾਪ ਕਰਦੇ ਤਾਂ ਸਾਡੀ ਪਰਮੇਸ਼ੁਰ ਨਾਲ ਸੰਗਤ ਨਹੀਂ ਟੁੱਟਦੀ ਅਜੇ ਵੀ ਅਸੀਂ ਉਸਦੇ ਬਾਲਕ ਹਾਂ{

ਪਾਪ ਕਾਰਨ ਸਾਡੀ ਉਸ ਨਾਲ ਸੰਗਤ ਟੁੱਟਦੀ ਹੈ। ਇੱਕ ਵਾਰੀ ਫਿਰ ਪਾਪ ਸਾਡੇ ਤੇ ਪਰਮੇਸ਼ੁਰ ਵਿੱਚ ਰੁਕਾਵਟ ਬਣ ਜਾਂਦਾ ਹੈ। ਕਿਵੇਂ ਵੀ, ਉਸਦੀ ਮਹਾਨ ਕਿਰਪਾ ਵਿੱਚ, ਤੁਰੰਤ ਉਸ ਨਾਲ ਸਾਡੀ ਸੰਗਤੀ ਮਿਲਾਉਣ ਲਈ ਉਸ ਨੇ ਸਾਡੇ ਲਈ ਇੰਤਜ਼ਾਮ ਕੀਤਾ ਹੈ।

ਯੂਹੰਨਾ ਨੇ ਲਿਖਿਆ,

**1 ਯੂਹੰਨਾ 1:8-10 ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸਚਿਆਈ ਸਾਡੇ ਵਿੱਚ ਹੈ ਨਹੀਂ। ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। ਅਸੀ ਜਕਰੇ ਆਖੀਏ ਭਈ ਅਸੀਂ ਪਾਪ ਨਹੀਂ ਕੀਤਾ ਹੈ ਤਾਂ ਉਹ ਨੂੰ ਝੂਠਾ ਬਣਾਉਂਦੇ ਹਾਂ ਅਤੇ ਉਹ ਦਾ ਬਚਨ ਸਾਡੇ ਵਿੱਚ ਨਹੀਂ ਹੈ।**

ਇਕਰਾਰ ਕਰਨ ਤੋਂ ਭਾਵ ਕਿ ਉਨ੍ਹਾਂ ਦਾ ਨਾਮ ਲੈਣਾ। ਸਾਨੂੰ ਆਪਣੇ ਪਾਪਾਂ ਦਾ ਨਾਮ ਲੈਣਾ ਤੇ ਆਪਣੇ ਕੀਤੇ ਹੋਏ ਪਾਪਾਂ ਨੂੰ ਲੁਕਾ ਕੇ ਜਾਂ ਇਨਕਾਰ ਕਰਕੇ ਆਪਣੇ ਆਪ ਨੂੰ ਧੋਖਾ ਨਾ ਦੇਈਏ। ਬਜਾਏ ਕਿ ਜਲਦੀ ਆਪਣੇ ਅਤੇ ਪਰਮੇਸ਼ੁਰ ਦੇ ਸਾਹਮਣੇ ਮੰਨੀਏ ਕਿ ਜੋ ਕੁਝ ਅਸੀਂ ਕੀਤਾ ਉਹ ਸਾਡੀ ਤੇ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ ਪਾਪ ਹੈ।

"ਪਾਪ" ਸ਼ਬਦ ਤੋਂ ਭਾਵ ਹੈ ਕਿ "ਨਿਸ਼ਾਨੇ ਤੋਂ ਹਟ ਜਾਣਾ, ਕਿਸੇ ਵੀ ਸਮੇਂ ਕੀਤਾ ਹੋਇਆ ਪਾਪ ਸਾਨੂੰ ਪਰਮੇਸ਼ੁਰ ਦੀ ਸੰਪੂਰਨ ਧਾਰਮਿਕਤਾ ਤੋਂ ਪਿੱਛੇ ਹਟਾ ਸਕਦਾ ਹੈ ਜੋ ਸਾਡੇ ਸੋਚ ਵਿਚਾਰ ਜਾਂ ਕ੍ਰਿਆ ਕਾਰਨ ਹੈ।

ਜਿਸ ਪਲ ਅਸੀਂ ਜਾਣ ਲੈਂਦੇ ਹਾਂ ਕਿ ਅਸੀਂ "ਨਿਸ਼ਾਨੇ ਤੋਂ ਹੱਟ ਗਏ ਹਾਂ" ਤਾਂ ਤੁਰੰਤ ਸਾਨੂੰ ਆਪਣੀ ਅਧਾਰਮਿਕਤਾ (ਅਪਰਾਧ) ਤੋਂ ਸ਼ੁੱਧੀ ਅਤੇ ਪਰਮੇਸ਼ੁਰ ਤੋਂ ਮਾਫ਼ੀ ਪਾਉਣ ਲਈ ਆਪਣੇ ਪਾਪ ਤੋਂ ਇਕਰਾਰ ਕਰਨਾ ਹੈ।

### *ਪਰਮੇਸ਼ੁਰ ਦੀ ਦਯਾ ਨੂੰ ਲਿਆਉਣਾ*

ਕਈ, ਜਿਨ੍ਹਾਂ ਕੋਲ ਪਰਮੇਸ਼ੁਰ ਦੀ ਧਾਰਮਿਕਤਾ ਦਾ ਪ੍ਰਕਾਸ਼ ਨਹੀਂ ਹੈ ਉਹਨਾਂ ਨੇ ਪਰਮੇਸ਼ੁਰ ਦੀ ਦਯਾ ਦਾ ਗਲਤ ਪ੍ਰਯੋਗ ਕੀਤਾ। ਉਹ ਗਲਤ ਸੋਚਦੇ ਹਨ ਕਿ ਇਸ ਤੋਂ ਭਾਵ ਕਿ ਜਾਣ ਬੁੱਝ ਕੇ ਉਹ ਪਾਪ ਕਰ ਸਕਦੇ ਹਨ ਜਦ ਤੱਕ ਉਹ ਮੰਨ ਨਹੀਂ ਲੈਂਦੇ। ਬਾਅਦ ਵਿੱਚ ਉਹ ਪਰਮੇਸ਼ੁਰ ਤੋਂ ਮਾਫ਼ੀ ਮੰਗ ਲੈਣਗੇ।

ਯੂਹੰਨਾ ਲਗਾਤਾਰ ਅਗਲੀ ਆਇਤ ਵਿੱਚ ਸਪੱਸ਼ਟ ਕਰਦਾ ਹੈ ਕਿ ਸਾਨੂੰ ਆਪਣੇ ਜੀਵਨਾਂ ਵਿੱਚ ਜਾਣ ਬੁੱਝ ਕੇ ਪਾਪ ਨੂੰ ਨਹੀਂ ਆਉਣ ਦੇਣਾ ਹੈ।

**1 ਯੂਹੰਨਾ 2:1 ਹੇ ਮੇਰਿਓ ਬੱਚਿਓ, ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।**

ਸਾਡੀ ਪਰਮੇਸ਼ੁਰ ਤੋਂ ਬੁਲਾਹਟ ਪਾਪ ਤੋਂ ਦੂਰ ਰਹਿਣ ਦੀ ਹੈ।

## ਖੁਸ਼ਹਾਲੀ

ਨਵਾਂ ਜਨਮ ਪਾਏ ਹੋਏ ਵਿਸ਼ਵਾਸੀ ਦਾ ਅਗਲਾ ਹਿੱਤ ਇਹ ਕਿ - ਨਵੀਂ ਸਰਿਸਟ - ਕਰਕੇ ਸਾਡੇ ਕੋਲ ਸੱਚੀ ਖੁਸ਼ਹਾਲੀ ਹੋਵੇਗੀ। ਇੱਥੇ ਦੋ ਤਰ੍ਹਾਂ ਦੀ ਖੁਸ਼ਹਾਲੀ ਪਾਈ ਜਾਂਦੀ ਹੈ, ਜਾਨ ਦੀ ਅਤੇ ਆਰਥਿਕ ਖੇਤਰ ਵਿੱਚ।

ਯੂਹੰਨਾ ਰਸੂਲ ਰਾਹੀਂ ਪਰਮੇਸ਼ੁਰ ਲਿਖਦਾ ਹੈ ਕਿ ਅਸੀਂ ਖੁਸ਼ਹਾਲ ਅਤੇ ਚੰਗੇ ਤੰਦਰੁਸਤ ਹੋਈਏ-ਜਿਵੇਂ ਕਿ ਸਾਡੀ ਸੁਖ ਸਾਂਦ ਜਾਨ।

**3 ਯੂਹੰਨਾ 1:2 ਪਿਆਰਿਆ, ਮੈਂ ਇਹ ਪ੍ਰਾਰਥਨਾ ਕਰਦਾ ਹਾਂ ਭਈ ਜਿਵੇਂ ਤੇਰੀ ਜਾਨ ਸੁਖਸਾਂਦ ਨਾਲ ਹੈ ਤਿਵੇਂ ਤੂੰ ਸਭਨੀਂ ਗੱਲੀਂ ਸੁਖ ਸਾਂਦ ਨਾਲ ਅਤੇ ਨਰੋਆ ਰਹੇਂ।**

ਇਨ੍ਹਾਂ ਸਾਰਿਆਂ ਤੋਂ ਵੱਧ ਕੇ ਪਰਮੇਸ਼ੁਰ ਸਾਡੇ ਕੋਲੋਂ ਕੀ ਇੱਛਾ ਕਰਦਾ ਹੈ? ਕਿ ਅਸੀਂ ਖੁਸ਼ਹਾਲ ਅਤੇ ਤੰਦਰੁਸਤ ਰਹੀਏ ਜਿਵੇਂ ਕਿ ਸਾਡੀ ਸੁਖ ਸਾਂਦ ਜਾਨ"

ਤੁਹਾਡੀ ਸੁਖ ਸਾਂਦ ਜਾਨ ਹੋਣ ਤੋਂ ਕੀ ਭਾਵ ਹੈ -

### ਜਾਨ ਦੀ ਖੁਸ਼ਹਾਲੀ

ਸਾਡੀ ਜਾਨ ਜੋ ਕਿ ਸਾਡੀ ਬੁੱਧੀ, ਭਾਵਨਾ ਤੇ ਇੱਛਾ ਹੁੰਦੀ ਹੈ। ਜਾਨ-ਖੁਸ਼ਹਾਲੀ ਬੁੱਧੀ, ਸੁਖ ਸਾਂਦ ਭਾਵਨਾ ਉਦੋਂ ਹੁੰਦੀ ਹੈ ਜਦੋਂ ਅਸੀਂ ਯਿਸੂ ਦੇ ਅੱਗੇ ਆਪਣੇ ਜੀਵਨਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਕਰਕੇ ਬਲੀਦਾਨ ਕਰਦੇ ਅਤੇ ਪਰਮੇਸ਼ੁਰ ਦੇ ਵਚਨ ਰਾਹੀਂ ਆਪਣੇ ਮਨ ਨੂੰ ਤਾਜ਼ਾ ਕਰਦੇ ਹਾਂ ਸੁਖ ਸਾਂਦ ਜਾਨ ਜੋ ਕਿ ਖੁਸ਼ਹਾਲੀ ਤੇ ਸਰੀਰਕ ਤੰਦਰੁਸਤੀ ਦੀ ਮੁੱਢਲੀ ਸ਼ਰਤ ਹੈ।

**ਰੋਮੀਆਂ 12:1-2 ਸੋ ਹੇ ਭਰਾਵੋ ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ**

**ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ ਇਹ ਤੁਹਾਡੀ ਰੂਹਾਨੀ ਬੰਦਗੀ ਹੈ।**

**ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।"**

ਪ੍ਰਭੂ ਆਪਣੇ ਲੋਕਾਂ ਨੂੰ ਉਸਦੀ ਨਵੀਂ ਸਰਿਸ਼ਟ ਸਰੀਰ ਤੇ ਜਾਨ ਵਿੱਚ ਖੁਸ਼ਹਾਲ ਰਹਿਣ ਲਈ ਚਾਹੁੰਦਾ ਹੈ। ਨਵੀਂ ਸਰਿਸਟ ਵਿਅਕਤੀ ਹੁਣ ਤੋਂ ਇਸ ਸੰਸਾਰ ਦੇ ਤਰੀਕੇ ਦੇ ਸਰੂਪ ਅਨੁਸਾਰ ਨਹੀਂ ਪਰ ਪਰਮੇਸ਼ੁਰ ਦੇ ਵਚਨ ਦੇ ਸਰੂਪ ਅਨੁਸਾਰ ਹੋਣ।

***ਇੱਕ ਪ੍ਰਕ੍ਰਿਆ***

ਨਵੀਂ ਸਰਿਸ਼ਟ ਵਿਅਕਤੀ ਬਦਲਣ ਦੀ ਪ੍ਰਕ੍ਰਿਆ ਵਿੱਚ ਹੈ ਅਤੇ ਇਹ ਬਦਲਾਉ ਉਦੋਂ ਤੱਕ ਹੋਵੇਗਾ ਜਦੋਂ ਉਸਦਾ ਮਨ ਲਗਾਤਾਰ ਪ੍ਰਭੂ ਦੇ ਵਚਨ ਨੂੰ ਪੜਨਾ, ਸੁਣਨਾ, ਧਿਆਨ ਲਾਉਣਾ, ਨਿਹਚਾ ਕਰਨੀ, ਤੇ ਉਸ ਅਨੁਸਾਰ ਕ੍ਰਿਆ ਕਰਨ ਨਾਲ ਤਾਜ਼ਾ ਹੁੰਦਾ ਹੈ।

ਚੰਗੀ ਤੰਦਰੁਸਤੀ ਤੇ ਖੁਸ਼ਹਾਲੀ ਦਾ ਪਹਿਲਾ ਵਿਸ਼ੇਸ਼ ਕਦਮ ਜਦੋਂ ਅਸੀਂ ਨਵੀਂ ਸਰਿਸ਼ਟ ਦੇ ਪ੍ਰਕਾਸ਼ ਤੱਕ ਪਹੁੰਚਦੇ ਹਾਂ। ਇਹੋ ਪ੍ਰਕਾਸ਼ ਵਿਸ਼ਵਾਸੀ ਨੂੰ ਅਪਰਾਧ, ਸਜ਼ਾ ਤੇ ਨਿਕੰਮੇਪਨ ਦੀ ਸੋਚ ਤੋਂ ਅਜ਼ਾਦ ਕਰੇਗਾ ਤਾਂ ਜੋ ਉਹ ਨਵੀਂ ਸਰਿਸ਼ਟ ਦੇ ਸਾਰੇ ਹਿੱਤਾਂ ਨੂੰ ਸਵੀਕਾਰ ਕਰੇ ਅਤੇ ਖੁਸ਼ਹਾਲੀ ਤੇ ਸੰਪੂਰਨ ਤੰਦਰੁਸਤੀ ਵਿੱਚ ਚੱਲਣਾ ਸ਼ੁਰੂ ਕਰ ਦੇਵੇ।

***ਵਰਣਨ***

ਸੱਚੇ "ਖੁਸ਼ਹਾਲ" ਪਰਮੇਸ਼ੁਰ ਦੇ ਬਾਲਕ ਦਾ ਪਹਿਲੇ ਜ਼ਬੂਰ ਵਿੱਚ ਵਰਣਨ ਕੀਤਾ ਗਿਆ ਹੈ।

**ਜ਼ਬੂਰਾਂ 1:1-3 ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। ਉਹ ਤਾਂ ਉਸ ਬਿਰਛ ਵਰਗਾ ਹੋਵੇਗਾ ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ ਜਿਹੜਾ ਰੁਤ ਸਿਰ ਫਲ ਦਿੰਦਾਹੈ। ਜਿਹਦੇ ਪੱਤੇ ਨਹੀਂ ਕੁਮਲਾਉਂਦੇ ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ"।**

ਸੱਚਾ ਖੁਸ਼ਹਾਲ ਵਿਅਕਤੀ ਉਹ ਜੋ :-

* ਨਿਹਚਾ ਵਿੱਚ ਚੱਲਦਾ ਅਤੇ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਦਾ ਆਗਿਆਕਾਰੀ ਹੈ।
* ਪਿਆਰ ਵਿੱਚ ਚੱਲਦਾ ਅਤੇ ਪ੍ਰਭੂ ਤੇ ਉਸਦੇ ਸਹਿਯੋਗੀ ਵਿਸ਼ਵਾਸੀ ਨਾਲ ਡੂੰਘੀ ਤੇ ਗੂੜੀ ਸੰਗਤੀ ਦਾ ਅਨੁਭਵ ਕਰਨ ਵਾਲਾ।

* ਜੋ ਕੁਝ ਉਹ ਕਰਦਾ ਉਸ ਵਿੱਚ ਪਰਮੇਸ਼ੁਰ ਦੀ ਸ਼ਾਂਤੀ ਅਤੇ ਸੰਤੁਸ਼ਟੀ ਦਾ ਅਨੁਭਵ ਕਰਨ ਵਾਲਾ।
* ਲਗਾਤਾਰ ਪ੍ਰਭੂ ਤੇ ਦੂਜਿਆਂ ਦੀ ਜ਼ਰੂਰਤ ਵਿੱਚ ਸੇਵਾ ਕਰਨ ਵਾਲਾ।
* ਕੀ ਉਸ ਦੀ ਆਰਥਿਕ ਜ਼ਰੂਰਤਾਂ ਦਾ ਪੂਰਾ ਪ੍ਰਬੰਧ ਹੈ ਜਿਸ ਨਾਲ ਉਹ ਹਰੇਕ ਸ਼ੁਭ ਕਰਮ ਲਈ ਪੂਰਾ ਤਿਆਰ ਰਹਿਣ ਵਾਲਾ।
* ਪ੍ਰਭੂ ਅਤੇ ਦੂਸਰਿਆਂ ਦੀ ਜ਼ਰੂਰਤ ਲਈ ਖੁੱਲ ਦਿਲੀ ਦੇਣ ਵਾਲਾ।

### ਆਰਥਿਕ ਖੁਸ਼ਹਾਲੀ

ਇਸਦੇ ਉਲਟ ਜੋ ਅਸੀਂ ਸਿਖਾਏ ਗਏ। ਧਨ ਬੁਰਾ ਨਹੀਂ ਹੈ, ਪਰ ਧਨ ਦਾ ਲੋਭ ਜੋ ਕਿ ਬੁਰਿਆਈ ਦੀ ਜੜ੍ਹ ਹੈ।

ਮਹਾਨ ਆਗਿਆ ਨੂੰ ਪੂਰਾ ਕਰਨ ਲਈ ਧਨ ਦਾ ਹੋਣਾ ਜ਼ਰੂਰੀ ਹੈ। ਸਾਨੂੰ ਜਾਣਨਾ ਹੈ ਕਿ ਕਿਵੇਂ ਅਸੀਂ ਪਰਮੇਸ਼ੁਰ ਦੀ ਆਰਥਿਕ ਖੁਸ਼ਹਾਲੀ ਪਾ ਸਕਦੇ ਹਾਂ ਤਾਂ ਜੋ ਯਿਸੂ ਮਸੀਹ ਦੇ ਸ਼ੁਭਸਮਾਚਾਰ ਨਾਲ ਨਾਸ ਹੋ ਰਹੇ ਸੰਸਾਰ ਤੱਕ ਪਹੁੰਚ ਸਕਦੇ ਹਾਂ।

ਯੂਹੰਨਾ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਸਾਨੂੰ ਸਾਵਧਾਨ ਹੋਣਾ ਹੈ ਕਿ ਇਸ ਸੰਸਾਰ ਦੀਆਂ ਵਸਤਾਂ ਉੱਤੇ ਮਨ ਨਾ ਲਾਈਏ। ਲਗਾਤਾਰ ਸਾਨੂੰ ਧਨ ਦੀ ਧੋਖੇਬਾਜ਼ੀ ਜਾਂ ਜੀਵਨ ਦੇ ਘਮੰਡ ਤੋਂ ਸਾਵਧਾਨ ਹੋਣਾ ਹੈ ਜੋ ਧਾਤੂ ਵਸਤਾਂ ਜਾਂ ਵਿਅਕਤੀ ਦੇ ਘਮੰਡ ਲਾਲਸਾ ਪੈਦਾ ਕਰਦੇ ਹਨ।

ਪ੍ਰਭੂ ਨੇ ਕਿਹਾ ਹੈ ਕਿ ਜੇਕਰ ਅਸੀਂ ਉਸਦੇ ਰਾਜ ਤੇ ਧਰਮ ਨੂੰ ਭਾਲਾਂਗੇ ਤਾਂ ਉਹ ਸਾਨੂੰ ਇਨ੍ਹਾਂ ਵਸਤਾਂ ਨਾਲ ਬਰਕਤ ਦੇਵੇਗਾ।

**ਮੱਤੀ 6:33 ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

ਨਵੀਂ ਸਰਿਸ਼ਟ ਵਿਅਕਤੀ ਜਿਸ ਕੋਲ ਧਾਰਮਿਕਤਾ ਦਾ ਪ੍ਰਕਾਸ਼ ਹੈ ਉਹ ਹਮੇਸ਼ਾ ਆਪਣੀਆਂ ਜ਼ਰੂਰਤਾਂ ਤੋਂ ਵੱਧ ਕੇ ਪਰਮੇਸ਼ੁਰ ਦੀ ਧਾਰਮਿਕਤਾ ਤੇ ਪਰਮੇਸ਼ੁਰ ਦੇ ਰਾਜ ਨੂੰ ਵਧਾਉਣਾ ਪਹਿਲਾਂ ਅੱਗੇ ਰੱਖਦਾ ਹੈ। ਉਹ ਪ੍ਰਭੂ ਤੇ ਉਸਦੀ ਧਾਰਮਿਕਤਾ ਨੂੰ ਭਾਲਦਾ ਹੈ ਅਤੇ ਪਰਮੇਸ਼ੁਰ ਉਸਨੂੰ ਇਹ ਸਾਰੀਆਂ ਵਸਤਾਂ ਵੀ ਦਿੰਦਾ ਹੈ।

### *ਪਰਮੇਸ਼ੁਰ ਨੂੰ ਦੇਣਾ*

ਪਰਮੇਸ਼ੁਰ ਆਪਣੀ ਆਰਥਿਕ ਬਰਕਤ ਨੂੰ ਵਗਾਉਣ ਲਈ ਕਿਸੇ ਟੰਕੀ (ਕੁੰਡ) ਨੂੰ ਨਹੀਂ ਦੇਖਦਾ ਪਰੰਤੂ ਉਹ ਦਰਿਆ (ਬਹਾਉ) ਨੂੰ ਦੇਖਦਾ ਹੈ ਜੋ ਉਸਦੇ ਰਾਜ ਲਈ ਦੇਣ ਵਾਲੇ ਹੋਣਾ

ਯਿਸੂ ਨੇ ਕਿਹਾ

**ਲੂਕਾ 6:38 ਦਿਓ ਤਾਂ ਤੁਹਾਨੂੰ ਦਿੱਤਾ ਜਾਵੇਗਾ। ਪੂਰਾ ਮੇਪ ਦੱਬ ਦੱਬ ਕੇ ਹਿਲਾ ਹਿਲਾ ਕੇ ਅਤੇ ਡੁੱਲ੍ਹਦਾ ਹੋਇਆ ਤੁਹਾਡੇ ਪੱਲੇ ਪਾਉਣਗੇ ਕਿਉਂਕਿ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮੁੜ ਮਿਣਿਆ ਜਾਵੇਗਾ।**

ਜਿਵੇਂ-ਜਿਵੇਂ ਅਸੀਂ ਨਿਹਚਾ ਤੇ ਆਗਿਆਕਾਰੀ ਨਾਲ ਪਰਮੇਸ਼ੁਰ ਨੂੰ ਦਿੰਦੇ ਹਾਂ ਤਾਂ ਉਹ ਸਾਨੂੰ ਵਧਾ ਕੇ ਵਾਪਸ ਕਰੇਗਾ ਤਾਂ ਜੋ ਅਸੀਂ ਲਗਾਤਾਰ ਉਸਨੂੰ ਵਾਪਸ ਕਰਦੇ ਰਹੀਏ।

ਖੁਸ਼ਹਾਲੀ ਨਵੀਂ ਸਰਿਸਟ ਲਈ ਇੱਕ ਵਾਇਦਾ ਕੀਤਾ ਹੋਇਆ ਹਿੱਤ ਹੈ। ਪ੍ਰਭੂ ਆਪਣੇ ਲੋਕਾਂ ਲਈ ਇੱਕ ਆਰਥਿਕ ਬਰਕਤ ਦਾ ਨੇਮ ਦੇਣ ਵਾਲਾ

## ਸਿਹਤ ਅਤੇ ਚੰਗਿਆਈ

ਦੂਜੀ ਇੱਕ ਹੋਰ ਭਲਾਈ ਜੋ ਨਵੀਂ ਸਰਿਸ਼ਟ ਵਿੱਚ ਉਸਨੇ ਸਾਨੂੰ ਦਿਤਾ ਹੈ ਸਰੀਰ ਦੀ ਚੰਗਿਆਈ ਦੀ ਸਹੂਲਤ ਦਿੱਤੀ ਗਈ ਹੈ।

ਨਵੀਂ ਸਰਿਸ਼ਟ ਦੀ ਧਾਰਮਿਕਤਾ ਦਾ ਪ੍ਰਕਾਸ਼ ਕਈਆਂ ਨੂੰ ਅਪਰਾਧ, ਸਜ਼ਾ ਅਤੇ ਨਿਕੰਮੇਪਨ ਤੋਂ ਅਜ਼ਾਦ ਕਰੇਗਾ ਤਾਂ ਜੋ ਉਹ ਪਰਮੇਸ਼ੁਰ ਤੋਂ ਦਲੇਰੀ ਨਾਲ ਚੰਗਿਆਈ ਪਾਉਣ ਦੇ ਯੋਗ ਹੋ ਜਾਣ।

ਯਿਸੂ ਦਾ ਮੁਕਤੀ ਦਾ ਕੰਮ ਜੋ ਸਾਡੇ ਬਦਲੇ ਉਸਨੇ ਕੀਤਾ, ਉਸ ਰਾਹੀਂ ਸਾਡੇ ਲਈ ਅਨੰਤ ਕਾਲ ਦੀ ਮੁਕਤੀ ਅਤੇ ਸਾਡੇ ਸਰੀਰਾਂ ਲਈ ਵੀ ਚੰਗਿਆਈ ਦੀ ਸਹੂਲਤ ਵੀ ਦਿੱਤੀ।

### ਉਸਦੇ ਕੌੜੇ ਖਾਣ ਦੁਆਰਾ ਚੰਗੇ ਕੀਤੇ ਗਏ।

ਮਸੀਹ ਦੇ ਆਉਣ ਦੀ ਯਸਾਯਾਹ ਵੱਲੋਂ ਮਹਾਨ ਭਵਿੱਖਬਾਣੀ, ਸਾਡੀ ਚੰਗਿਆਈ ਬਾਰੇ ਉਸਨੇ ਸਪੱਸ਼ਟ ਕਿਹਾ।

**ਯਸਾਯਾਹ 53:5 ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।**

ਪਤਰਸ ਯਸਾਯਾਹ ਦੇ ਸ਼ਬਦਾਂ ਨੂੰ ਯਕੀਨੀ ਬਣਾਉਂਦਾ ਹੈ ਜਦੋਂ ਉਹ ਯਿਸੂ ਦੇ ਮੁਕਤੀ ਦੇ ਕੰਮ ਬਾਰੇ, ਉਸੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੋਇਆ ਲਿਖਦਾ ਹੈ।

**1 ਪਤਰਸ 2:24 ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਏ ਗਏ।**

### ਯਹੋਵਾਹ – ਰਾਫ਼ਾ

ਮਿਸਰ ਦੀ ਗੁਲਾਮੀ ਤੋਂ ਬਾਹਰ ਨਿਕਲਦੇ ਸਮੇਂ ਇਸਰਾਏਲ ਦੇ ਬਾਲਕਾਂ ਉੱਤੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਯਹੋਵਾਹ ਰਾਫ਼ਾ ਕਰਕੇ ਪ੍ਰਗਟ ਕੀਤਾ ਜੋ ਉਨ੍ਹਾਂ ਦਾ ਚੰਗਾ ਕਰਨ ਵਾਲਾ ਹੈ।

**ਕੂਚ 15:26 ਅਰ ਉਸ ਨੇ ਆਖਿਆ "ਜੇ ਤੁਸੀਂ ਰੀਝ ਨਾਲ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਵਾਜ਼ ਸੁਣੋਗੇ ਅਰ ਜਿਹੜਾ ਉਸ ਦੀਆਂ ਅੱਖਾਂ ਵਿੱਚ ਭਲਾ ਹੈ ਤੁਸੀਂ ਉਹ ਕਰੋਗੇ ਅਰ ਉਸ ਦੇ ਹੁਕਮਾਂ ਉੱਤੇ ਕੰਨ ਲਾਓਗੇ ਅਰ ਉਸ ਦੀਆਂ ਸਾਰੀਆਂ ਬਿਧੀਆਂ ਨੂੰ ਮੰਨੋਗੇ ਤਾਂ ਜਿਹੜੀਆਂ ਬੀਮਾਰੀਆਂ ਮੈਂ**

**ਮਿਸਰੀਆਂ ਉੱਤੇ ਪਾਈਆਂ ਹਨ ਤੁਹਾਡੇ ਉੱਤੇ ਨਹੀਂ ਪਾਵਾਂਗਾ ਕਿਉਂ ਜੋ ਮੈਂ ਯਹੋਵਾਹ ਤੁਹਾਨੂੰ ਨਿਰੋਇਆ ਕਰਨ ਵਾਲਾ ਹਾਂ।**

ਪਰਮੇਸ਼ੁਰ ਕਦੇ ਨਹੀਂ ਬਦਲਦਾ, ਅੱਜ ਲਈ ਵੀ ਚੰਗਿਆਈ ਹੈ।

### ਪ੍ਰਭੂ ਦਾ ਵਚਨ ਤੰਦਰੁਸਤੀ ਲੈ ਕੇ ਆਉਂਦਾ ਹੈ।

ਰਾਜਾ ਸੁਲੇਮਾਨ ਕਹਿੰਦਾ ਹੈ ਕਿ ਜੀਵਨ ਅਤੇ ਤੰਦਰੁਸਤੀ ਆਦਮੀ ਦੇ ਸਾਰੇ ਸਰੀਰ ਵਿੱਚ ਪਰਮੇਸ਼ੁਰ ਦੇ ਵਚਨ ਰਾਹੀਂ ਆਉਂਦੀ ਹੈ।

**ਕਹਾਉਤਾਂ 4:20-22 ਹੇ ਮੇਰੇ ਪੁੱਤ੍ਰ ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ ਅਤੇ ਮੇਰੇ ਵਾਕਾਂ ਉੱਤੇ ਕੰਨ ਲਾ। ਓਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਪਰੋਖੇ ਨਾ ਹੋਣ ਦੇਹ, ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ। ਜਿਨ੍ਹਾਂ ਨੂੰ ਓਹ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦੇ ਲਈ ਜੀਉਣ ਹਨ ਤੇ ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ"।**

ਜੇਕਰ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਦੇਈਏ ਅਤੇ ਉਸ ਉੱਤੇ ਅਧਿਐਨ ਕਰਦੇ ਹਾਂ ਕਿ ਤੰਦਰੁਸਤੀ ਅਤੇ ਜੀਉਣ ਬਾਰੇ ਉਹ ਕੀ ਕਹਿੰਦਾ ਹੈ, ਤਾਂ ਇਹ ਸਾਡੇ ਜੀਵਨਾਂ ਲਈ ਅਸਲੀਅਤ ਬਣ ਜਾਵੇਗੀ। ਜਿਵੇਂ ਸਾਡਾ ਮਨ ਤਾਜਾ ਹੋ ਗਿਆ ਉਸ ਤਰ੍ਹਾਂ ਸਾਡਾ ਸਰੀਰ ਵੀ ਹੋ ਜਾਵੇਗਾ।

ਜਦੋਂ ਇਹ ਪ੍ਰਕਾਸ਼ ਸਾਡੀ ਆਤਮਾ ਤੋਂ ਸਾਡੇ ਮਨ ਵਿੱਚ ਜਾਂਦਾ ਹੈ, ਤਾਂ ਅਸੀਂ ਦਲੇਰੀ ਨਾਲ ਪਰਮੇਸ਼ੁਰ ਦਾ ਵਚਨ ਨਿਹਚਾ ਨਾਲ ਬੋਲਦੇ ਹਾਂ ਅਤੇ ਚੰਗਿਆਈ ਅਤੇ ਤੰਦਰੁਸਤੀ ਅਸਲੀਅਤ ਬਣ ਜਾਵੇਗੀ।

ਨੋਟ :- ਜ਼ਿਆਦਾ ਡੂੰਘੀ ਚੰਗਿਆਈ ਦੀ ਸਿੱਖਿਆ ਬਾਰੇ ਪੜਨਾ ਹੈ ਤਾਂ "ਪਰਮੇਸ਼ੁਰ ਦੀ ਚੰਗਿਆਈ ਲਈ ਸਹੂਲਤ" ਜੋ ਏ.ਐਲ. ਅਤੇ ਜੋਆਏ ਗਿੱਲ ਨੇ ਲਿਖੀ ਹੈ।

## ਪਰਮੇਸ਼ੁਰ ਦੀ ਸ਼ਕਤੀ

ਨਵੀਂ ਸਰਿਸ਼ਟ ਦਾ ਇੱਕ ਹੋਰ ਹਿੱਤ ਹੈ ਕਿ ਆਪਣੇ ਅੰਦਰੋਂ ਪਵਿੱਤਰ ਆਤਮਾ ਦੀ ਸ਼ਕਤੀ ਨੂੰ ਕੱਢਣ ਦੀ ਯੋਗਤਾ ਹੈ।

### ਸਾਕਾਰਾਤਮਕ ਰੁਕਾਵਟਾਂ

ਕਈ ਆਤਮਾ ਨਾਲ ਭਰੇ ਹੋਏ ਵਿਸ਼ਵਾਸੀ ਆਪਣੇ ਅੰਦਰੋਂ ਪਰਮੇਸ਼ੁਰ ਦੀ ਤਾਕਤ ਨੂੰ ਕੱਢਣ ਵਿੱਚ ਅਸਫ਼ਲ ਹੋ ਗਏ ਹਨ ਕਿਉਂਕਿ ਉਹਨਾਂ ਦੀਆਂ ਆਪਣੀਆਂ ਨਾਕਾਰਾਤਮਕ ਸੋਚਾਂ ਅਤੇ ਇਨਸਾਨੀਅਤ ਨੇ ਉਨ੍ਹਾਂ ਨੂੰ ਪਿੱਛੇ ਰੋਕ ਲਿਆ।

ਕਈ ਹਨ ਜਿਨ੍ਹਾਂ ਕੋਲ ਨਵੀਂ ਸਰਿਸ਼ਟ ਅਧੀਨ ਪਰਮੇਸ਼ੁਰ ਦੀ ਧਾਰਮਿਕਤਾ ਦਾ ਗਿਆਨ ਨਹੀਂ ਉਹ ਆਪਣੇ ਜੀਵਨਾਂ ਵਿੱਚ ਪਾਪ ਦੇ ਬਣੇ ਰਹਿਣ ਲਈ ਰੋਕੇ ਗਏ ਹਨ। ਉਹ ਧਾਰਮਿਕਤਾ ਦੀ ਬਜਾਏ ਜਾਣ ਬੁੱਝ ਕੇ ਪਾਪ ਕਰ ਰਹੇ ਹਨ। ਉਹ ਆਪਣੇ ਆਪ ਨੂੰ ਪਾਪੀ ਦੇਖਦੇ ਅਤੇ ਕਦੇ ਵੀ ਆਪਣੇ ਜੀਵਨਾਂ ਵਿੱਚ ਜਿੱਤ ਦੇ ਯੋਗ ਨਹੀਂ ਹਨ। ਉਨ੍ਹਾਂ ਨੇ ਆਪਣੇ ਜੀਵਨਾਂ ਵਿੱਚ ਪਵਿੱਤਰ ਆਤਮਾ ਨੂੰ ਉਦਾਸ ਕੀਤਾ ਜਾਂ ਬੁਝਾ ਦਿੱਤਾ ਹੈ।

ਪੌਲੁਸ ਲਿਖਦਾ ਹੈ ,

**ਅਫ਼ਸੀਆਂ 4:30-31 ਅਤੇ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਜਿਹ ਦੇ ਨਾਲ ਨਿਸਤਾਰੇ ਦੇ ਦਿਨ ਤੀਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ, ਉਦਾਸ ਨਾ ਕਰੋ। ਸਭ ਕੁੜੱਤਣ, ਕ੍ਰੋਧ, ਕੋਪ ਰੌਲਾ ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਵੇ।**

ਉਹ ਵਿਅਕਤੀ ਜੋ ਜਾਣ ਬੁੱਝ ਕੇ ਪਾਪ ਕਰਦਾ ਉਹ ਲਗਾਤਾਰ ਪਾਪ ਕਰੇਗਾ ਅਤੇ ਇਸ ਦੇ ਕਾਰਨ ਉਹ ਪਵਿੱਤਰ ਆਤਮਾ ਨੂੰ ਉਦਾਸ ਕਰਦੇ ਤੇ ਕਮਜ਼ੋਰ, ਹਾਰੀ ਹੋਈ ਜ਼ਿੰਦਗੀ ਜੀਉਂਦੇ ਹਨ।

**ਧਾਰਮਿਕਤਾ ਦਾ ਪ੍ਰਕਾਸ਼**

ਉਹ ਵਿਸ਼ਵਾਸੀ ਜਿਨ੍ਹਾਂ ਕੋਲ ਨਵੀਂ ਸਰਿਸ਼ਟ ਦਾ ਪ੍ਰਕਾਸ਼ ਪਾਇਆ ਜਾਂਦਾ ਹੈ ਉਹ ਆਪਣੇ ਆਪ ਨੂੰ ਧਰਮੀ ਸਮਾਨ ਦੇਖਦੇ ਹਨ। ਉਹ ਉਸੇ ਤਰ੍ਹਾਂ ਆਪਣੇ ਆਪ ਨੂੰ ਦੇਖਦੇ ਹਨ ਜਿਵੇਂ ਉਹ ਸਿਰਜੇ ਗਏ ਸਨ। ਉਹ ਆਪਣੇ ਆਪ ਨੂੰ ਯਿਸੂ ਦੇ ਕੰਮ ਕਰਦੇ ਦੇਖਦੇ ਹਨ। ਉਹ ਆਪਣੇ ਆਪ ਨੂੰ ਧਰਮੀ ਦੇ ਸਮਾਨ, ਪਰਮੇਸ਼ੁਰ ਨਾਲ ਸੰਗਤੀ ਕਰਦੇ ਅਤੇ ਦੂਜਿਆਂ ਦੀ ਸੇਵਾ ਕਰਨ ਲਈ ਉਸਦੇ ਦੁਆਰਾ ਇਸਤੇਮਾਲ ਹੁੰਦੇ ਦੇਖਦੇ ਹਨ।

ਉਹ ਆਪਣੇ ਜੀਵਨਾਂ ਵਿੱਚ ਆਪਣੇ ਆਪ ਨੂੰ ਪ੍ਰਗਟ ਹੋਇਆ ਪਰਮੇਸ਼ੁਰ ਦਾ ਮਸਹ ਨਾਲ ਚੱਲਦੇ ਦੇਖਦੇ ਹਨ। ਜਿਵੇਂ ਯਿਸੂ ਨੇ ਕਿਹਾ ਕਿ, ਤੁਹਾਡੇ ਜੀਵਨਾਂ ਤੇ ਸੇਵਕਾਈ ਵਿੱਚ ਬਿਨ੍ਹਾਂ ਰੁਕੇ ਜੀਵਨ ਕਾਲ ਦੀਆਂ ਨਦੀਆਂ ਵਗਣਗੀਆਂ"।

ਯਿਸੂ ਨੇ ਕਿਹਾ

**ਯੂਹੰਨਾ 7:38 ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ।**

**ਗਵਾਹੀ ਲਈ ਸ਼ਕਤੀ**

ਯਿਸੂ ਨੇ ਕਿਹਾ ਕਿ ਤਾਕਤ ਦਾ ਮਕਸਦ ਉਦੋਂ ਹੁੰਦਾ ਹੈ ਜਦੋਂ ਅਸੀਂ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਂਦੇ ਜੋ ਸਾਨੂੰ ਯਿਸੂ ਮਸੀਹ ਲਈ ਪ੍ਰਭਾਵਸ਼ਾਲੀ ਗਵਾਹ ਬਣਾਉਂਦਾ ਹੈ।

**ਰਸੂਲਾਂ ਦੇ ਕਰਤੱਬ 1:8 ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਆਂ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁ ਮੇਰੇ ਗਵਾਹ ਹੋਵੋਗੇ।**

**"ਚਿੰਨ ਅਤੇ ਅਚਰਜ ਕੰਮ"**

ਨਾਸ ਹੋਣ ਵਾਲੇ ਤੱਕ ਪਹੁੰਚਣ ਲਈ ਪਰਮੇਸ਼ੁਰ ਦੀ ਯੋਜਨਾ ਜੋ ਚਮਤਕਾਰੀ ਸੰਦੇਸ਼ ਦੇਣ ਤੋਂ ਹੈ। ਜਦੋਂ ਪਰਮੇਸ਼ੁਰ ਦਾ ਵਚਨ ਸੁਣਾਇਆ ਅਤੇ ਪ੍ਰਚਾਰ ਕੀਤਾ ਜਾਂਦਾ ਹੈ ਤਾਂ ਚਿੰਨ, ਅਚਰਜ ਕੰਮ ਅਤੇ ਚਮਤਕਾਰ ਹਮੇਸ਼ਾ ਪਰਮੇਸ਼ੁਰ ਦੇ ਵਚਨ ਨੂੰ ਸਾਬਤ ਕਰਦੇ ਹਨ।

**ਮਰਕੁਸ 16:15-19 ਉਸ ਨੇ ਉਨ੍ਹਾਂ ਨੂੰ ਆਖਿਆ "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ ਕਰੋ।**

**ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ। "**

**"ਉਸੇ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ ਉਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ। ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ। "**

**ਫੇਰ ਪ੍ਰਭੂ ਯਿਸੂ ਜਾਂ ਉਨ੍ਹਾਂ ਨਾਲ ਬਚਨ ਕਰ ਹੱਟਿਆ, ਅਕਾਸ਼ ਉੱਤੇ ਉਠਾ ਲਿਆ ਗਿਆ ਅਤੇ ਪਰਮੇਸ਼ਰ ਦੇ ਸੱਜੇ ਹੱਥ ਜਾ ਬੈਠਾ।**

**ਮਰਕੁਸ 16:20 ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਨੂੰ ਉਨ੍ਹਾਂ ਨਿਸ਼ਾਨੀਆਂ ਦੀ ਰਾਹੀਂ ਜਿਹੜੇ ਨਾਲ-ਨਾਲ ਹੁੰਦੇ ਸਨ ਸਾਬਤ ਕਰਦਾ ਸੀ।**

ਨਵੀਂ ਸਰਿਸ਼ਟ ਦੇ ਪ੍ਰਕਾਸ਼ ਰਾਹੀਂ ਵਿਸ਼ਵਾਸੀ, ਪਵਿੱਤਰ ਆਤਮਾ ਦੀ ਸ਼ਕਤੀ ਵਿੱਚ, ਯਿਸੂ ਲਈ ਦਲੇਰੀ ਨਾਲ ਗਵਾਹੀ ਦੇਣ ਦੇ ਯੋਗ ਹੋ ਜਾਂਦੇ ਹਨ।

### ਡਰ ਤੋਂ ਅਜ਼ਾਦ ਹੋਣਾ

ਹੁਣ ਤੋਂ ਉਹ ਆਦਮੀ ਦੇ ਡਰ ਤੋਂ ਰੋਕੇ ਨਹੀਂ ਜਾਣਗੇ।

ਉਹ ਦਲੇਰੀ ਨਾਲ ਕਹਿਣਗੇ,

**2 ਤਿਮੋਥਿਉਸ 1:7-8 ੳ ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਜਮ ਦਾ ਆਤਮਾ ਦਿੱਤਾ। ਇਸ ਲਈ ਤੂੰ ਸਾਡੇ ਪ੍ਰਭੂ ਦੀ ਸਾਖੀ ਤੋਂ ਨਾ ਸ਼ਰਮਾਵੀਂ ..."।**

ਵਿਸ਼ਵਾਸੀ, ਨਵੀਂ ਸਰਿਸ਼ਟ ਦੇ ਪ੍ਰਕਾਸ਼ ਨਾਲ ਯਿਸੂ ਲਈ ਨਿਡਰ ਤੇ ਨਿਰਲੱਜ ਹੋ ਕੇ ਗਵਾਹੀ ਦੇਣਗੇ।

ਉਹ ਦਲੇਰੀ ਨਾਲ ਕਹਿਣਗੇ-

**ਫ਼ਿਲਿੱਪੀਆਂ 4:13 ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸਕਦਾ ਹਾਂ।**

### ਨਾ ਰੁਕਣ ਵਾਲੀ ਤਾਕਤ

ਉਹ ਵਿਸ਼ਵਾਸੀ ਜਿੰਨਾ ਕੋਲ ਨਵੀਂ ਸਰਿਸ਼ਟ ਦਾ ਪ੍ਰਕਾਸ਼ ਪਾਇਆ ਜਾਂਦਾ ਹੈ ਉਹ ਨਾ ਰੁਕਣ ਵਾਲੀ ਪਰਮੇਸ਼ੁਰ ਦੀ ਤਾਕਤ ਨੂੰ ਚਿੰਨ੍ਹ, ਚਮਤਕਾਰਾਂ ਅਤੇ ਚੰਗਿਆਈ ਦੇ ਅਚਰਜ ਕੰਮਾਂ ਨੂੰ ਪ੍ਰਗਟ ਕਰਨ ਲਈ ਆਗਿਆ ਦੇਣਗੇ।

ਅਪਰਾਧ ਤੇ ਸਜਾ ਹੁਣ ਤੋਂ ਉਨ੍ਹਾਂ ਨੂੰ ਦਲੇਰੀ ਨਾਲ ਦੁਸ਼ਟ ਆਤਮਾਵਾਂ ਨੂੰ ਬਾਹਰ ਕੱਢਣਾ ਜਾਂ ਬੀਮਾਰਾਂ ਉੱਤੇ ਆਪਣੇ ਹੱਥਾਂ ਨੂੰ ਰੱਖਣ ਤੇ ਉਨ੍ਹਾਂ ਦੇ ਜੀਵਨ ਵਿੱਚੋਂ ਪਰਮੇਸ਼ੁਰ ਦੀ ਸ਼ਕਤੀ ਨੂੰ ਵੱਗਣ ਤੋਂ ਨਹੀਂ ਰੋਕ ਸਕਦਾ।

ਉਹ ਵਿਅਕਤੀ, ਨਵੀਂ ਸਰਿਸ਼ਟ ਦੇ ਪ੍ਰਕਾਸ਼ ਪਰਮੇਸ਼ੁਰ ਨਾਲ ਸੰਗਤੀ ਤੇ ਭਲਾਈ ਦਾ ਅਨੁਭਵ ਕਰੇਗਾ। ਜੋ ਇਹ ਹਨ :- ਅਨੰਦ, ਚੰਗਿਆਈ ਤੇ ਤੰਦਰੁਸਤੀ, ਖੁਸ਼ਹਾਲੀ ਅਤੇ ਨਾ ਰੁਕਣ ਵਾਲੀ ਪਰਮੇਸ਼ੁਰ ਦੀ ਤਾਕਤ। ਸਿਰਫ਼ ਇਹ ਹਿੱਤ (ਭਲਾਈਆਂ) ਵਿਸ਼ਵਾਸੀਆਂ ਦੁਆਰਾ ਅਨੰਦ ਮਾਨਣ ਲਈ ਨਹੀਂ। ਇਹ ਗੁਆਚੇ ਤੇ ਨਾਸਵਾਨ ਸੰਸਾਰ ਨੂੰ ਪ੍ਰਭਾਵਿਤ ਕਰਨ ਲਈ ਹਨ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਕਿਵੇਂ ਅਪਰਾਧ, ਸਜ਼ਾ ਤੇ ਨਿਕੰਮੇਪਨ ਦੀ ਧਾਰਨਾ ਵਿਸ਼ਵਾਸੀ ਦੀ ਪਰਮੇਸ਼ੁਰ ਨਾਲ ਸੰਗਤੀ ਵਿੱਚ ਰੁਕਾਵਟ ਪਾਉਂਦੀ ਹੈ। ਵਰਣਨ ਕਰੋ।

2. ਨਵੀਂ ਸਰਿਸ਼ਟ ਦਾ ਪ੍ਰਕਾਸ਼ ਅਤੇ ਧਾਰਮਿਕਤਾ ਕਿਸ ਰਸਤੇ ਨੂੰ ਅਜ਼ਾਦ ਕਰਕੇ ਇਸ ਯੋਗ ਬਣਾਉਂਦਾ ਕਿ ਪਰਮੇਸ਼ੁਰ ਵੱਲੋਂ ਉਸਦੀ ਸਪੱਸ਼ਟਤਾ ਚੰਗਿਆਈ ਨੂੰ ਪਾਉਣ ਦੇ ਯੋਗ ਬਣ ਜਾਵੇ।

3. ਨਵੀਂ ਸਰਿਸ਼ਟ ਦਾ ਪ੍ਰਕਾਸ਼ ਅਤੇ ਧਾਰਮਿਕਤਾ ਕਿਸ ਰਸਤੇ ਰਾਹੀਂ ਵਿਸ਼ਵਾਸੀ ਨੂੰ ਪ੍ਰਭਾਵਸ਼ਾਲੀ ਅਤੇ ਦਲੇਰੀ ਨਾਲ ਗਵਾਹ ਹੋਣ ਲਈ ਅਜ਼ਾਦ ਕਰਦਾ ਹੈ।

ਅਧਿਆਏ ਨੌਂ

# ਈਸ਼ਵਰੀ ਸੁਭਾਉ ਦੇ ਸਾਂਝੀਦਾਰ

## ਪਰਮੇਸ਼ੁਰ ਦਾ ਸੁਭਾਉ

ਜਦੋਂ ਅਸੀਂ ਯਿਸੂ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨਦੇ ਹਾਂ ਤਾਂ ਅਸੀਂ ਨਵੀਂ ਸਰਿਸ਼ਟ ਬਣ ਜਾਂਦੇ ਹਾਂ। ਅਸੀਂ ਨਵਾਂ ਸੁਭਾਉ ਪ੍ਰਾਪਤ ਕਰਦੇ ਹਾਂ। ਇਹ ਪਰਮੇਸ਼ੁਰ ਦਾ ਆਪਣਾ ਸੁਭਾਉ ਹੈ। ਇਹ ਜਾਣ ਕੇ ਕਿੰਨਾ ਉੱਤੇਜਿਤ ਹੋਵੇਗਾ ਕਿ ਅਸੀਂ ਅਸਲ ਵਿੱਚ ਪਰਮੇਸ਼ੁਰ ਦੇ ਸੁਭਾਉ ਦੇ ਸਾਂਝੀਦਾਰ ਹਾਂ।

**2 ਪਤਰਸ 1:4 ਓ ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ-ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ।**

ਪਰਮੇਸ਼ੁਰ ਦਾ ਕੀ ਸੁਭਾਉ ਹੈ?

ਇੱਥੇ ਪਰਮੇਸ਼ੁਰ ਦੇ ਸੁਭਾਉ ਦੇ ਹਿੱਸੇ, ਪਰਮੇਸ਼ੁਰ ਦੇ ਗੁਣ ਹਨ ਜੋ ਇਕੱਲੇ ਪਰਮੇਸ਼ੁਰ ਲਈ ਸੁਰੱਖਿਅਤ ਰੱਖੇ ਹਨ। ਉਹ ਅਜਿਹੇ ਹਨ -

* *ਅਨਾਦੀ - ਬਿਨ੍ਹਾਂ ਸ਼ੁਰੂਆਤ ਤੇ ਅੰਤ ਦੇ*
* *ਨਿਰਵਿਕਾਰ - ਨਾ ਬਦਲਣ ਵਾਲਾ*
* *ਸਰਬਸ਼ਕਤੀਮਾਨ - ਸਭ ਤੋਂ ਜ਼ਿਆਦਾ ਜ਼ੋਰਦਾਰ, ਪ੍ਰਭਾਵਸ਼ਾਲੀ*
* *ਸਰਬ ਵਿਆਪਕ - ਹਰੇਕ ਜਗ੍ਹਾ ਮੌਜੂਦ*

### ਸਾਡੇ ਜ਼ਿੰਮੇ ਲਾਉਣਾ

ਕਿਸੇ ਵੀ ਤਰ੍ਹਾਂ ਮੁਕਤੀ ਦੇ ਪਲ ਪਰਮੇਸ਼ੁਰ ਦੇ ਸੁਭਾਉ ਦੇ ਹਿੱਸੇ ਜੋ ਸਾਡੇ ਜ਼ਿੰਮੇ ਲਾਏ ਗਏ ਹਨ। ਉਹ ਸਾਡੇ ਨਵੀਂ ਸਰਿਸ਼ਟ ਵਿਅਕਤੀ ਦਾ ਕੁੱਲ ਹਿੱਸਾ ਬਣ ਗਏ ਜੋ ਸਾਨੂੰ ਦਿੱਤੇ ਹਨ।

* *ਧਾਰਮਿਕਤਾ*
* *ਪਵਿੱਤਰਤਾਈ*
* *ਪਿਆਰ*
* *ਭਲਾਈ, ਦਯਾ ਅਤੇ ਕਿਰਪਾ*

ਇਹ ਪਰਮੇਸ਼ੁਰ ਦੇ ਸੁਭਾਉ ਦੇ ਹਿੱਸੇ, ਮੁਕਤੀ ਦੇ ਪਲ ਸਾਡੀ ਨਵੀਂ ਸਰਿਸ਼ਟੀ ਆਤਮਾ ਵਿੱਚ ਮੜ੍ਹੇ ਗਏ ਹਨ।

### ਉਸਦੇ ਵਾਇਦਿਆਂ ਰਾਹੀਂ ਪ੍ਰਗਟ ਕੀਤੇ ਗਏ

ਪਤਰਸ ਨੇ ਲਿਖਿਆ ਕਿ ਪਰਮੇਸ਼ੁਰ ਦੀ ਤਾਕਤ ਨਾਲ, ਉਹ ਸਾਰੀਆਂ ਵਸਤਾਂ ਦਿੱਤੀਆਂ ਗਈਆਂ ਹਨ ਜੋ ਜੀਵਨ ਅਤੇ ਭਗਤੀ ਲਈ ਉੱਚਿਤ ਹੋਣ। ਪਰਮੇਸ਼ੁਰ

ਦੇ ਵਚਨ ਦੇ ਪ੍ਰਕਾਸ਼ ਰਾਹੀਂ ਅਸੀਂ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਗਏ ਹਾਂ। ਇਹ ਸਾਨੂੰ ਮਹਾਨ ਤੇ ਬਹੁਮੁੱਲੇ ਵਾਇਦਿਆਂ ਨਾਲ ਦਿੱਤੇ ਗਏ ਹਨ।

**2 ਪਤਰਸ 1:2–4 ਪਰਮੇਸ਼ੁਰ ਅਤੇ ਯਿਸੂ ਸਾਡੇ ਪ੍ਰਭੂ ਦੇ ਗਿਆਨ ਦੇ ਰਾਹੀਂ ਤੁਹਾਡੇ ਲਈ ਕਿਰਪਾ ਅਤੇ ਸ਼ਾਂਤੀ ਵੱਧ ਤੋਂ ਵੱਧ ਹੁੰਦੀ ਜਾਵੇ। ਜਦੋਂ ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਓਸ ਦੇ ਗਿਆਨ ਦੇ ਦੁਆਰਾ ਦਿੱਤਾ ਹੈ ਜਿਹਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ, ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ।**

**ਸਾਂਝੀਦਾਰ ਬਣਨਾ**

ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹੋਣ ਦਾ, ਆਪਣੇ ਵਿੱਚ ਅਨੁਭਵ ਕਰਨ ਤੋਂ ਬਿਨ੍ਹਾਂ ਹੀ ਇਹ ਸੰਭਵ ਹੈ ਕਿ ਸਾਡੀ ਆਤਮਾ ਵਿੱਚ ਪਰਮੇਸ਼ੁਰ ਦੇ ਸੁਭਾਉ ਨੂੰ ਕਬਜ਼ਾ ਕਰਨ ਦਈਏ

ਪੌਲੁਸ ਰਸੂਲ ਨੇ ਲਿਖਿਆ,

**ਫ਼ਿਲਿੱਪੀਆਂ 2:12,13 ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ। ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**

ਮੁਕਤੀ ਦੇ ਪਲ ਅਸੀਂ ਆਪਣੀਆਂ ਆਤਮਾਵਾਂ ਵਿੱਚ ਪਰਮੇਸ਼ੁਰ ਦੇ ਗੁਣਾਂ ਨੂੰ ਪਾਉਂਦੇ ਹਾਂ, ਪਰੰਤੂ ਇਹ ਸਮੇਂ ਰਾਹੀਂ ਉਹ ਕੰਮ ਕਰਦੇ ਅਤੇ ਸਾਡੇ ਮਨਾਂ ਤੇ ਸਰੀਰਾਂ ਦੇ ਸਾਂਝੀਦਾਰ ਬਣਦੇ ਹਨ। ਹਰੇਕ ਵਿਸ਼ਵਾਸੀ ਆਪਣੀ ਆਤਮਾਵਾਂ ਵਿੱਚ ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਗਏ ਹਨ। ਕਿਸੇ ਵੀ ਤਰ੍ਹਾਂ, ਪਰ ਇਹ ਸਿਰਫ਼ ਨਵੀਂ ਸਰਿਸ਼ਟ ਦੇ ਪ੍ਰਕਾਸ਼ ਰਾਹੀ ਹੀ ਹੈ ਕਿ ਜਦੋਂ ਅਸੀਂ ਆਪਣੀਆਂ ਜਾਨਾਂ ਅਤੇ ਸਰੀਰਾਂ ਵਿੱਚ ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਸਕਦੇ ਹਾਂ।

ਵਿਸ਼ਵਾਸੀ, ਹੁਣ ਜੋ ਕੁਝ ਪਹਿਲਾਂ ਤੋਂ ਉਨ੍ਹਾਂ ਦਾ ਹੈ ਜਿਹੜਾ ਸਚਿਆਈ ਦੇ ਪ੍ਰਕਾਸ਼ ਰਾਹੀਂ ਪ੍ਰਗਟ ਕੀਤਾ ਕਿ ਉਹ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹਨ, ਉਸ ਦੇ ਉਹ ਸਾਂਝੀਦਾਰ ਹੋਣਾ ਤੇ ਉਸਦਾ ਅਨੰਦ ਮਾਣ ਸਕਦੇ ਹਨ।

ਇਹ ਸਿਰਫ਼ ਉਦੋਂ ਹੁੰਦਾ ਹੈ ਜਦੋਂ ਅਸੀਂ ਪ੍ਰਭੂ ਦੇ ਵਚਨ ਉੱਤੇ ਧਿਆਨ ਲਗਾਉਂਦੇ, ਵਿਸ਼ਵਾਸ ਰਾਹੀਂ ਉਨ੍ਹਾਂ ਵਾਇਦਿਆਂ ਦਾ ਐਲਾਨ ਕਰਦੇ ਹਾਂ, ਤਾਂ ਹੀ ਅਸਲ ਵਿੱਚ ਅਸੀਂ ਆਪਣੀਆਂ ਜਾਨਾਂ ਤੇ ਸਰੀਰਾਂ ਦੇ ਖੇਤਰ ਵਿੱਚ ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣਦੇ ਹਾਂ।

ਜਿਸ ਸਮੇਂ ਸਾਡੀ ਨਵੀ ਸਰਿਸ਼ਟ ਆਤਮਾ ਉਸਦੇ ਈਸ਼ਵਰੀ ਸੁਭਾਉ ਨੂੰ ਜੋ ਸਾਡੇ ਜ਼ਿੰਮੇ ਲਾਇਆ ਉਸਨੂੰ ਪ੍ਰਾਪਤ ਕਰਦੀ ਹੈ। ਇਸ ਅਧਿਆਏ ਵਿੱਚ ਅਸੀਂ ਸਿੱਖਾਂਗੇ ਕਿ ਕਿਵੇਂ ਆਪਣੀਆਂ ਜਾਨਾਂ ਤੇ ਸਰੀਰ ਦੇ ਖੇਤਰ ਵਿੱਚ ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹੋਣਾ ਹੈ।

## ਉਸਦੇ ਸਮਾਨ ਬਣਨਾ

ਅਸੀਂ ਮਸੀਹ ਵਿੱਚ ਉਸਦੀ ਸ਼ਕਲ ਦੇ ਸਮਰੂਪ ਲਈ ਪਹਿਲਾਂ ਤੋਂ ਠਹਿਰਾਏ ਗਏ ਹਾਂ।

**ਰੋਮੀਆਂ 8:29 ੳ ਕਿਉਂਕਿ ਜਿਨ੍ਹਾਂ ਨੂੰ ਉਹਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਓਹਨਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤ੍ਰ ਦੇ ਸਰੂਪ ਉੱਤੇ ਬਣਨ ...**

ਨਵੀਂ ਸਰਿਸ਼ਟ ਆਤਮਾ ਪਰਮੇਸ਼ੁਰ ਦੀ ਸ਼ਕਤੀ ਉੱਤੇ ਸਿਰਜੀ ਗਈ ਹੈ। ਅਤੇ ਮਸੀਹੀ ਆਪਣੇ ਸਰੀਰਾਂ ਤੇ ਜਾਨਾਂ ਦੇ ਖੇਤਰ ਵਿੱਚ ਉਸਦੀ ਸ਼ਕਲ ਦੇ ਸਮਰੂਪ ਦੀ ਕ੍ਰਿਆ ਵਿੱਚ ਹਨ।

### ਬਦਲਾਓ ਦਾ ਤਰੀਕਾ

ਪੌਲੁਸ ਰਸੂਲ ਰੋਮੀਆਂ ਨੂੰ ਲਿਖਦਾ ਹੈ,

**ਰੋਮੀਆਂ 12:1–2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ। ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।**

ਨਵੀਂ ਸਰਿਸ਼ਟ ਹੁੰਦੇ ਹੋਏ ਹੁਣ ਤੋਂ ਅਸੀਂ ਇਸ ਜਗਤ ਦੇ ਸਮਰੂਪ ਨਹੀਂ ਹਾਂ। ਜਿਉਂ ਅਸੀਂ ਪਰਮੇਸ਼ੁਰ ਦੇ ਪੁੱਤਰ ਦੀ ਸ਼ਕਲ ਦੇ ਸਮਰੂਪ ਹੁੰਦੇ ਜਾਂਦੇ ਹਾਂ ਤਾਂ ਸਾਨੂੰ ਲਗਾਤਾਰ ਬਦਲਾਓ ਦੀ ਪ੍ਰਕ੍ਰਿਆ ਵਿੱਚ ਜੀਉਣਾ ਹੈ।

#### *ਸਰੀਰਾਂ ਨੂੰ ਸਮਰਪਿਤ ਕਰਨਾ*

ਅਸੀਂ ਪਰਮੇਸ਼ੁਰ ਅੱਗੇ ਆਪਣੇ ਸਰੀਰਾਂ ਨੂੰ ਪੂਰੀ ਤਰ੍ਹਾਂ ਸਮਰਣ ਰਾਹੀਂ ਬਦਲਾਉ ਦੀ ਪ੍ਰਕ੍ਰਿਆ ਨੂੰ ਸ਼ੁਰੂ ਕਰਦੇ ਹਾਂ। ਸਾਡਾ ਸਰੀਰ ਪਵਿੱਤਰ ਆਤਮਾ ਦੀ ਹੈਕਲ ਹੈ ਅਤੇ ਇਸਨੂੰ ਪਰਮੇਸ਼ੁਰ ਅੱਗੇ ਜੀਉਂਦਾ ਬਲੀਦਾਨ ਕਰਕੇ ਦੇਣਾ ਹੈ।

ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹੋਣ ਲਈ ਜੋ ਯਿਸੂ ਵਿੱਚ ਸਾਡੇ ਕੋਲ ਪਹਿਲਾਂ ਹੀ ਤੋਂ ਹੈ ਤਾਂ ਸਾਨੂੰ ਹਰ ਰੋਜ਼ ਆਪਣੇ ਜੀਵਨਾਂ ਨੂੰ ਯਿਸੂ ਮਸੀਹ ਦੀ ਪ੍ਰਭੁਤਾ ਅੱਗੇ ਅਰਪਣ ਕਰਨਾ ਹੈ।

***ਬੁੱਧ ਦਾ ਨਵਾਂ ਕਰਨਾ***

ਜਿਵੇਂ ਕਿ ਸਾਡਾ ਸਰੀਰ ਬਦਲਦਾ ਜਾਂਦਾ ਹੈ। ਸਾਡੀ ਜਾਨ ਵੀ ਲਗਾਤਾਰ ਪ੍ਰਕ੍ਰਿਆ ਰਾਹੀਂ ਜੋ ਬੁੱਧ ਦੇ ਨਵੇਂ ਹੋਣ ਕਰਕੇ ਜਾਣੀ ਜਾਂਦੀ ਹੈ ਉਸ ਤਰ੍ਹਾਂ ਬਦਲਣੀ ਚਾਹੀਦੀ ਹੈ।

ਇਹ ਬਦਲਾਓ ਦੀ ਪ੍ਰਕ੍ਰਿਆ ਉਦੋਂ ਹੁੰਦੀ ਹੈ ਜਦੋਂ ਅਸੀਂ ਲਗਾਤਾਰ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਦੇ, ਸੁਣਦੇ, ਉਸ ਉੱਤੇ ਧਿਆਨ ਲਾਉਂਦੇ ਤੇ ਕ੍ਰਿਆ ਕਰਦੇ ਹਾਂ। ਇਹ ਪਵਿੱਤਰ ਆਤਮਾ ਦਾ ਅਲੌਕਿਕ ਕੰਮ ਹੈ।

ਇਸ ਅਲੌਕਿਕ ਪ੍ਰਕ੍ਰਿਆ ਨਾਲ ਸਾਡੇ ਸਰੀਰ ਤੇ ਆਤਮਾਵਾਂ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਜਾਂਦੇ ਹਨ।

**ਪਰਮੇਸ਼ੁਰ ਸਾਡੇ ਵਿੱਚ ਕੰਮ ਕਰ ਰਿਹਾ ਹੈ**

ਪੌਲੁਸ ਪੀੜਾ ਲੱਗੀ ਹੋਈ ਔਰਤ ਵਾਂਗ ਗਲਾਤੀਆਂ ਦੇ ਵਿਸ਼ਵਾਸੀਆਂ ਲਈ ਪ੍ਰਾਰਥਨਾ ਕਰਦਾ ਹੈ ਕਿ ਉਨ੍ਹਾਂ ਵਿੱਚ ਮਸੀਹ ਦੀ ਸੂਰਤ (ਰੂਪ) ਧਾਰਨ ਹੋਵੇ।

**ਗਲਾਤੀਆਂ 4:19 ਹੇ ਮੇਰੇ ਬੱਚਿਓ, ਜਿੰਨਾ ਚਿਰ ਤੁਹਾਡੇ ਵਿੱਚ ਮਸੀਹ ਸੂਰਤ ਨਾ ਫੜ ਲੈ ਮੈਨੂੰ ਤੁਹਾਡੇ ਲਈ ਫੇਰ ਪੀੜਾ ਲੱਗੀਆਂ ਹੋਈਆਂ ਹਨ...**

ਫ਼ਿਲਿੱਪੀਆਂ ਦੇ ਵਿਸ਼ਵਾਸੀਆਂ ਨੂੰ ਉਸਨੇ ਕਿਹਾ ਕਿ ਪ੍ਰਭੂ ਉਨ੍ਹਾਂ ਵਿੱਚ ਕੰਮ ਕਰ ਰਿਹਾ ਹੈ।

**ਫ਼ਿਲਿੱਪੀਆਂ 2:13 ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।**

ਪ੍ਰਭੂ ਲਗਾਤਾਰ ਆਪਣੇ ਨਵੇਂ ਸਰਿਸ਼ਟ ਵਿਅਕਤੀ ਦੇ ਜੀਵਨ ਵਿੱਚ ਕੰਮ ਕਰਦਾ ਹੈ ਜਦ ਤੱਕ ਉਹ ਉਸਦੇ ਪੁੱਤਰ ਦੀ ਸ਼ਕਲ ਦੇ ਸਮਰੂਪ ਹੋ ਜਾਣ।

ਜਿੰਨਾਂ ਜ਼ਿਆਦਾ ਅਸੀਂ ਆਪਣੇ ਅੰਦਰ ਉਸਨੂੰ ਕੰਮ ਕਰਨ ਦੀ ਆਗਿਆ ਦੇਵਾਂਗੇ, ਉਨ੍ਹਾਂ ਹੀ ਅਸੀਂ ਮਸੀਹ ਦੇ ਸਮਾਨ ਬਣਦੇ ਜਾਵਾਂਗੇ।

**ਖਾਸ ਨੋਟ –** ਅਸੀਂ ਪਹਿਲਾਂ ਹੀ ਪਰਮੇਸ਼ੁਰ ਦੀ ਧਾਰਮਿਕਤਾ ਬਾਰੇ ਪੜ੍ਹਿਆ ਹੈ ਤੇ ਕਿਵੇਂ ਸਾਡੇ ਜ਼ੁੰਮੇ ਮੜੀ ਜਾਂਦੀ ਹੈ। ਧਾਰਮਿਕਤਾ ਇੱਕ ਪਰਮੇਸ਼ੁਰ ਦਾ ਗੁਣ ਹੈ। ਇਸ ਪਾਠ ਵਿੱਚ ਤੁਹਾਨੂੰ ਸੱਚ ਮੰਨਣ ਤੇ ਉਸਦੀ ਧਾਰਮਿਕਤਾ ਨੂੰ ਜਾਣਨ ਬਾਰੇ ਕਿਹਾ ਹੈ ਅਤੇ ਕਿਵੇਂ ਇਹ ਮੁਕਤੀ ਦੇ ਸਮੇਂ ਸਾਡੇ ਜ਼ੁੰਮੇ ਮੜੀ ਜਾਂਦੀ ਹੈ ਅਤੇ ਕਿਵੇਂ ਅਸੀਂ ਪਰਮੇਸ਼ੁਰ ਦੇ ਹੋਰ ਗੁਣਾਂ ਵੱਲ ਜਾਵਾਂਗੇ।

## ਉਸਦੀ ਪਵਿੱਤਰਤਾ ਵਿੱਚ ਸਾਂਝੀ ਹੋਣਾ

**ਪਰਮੇਸ਼ੁਰ ਪਵਿੱਤਰ ਹੈ**

ਪਰਮੇਸ਼ੁਰ ਦੀ ਪਵਿੱਤਰਤਾ ਸ਼ਾਨਦਾਰ ਪ੍ਰਤੀ ਸ਼ੁੱਧ ਅਤੇ ਸੰਪੂਰਨਤਾ ਹੈ ਜੋ ਵਰਣਨ ਤੋਂ ਬਾਹਰ ਹੈ। ਜਿਸ ਦਾ ਉਦੇਸ਼ ਪੂਰੀ ਤਰ੍ਹਾਂ ਪਾਪ ਤੇ ਅਸ਼ੁੱਧਤਾ ਤੋਂ ਅਲੱਗਤਾਈ ਦਾ ਹੋਣਾ।

ਪਰਮੇਸ਼ੁਰ ਪੂਰੀ ਤਰ੍ਹਾਂ ਆਪਣੇ ਤੱਤ ਅਤੇ ਰਾਹਾਂ ਵਿੱਚ ਪਵਿੱਤਰ ਹੈ। ਸਵਰਗਦੂਤ ਉਸਦੀ ਪਵਿੱਤਰਤਾਈ ਦਾ ਐਲਾਨ ਕਰਦੇ ਹਨ।

**ਯਸਾਯਾਹ 6:3 ਇੱਕ ਨੇ ਦੂਜੇ ਨੂੰ ਪੁਕਾਰਿਆ ਅਤੇ ਆਖਿਆ, "ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ ਸੈਨਾ ਦਾ ਯਹੋਵਾਹ ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ!"**

### ਪਵਿੱਤਰ ਰਹਿਣ ਲਈ ਹੁਕਮ ਦਿੱਤਾ ਗਿਆ

ਸਾਡੀ ਨਵੀਂ ਸਰਿਸ਼ਟ ਦਾ ਆਤਮਾ ਉਨ੍ਹਾਂ ਹੀ ਪਵਿੱਤਰ ਹੈ ਜਿਨ੍ਹਾਂ ਕਿ ਪਰਮੇਸ਼ੁਰ ਆਪਣੇ ਆਪ ਵਿੱਚ ਪਵਿੱਤਰ ਹੈ।

ਪੌਲੁਸ ਲਿਖਦਾ ਹੈ,

**ਅਫ਼ਸੀਆਂ 1:4 ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿੱਚ ਪਵਿੱਤਰ ਅਤੇ ਨਿਰਮਲ ਹੋਈਏ।**

ਯਾਦ ਰੱਖੀਏ, ਸਾਡਾ ਸਰੀਰ ਤੇ ਆਤਮਾ ਮਸੀਹ ਦੀ ਸ਼ਕਲ ਵਿੱਚ ਤਾਜ਼ਾ ਹੋਣ ਦੀ ਪ੍ਰਕ੍ਰਿਆ ਵਿੱਚ ਹੈ। ਆਪਣੇ ਪ੍ਰਤੀ ਦਿਨ ਦੇ ਜੀਵਨ ਵਿੱਚ ਸਾਨੂੰ ਪਵਿੱਤਰ ਹੋਣ ਲਈ ਚੁਣਨਾ ਹੈ। ਇਹ ਤਜ਼ਰਬਾ ਕੀਤੀ ਹੋਈ ਪਵਿੱਤਰਤਾ ਹੈ।

**ਲੇਵੀਆਂ 19:2 ਅ ਤੁਸੀਂ ਪਵਿੱਤ੍ਰ ਹੋਵੋ ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਪਵਿੱਤ੍ਰ ਹੈ।**

ਸਾਨੂੰ ਆਪਣੇ ਵਰਤਾਉ ਵਿੱਚ ਪਵਿੱਤਰ ਹੋਣ ਲਈ ਚੁਣਨਾ ਚਾਹੀਦਾ ਹੈ ਸਾਨੂੰ ਆਪਣੇ ਜੀਵਨਾਂ ਨੂੰ ਪਰਮੇਸ਼ੁਰ ਅੱਗੇ ਪਵਿੱਤਰ ਬਰਤਨਾਂ ਦੀ ਤਰ੍ਹਾਂ ਸੌਂਪਣਾ ਹੈ। ਸਾਨੂੰ ਆਪਣੇ ਆਪ ਵਿੱਚ ਪਾਪ ਵੱਲੋਂ ਮਰਨਾ ਤੇ ਮਸੀਹ ਵਿੱਚ ਜੀਉਂਦੇ ਰਹਿਣਾ, ਸਮਝਣਾ ਹੈ।

ਇਹ ਤਜ਼ਰਬਾ ਕੀਤੀ ਸ਼ੁੱਧਤਾ (ਪਵਿੱਤਰਤਾ) ਜੋ ਕਿ ਇਸ ਸੰਸਾਰ ਪ੍ਰਣਾਲੀ ਤੋਂ ਅਲੱਗਤਾਈ ਤੇ ਯਿਸੂ ਮਸੀਹ ਲਈ ਹੋਣ ਦੀ ਪ੍ਰਕ੍ਰਿਆ ਹੈ। ਇਹ ਆਪਣੇ ਪ੍ਰਤੀਦਿਨ ਦੇ ਜੀਵਨ ਤੇ ਵਰਤਾਉ ਵਿੱਚ ਯਿਸੂ ਵਾਂਗ ਬਣਨ ਦੇ ਸਮਾਨ ਹੈ।

**1 ਪਤਰਸ 1:15–16 ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਹੀ ਤਿਵੇਂ ਭੀ ਆਪਣੀ ਚਾਲ ਵਿੱਚ ਪਵਿੱਤਰ ਬਣੋ। ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ।"**

ਸਾਨੂੰ ਪਵਿੱਤਰ ਹੋਣ ਲਈ ਆਗਿਆ ਦਿੱਤੀ ਗਈ ਹੈ ਅਤੇ ਅਸੀਂ ਇਹ ਤਾਂ ਹੀ ਕਰ ਸਕਦੇ ਹਾਂ ਜਦੋਂ ਪਰਮੇਸ਼ੁਰ ਦੀ ਪਵਿੱਤਰਤਾਈ ਦੇ ਸੁਭਾਉ ਵਿੱਚ ਸਾਂਝੀ ਹੋਵਾਂਗੇ।

## ਉਸੇ ਪਿਆਰ ਵਿੱਚ ਸਾਂਝੀ ਹੋਣਾ

### ਪਰਮੇਸ਼ੁਰ ਪਿਆਰ ਹੈ

ਪਰਮੇਸ਼ੁਰ ਆਪਣੇ ਸਾਰੇ ਸੁਭਾਓ ਵਿੱਚ ਪਿਆਰ ਹੈ। ਉਹ ਸਾਰੇ ਪਿਆਰ ਦਾ ਸ੍ਰੋਤ ਹੈ।

**1 ਯੂਹੰਨਾ 4:16 ਅਤੇ ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ**

**ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ੁਰ ਓਸ ਵਿੱਚ ਰਹਿੰਦਾ ਹੈ।**

ਮਨੁੱਖਤਾ ਲਈ ਪਰਮੇਸ਼ੁਰ ਦੇ ਮਹਾਨ ਪਿਆਰ ਦਾ ਪ੍ਰਗਟੀਕਰਨ, ਉਸਦੇ ਕੀਮਤੀ ਪੁੱਤਰ ਨੂੰ ਤੋਹਫ਼ੇ ਦੇ ਰੂਪ ਵਿੱਚ ਦੇਣਾ ਸੀ।

**ਰੋਮੀਆਂ 5:8 ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪ੍ਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।**

**ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।**

### ਚਾਰ ਪ੍ਰਕਾਰ ਦਾ ਪਿਆਰ

ਜਿਵੇਂ ਕਿ ਇਸ ਆਧੁਨਿਕ ਸੰਸਾਰ ਵਿੱਚ ਪਿਆਰ ਨੂੰ ਜਿਆਦਾ ਤੌਰ ਨਾਲ ਗਲਤ ਸਮਝਿਆ ਗਿਆ ਹੈ। ਯੂਨਾਨੀ ਭਾਸ਼ਾ ਵਿੱਚ ਪਿਆਰ ਲਈ ਚਾਰ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਸ ਨੂੰ ਜਾਣਨਾ ਵਧੀਆ ਹੋਵੇਗਾ।

#### *ਅਰੋਸ*

"ਅਰੋਸ" ਜੋ ਕਿ ਭੋਗ ਵਿਲਾਸੀ ਹੈ। ਇਹ ਨਵੇਂ ਨਿਯਮ ਵਿੱਚ ਪ੍ਰਯੋਗ ਨਹੀਂ ਕੀਤਾ ਗਿਆ। ਇਹ ਕਾਮੀ ਪਿਆਰ ਨੂੰ ਦਰਸਾਉਂਦਾ ਹੈ ਜੋ ਕਿ ਪ੍ਰਭੂ ਨੇ ਪਤੀ ਤੇ ਪਤਨੀ ਲਈ ਆਗਿਆ ਦਿੱਤੀ ਜਿਹੜਾ ਸਰੇਸ਼ਟ ਗੀਤ ਵਿੱਚ ਵਰਣਨ ਕੀਤਾ ਗਿਆ ਹੈ। ਇਹ ਪਤੀ ਤੇ ਪਤਨੀ ਦੇ ਵਿਚਕਾਰ ਨਿੱਜੀ ਪਿਆਰ ਦਾ ਪ੍ਰਗਟਾਉ ਤੋਂ ਬਾਹਰ ਕੀਤੇ ਜਾਣ ਪ੍ਰਤੀ ਪਰਮੇਸ਼ੁਰ ਵੱਲੋਂ ਪਾਬੰਧੀ ਕੀਤੀ ਗਈ ਹੈ।

#### *ਸਟੋਰਜ*

"ਸਟੋਰਜ" ਜੋ ਭੋਗ ਵਿਲਾਸੀ ਨਹੀਂ ਹੁੰਦਾ ਹੈ। ਇਹ ਤਾਂ ਪਰਿਵਾਰਿਕ ਪਿਆਰ ਜਾਂ ਸਨੇਹ ਹੈ। ਇਸ ਦਾ ਮੂਲ ਸ਼ਬਦ ਲਈ ਵਿਸ਼ੇਸ਼ਣ ਸ਼ਬਦ "ਫਹਲਿੋਸਟੋਰਗੋਸ-ਫਿਲੋਸਟੋਰੋਜਸ" ਪ੍ਰਯੋਗ ਕੀਤਾ ਗਿਆ ਹੈ। ਜਿਸ ਤੋਂ ਭਾਵ "ਕੋਮਲ ਸਨੇਹ" ਤੋਂ ਹੈ।

**ਰੋਮੀਆਂ 12:10 ਭਰੱਪਣ ਦੇ ਪ੍ਰੇਮ ਵਿੱਚ ਇੱਕ ਦੂਏ ਨਾਲ ਗੂੜ੍ਹਾ ਹਿੱਤ ਰੱਖੋ, ਆਦਰ ਵਿੱਚ ਦੂਏ ਨੂੰ ਚੰਗਾ ਸਮਝੋ।**

"ਸਟੋਰਜ" ਉਹ ਪਿਆਰ ਹੈ ਜੋ ਕਿ ਪਰਿਵਾਰ ਦੇ ਮੈਂਬਰ ਇੱਕ ਦੂਏ ਪ੍ਰਤੀ ਪ੍ਰਗਟ ਕਰਦੇ ਹਨ ਭਾਵੇਂ ਇਹ ਕੁਦਰਤੀ ਪਰਿਵਾਰ ਜਾਂ ਪਰਮੇਸ਼ੁਰ ਦੇ ਪਰਿਵਾਰ ਵਿੱਚ ਹੋਣ।

#### *ਫਿਲਾ*

ਫਿਲਾ ਜੋ ਕਿ "ਡੂੰਘੀ ਮਿੱਤਰਤਾ" ਜਾਂ "ਕਿਸੇ ਨਾਲ ਗੰਭੀਰ ਬੰਧਨ" ਵਾਲਾ ਪਿਆਰ ਹੈ। ਇਸ ਨਾਲ ਸੰਬੰਧਿਤ ਨਾਂਵ "ਫਿਲੀਮਾ" ਜਿਸ ਤੋਂ ਭਾਵ ਕਿ "ਚੁੰਮਣਾ" ਹੈ। ਫਿਲਾ ਜੋ ਕਿ ਮਹਾਨ ਮਿੱਤਰਤਾ ਭਾਵ ਜਾਂ ਸਨੇਹ ਨਾਲ ਭਰਪੂਰ ਪਿਆਰ ਹੈ।

**ਯੂਹੰਨਾ 5:20 ੳ ਪਿਤਾ ਤਾਂ ਪੁੱਤਰ ਨਾਲ ਤੇਹ ਕਰਦਾ ਹੈ ਅਤੇ ਜੋ ਕੰਮ ਉਹ ਆਪ ਕਰਦਾ ਹੈ ਸੋ ਸਭ ਉਸ ਨੂੰ ਵਿਖਾਲਦਾ ਹੈ।**

ਯਿਸੂ ਤੇ ਲਾਜਰ ਵਿਚਕਾਰ ਪਿਆਰ ਦੇ ਸਬੰਧ ਦਾ ਵਰਣਨ ਕਰਨ ਲਈ ਫਿੱਲਾ (ਸਬਕ) ਦਾ ਪ੍ਰਯੋਗ ਕੀਤਾ ਗਿਆ ਸੀ।

**ਯੂਹੰਨਾ 11:3 ਇਸ ਲਈ ਦੋਹਾਂ ਭੈਣਾਂ ਨੇ ਉਹ ਨੂੰ ਕਹਾ ਭੇਜਿਆ ਕਿ ਪ੍ਰਭੂ ਜੀ ਵੇਖ ਜਿਸ ਨਾਲ ਤੂੰ ਹਿਤ ਕਰਦਾ ਹੈਂ ਸੋ ਬਿਮਾਰ ਹੈ।**

ਦੂਸਰਾ ਉਸ ਨਾਲ ਸੰਬੰਧਿਤ ਸਬਕ "ਫਹਲਿੱਸ" (ਫਿਲੋਸ) ਹੈ ਜਿਸ ਤੋਂ ਭਾਵ ਕਿ "ਕਿਸੇ ਪਿਆਰ ਲਈ ਕੋਈ ਖਾਸ ਪਿਆਰਾ"

**ਯੂਹੰਨਾ 15:13 ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ।**

"ਫਿਲਨਦਰੋਸ" ਇਹ ਗੂੜੀ ਤਰ੍ਹਾਂ ਦਾ ਪਿਆਰ ਹੈ ਜੋ ਪਤੀ ਤੇ ਪਤਨੀ ਦਾ ਇੱਕ ਦੂਸਰੇ ਲਈ ਹੁੰਦਾ ਹੈ।

ਇਸ ਨਿੱਜੀ ਤੇ ਨਿੱਘੇ ਪਿਆਰ ਦਾ ਸੰਬੰਧ ਜੋ ਯਿਸੂ ਤੇ ਲਾਜ਼ਰ ਨਾਲ ਜੋੜਿਆ ਜਾਂਦਾ ਹੈ ਉਹੀ ਪਿਆਰ ਦਾ ਸਬੰਧ ਦਾਊਦ ਤੇ ਯੋਨਾਥਨ ਵਿਚਕਾਰ ਵੀ ਦੇਖਦੇ ਹਾਂ। ਇਹ ਵਿਸ਼ੇਸ਼ ਪਿਆਰ ਜੋ ਕਈਆਂ ਵਿੱਚੋਂ ਬਹੁਤ ਨੇੜੇ ਦੇ ਸੰਬੰਧੀ ਦੇ ਲੋਕਾਂ ਵਿਚਕਾਰ ਸੀਮਿਤ ਹੁੰਦਾ ਹੈ।

***ਅਗਾਪੇ***

ਅਗਾਪੇ ਪਿਆਰ ਜੋਨਾ ਭੋਗ ਵਿਲਾਸੀ ਪਰਮੇਸ਼ੁਰ ਦਾ ਪਿਆਰ ਹੈ। ਜੋ ਕਿ ਵਿਸ਼ਵਾਸੀ ਦੇ ਜੀਵਨਾਂ ਵਿੱਚ ਆਤਮਾ ਦੇ ਫਲ ਦੇ ਤੌਰ ਤੇ ਪ੍ਰਗਟ ਹੁੰਦਾ ਹੈ।

**ਗਲਾਤੀਆਂ 5:22–23 ਪਰ ਆਤਮਾ ਦਾ ਫਲ ਇਹ ਹੈ – ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ।**

ਅਗਾਪੇ ਪਿਆਰ ਅਲੌਕਿਕ ਪਿਆਰ ਹੈ। ਇਹ ਪਰਮੇਸ਼ੁਰ ਦਾ ਪਿਆਰ ਜੋ ਪਵਿੱਤਰ ਆਤਮਾ ਰਾਹੀ ਸਾਡੇ ਹਿਰਦੇ ਵਿੱਚ ਸਾਡੇ ਜੀਵਨਾਂ ਰਾਹੀਂ ਅਤੇ ਦੂਜਿਆਂ ਪ੍ਰਤੀ ਸਾਡੀ ਕ੍ਰਿਆ ਰਾਹੀਂ ਪ੍ਰਗਟ ਹੁੰਦਾ ਹੈ।

ਜਿਵੇਂ ਕਿ ਇਹ ਪਿਆਰ ਪਰਮੇਸ਼ੁਰ ਵੱਲੋਂ ਆਉਂਦਾ ਹੈ ਤਾਂ ਇਹ ਪਿਆਰ ਸਿਰਫ ਸਾਡੇ ਰਾਹੀਂ ਤੇ ਨਵੀਂ ਸਰਿਸ਼ਟ ਰਾਹੀਂ ਹੀ ਜਗਤ ਉਸਦਾ ਅਨੁਭਵ ਕਰ ਸਕਦਾ ਹੈ। ਇਹ ਸਾਡਾ ਆਂਢੀ ਗੁਆਂਢੀ ਤੇ ਮਿੱਤਰਾਂ ਲਈ ਪਿਆਰ ਹੈ ਜੋ ਕਿ ਸੰਸਾਰ ਤੇ ਸਾਡੇ ਵੈਰੀਆਂ ਨੂੰ ਓਪਰਾ ਦਿਖਾਈ ਦਿੰਦਾ ਹੈ।

**1 ਯੂਹੰਨਾ 3:16 ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ।**

**ਨਿਚੋੜ**

ਅਰੋਸ ਜੋ ਪ੍ਰਭੂ ਦੀ ਸ਼ਰਾ ਅਨੁਸਾਰ ਆਪਣੀ ਪਤਨੀ ਤੱਕ ਸੀਮਿਤ ਹੈ।

ਸਟੋਰਜੀ ਜੋ ਕਿ ਸਾਡੀ ਸੰਸਾਰਿਕ ਤੇ ਆਤਮਿਕ ਪਰਿਵਾਰ ਤੱਕ ਸੀਮਤ ਹੈ।

ਫ਼ਿਲਿਆ ਜੋ ਕਿ ਸਾਡੀ ਜਾਂ ਆਪਣੇ ਨੇੜੇ ਦੇ ਦੋਸਤ ਤੱਕ ਸੀਮਿਤ ਹੈ।

ਕਿਵੇਂ ਵੀ, ਨਵੀਂ ਸਰਿਸ਼ਟ ਰਾਹੀਂ ਪਰਮੇਸ਼ੁਰ ਦਾ ਅਗਾਪੇ ਪਿਆਰ ਹਰੇਕ ਲਈ, ਵੈਰੀਆਂ ਸਮੇਤ ਦਿਖਾਇਆ ਗਿਆ ਹੈ।

**ਅਗਾਪੇ ਪਿਆਰ ਕ੍ਰਿਆ ਕਰਨ ਵਿੱਚ**

ਪਰਮੇਸ਼ੁਰ ਦੇ ਈਸ਼ਵਰੀ ਸੁਭਾਅ ਦਾ ਅਲੌਕਿਕ ਤੌਰ ਤੇ ਦੇਣ ਅਤੇ ਆਤਮਾ ਦੇ ਫਲਾਂ ਕਰਕੇ, ਨਵੀਂ ਸਰਿਸ਼ਟ ਦੇ ਵਿਅਕਤੀ ਇਕ ਦੂਜੇ ਦੇ ਪ੍ਰੇਮੀ ਬਣ ਗਏ ਹਨ।

**ਰੋਮੀਆਂ 13:8 ਇੱਕ ਦੂਏ ਨਾਲ ਪਿਆਰ ਕਰਨ ਤੋਂ ਬਿਨਾਂ ਕਿਸੇ ਦੇ ਕਰਨਦਾਰ ਨਾ ਰਹੋ ਕਿਉਂਕਿ ਜਿਹੜਾ ਦੂਏ ਦੇ ਨਾਲ ਪਿਆਰ ਕਰਦਾ ਹੈ ਉਹ ਨੇ ਸ਼ਰਾ ਨੂੰ ਪੂਰਿਆਂ ਕੀਤਾ ਹੈ।**

ਯਿਸੂ ਨੇ ਕਿਹਾ,

**ਯੂਹੰਨਾ 13:34,35 ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨਾਲ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ।**

ਇੱਕ ਚੀਜ਼ ਜੋ ਸਭ ਤੋਂ ਉੱਚੀ ਹੈ ਜੋ ਸਾਨੂੰ ਯਿਸੂ ਦੇ ਚੇਲਿਆਂ ਵਿੱਚ ਫਰਕ ਦੱਸਦੀ ਹੈ, ਉਹ ਹੈ ਉਨ੍ਹਾਂ ਦਾ ਪਿਆਰ ਜੋ ਇੱਕ ਦੂਏ ਦੇ ਲਈ ਹੈ।

*ਪਿਆਰ ਦਾ ਚੇਲਾ*

ਚੇਲਾ ਉਹ ਹੈ ਜੋ ਯਿਸੂ ਦੇ ਅਨੁਸ਼ਾਸਨ ਹੇਠ ਆਉਂਦਾ ਹੈ। ਉਹ ਮਸੀਹੀ ਹੋਣ ਤੋਂ ਵੱਧ ਕੇ ਹੈ। ਉਹ ਇੱਕ ਹੈ ਜੋ ਯਿਸੂ ਦੇ ਪਿਆਰ ਵਾਲੇ ਸੁਭਾਉ ਤੇ ਸ਼ਕਲ ਵਿੱਚ, ਨਿਹਚਾ ਤੋਂ ਆਗਿਆਕਾਰੀ ਰਾਹੀਂ ਬਦਲਦਾ ਜਾਂਦਾ ਹੈ। ਚੇਲਾ ਯੂਹੰਨਾ ਰਸੂਲ ਦੇ ਨਾਲ ਕਰੇਗਾ।

**1 ਯੂਹੰਨਾ 4:7 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ ਪ੍ਰੇਮ ਪਰਮੇਸ਼ੁਰ ਤੋਂ ਹੈ ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ ਅਤੇ ਪਰਮੇਸ਼ੁਰ ਨੂੰ ਜਾਣਦਾ ਹੈ।**

ਨਵੀਂ ਸਰਿਸ਼ਟ, ਜੋ ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹਨ ਉਹ ਪਰਮੇਸ਼ੁਰ ਦੇ ਅਗਾਪੇ ਪਿਆਰ ਵਿੱਚ ਚੱਲਣਗੇ।

**ਰੋਮੀਆਂ 5:5 ਅ ... ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਕੀਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ"।**

*ਸ਼ਰਾ ਦੁਆਰਾ ਪਿਆਰ ਦੀ ਆਗਿਆ ਦਿੱਤੀ ਗਈ*

ਮੂਸਾ ਦੀ ਸ਼ਰਾ ਦੀ ਆਗਿਆ ਹੈ ਕਿ ਸਾਨੂੰ ਇੱਕ ਦੂਏ ਨਾਲ ਪਿਆਰ ਕਰਨਾ ਹੈ।

**ਲੇਵੀਆਂ 19:18 ਤੂੰ ਬਦਲਾ ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਿਵਾਰ ਨਾਲ ਵੈਰ ਰੱਖੀਂ, ਪਰ ਤੂੰ ਆਪਣੇ ਗਵਾਂਢੀ ਨਾਲ ਆਪਣੇ ਜੇਹਾ ਪਿਆਰ ਕਰੀ"...**

ਨਵਾਂ ਜਨਮ ਨਹੀਂ ਪਾਏ ਆਦਮੀ ਤੇ ਔਰਤਾਂ ਸ਼ਰਾ ਨੂੰ ਪੂਰਾ ਕਰਨ ਵਿੱਚ ਅਯੋਗ ਸਨ। ਉਹ ਆਪਣੇ ਗਵਾਂਢੀ ਨਾਲ ਤਿਹਾ ਪਿਆਰ ਨਹੀਂ ਕਰਦੇ ਜੇਹਾ ਉਹ ਆਪਣੇ ਆਪ ਨਾਲ ਕਰਦੇ ਸਨ।

ਯਿਸੂ ਨੇ ਨਵੀ ਸਰਿਸ਼ਟ ਨੂੰ ਪਿਆਰ ਕਰਨ ਦਾ ਨਵਾਂ ਹੁਕਮ ਦਿੱਤਾ ਹੈ।

**ਰੋਮੀਆਂ 13:9 ਏਹ, ਭਈ ਜ਼ਨਾਹ ਨਾ ਕਰ, ਖ਼ੂਨ ਨਾ ਕਰ, ਚੋਰੀ ਨਾ ਕਰ, ਲੋਭ ਨਾ ਕਰ ਅਤੇ ਜੋ ਕੋਈ ਹੋਰ ਹੁਕਮ ਭੀ ਹੋਵੇ ਤਾਂ ਸਭਨਾਂ ਦਾ ਤਾਤਪਰਜ ਐੱਨੀ ਗੱਲ ਵਿੱਚ ਹੈ ਭਈ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ।**

### *ਸ਼ਰਾ ਪਿਆਰ ਵਿੱਚ ਪੂਰੀ ਹੁੰਦੀ ਹੈ*

ਪਿਆਰ ਸ਼ਰਾ ਦਾ ਪੂਰਾ ਕਰਨਾ ਹੈ।

**ਰੋਮੀਆਂ 13:10 – "ਪਿਆਰ ਗੁਆਂਢੀ ਦਾ ਕੁਝ ਬੁਰਾ ਨਹੀਂ ਕਰਦਾ, ਇਸ ਕਰਕੇ ਪਿਆਰ ਸ਼ਰਾ ਦਾ ਪੂਰਾ ਕਰਨਾ ਹੈ"।**

ਪੌਲੁਸ ਨੇ ਗਲਾਤੀਆਂ ਨੂੰ ਲਿਖਿਆ,

**ਗਲਾਤੀਆਂ 5:14 ਕਿਉਂ ਜੋ ਸਾਰੀ ਸ਼ਰਾ ਇੱਕੋ ਗੱਲ ਵਿੱਚ ਸਮਾਪਤ ਹੁੰਦੀ ਹੈ ਅਰਥਾਤ ਇਸ ਵਿੱਚ ਭਈ ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ।**

## ਆਪਣੇ ਵੈਰੀਆਂ ਨਾਲ ਪਿਆਰ ਕਰਨਾ

ਪਰਮੇਸ਼ੁਰ ਨੇ, ਆਪਣੇ ਮਹਾਨ ਪਿਆਰ ਦੇ ਸੁਭਾਓ ਕਰਕੇ ਸਾਡੇ ਨਾਲ ਪਿਆਰ ਕੀਤਾ ਜਦੋਂ ਅਸੀਂ ਉਸਦੇ ਵੈਰੀ ਸਾਂ। ਨਵੀਂ ਸਰਿਸ਼ਟ ਹੁੰਦੇ ਹੋਏ ਸਾਡੇ ਕੋਲ ਵੀ ਪਰਮੇਸ਼ੁਰ ਦਾ ਪਿਆਰ ਵਾਲਾ ਸੁਭਾਓ ਹੈ। ਸਾਨੂੰ ਇਸ ਕਰਕੇ ਨਾਸ ਹੋ ਰਹੇ ਸੰਸਾਰ ਨਾਲ ਪਿਆਰ ਕਰਨਾ ਅਤੇ ਪਰਮੇਸ਼ੁਰ ਦੇ ਮਹਾਨ ਪਿਆਰ ਤੇ ਤਰਸ ਨੂੰ ਉਨ੍ਹਾਂ ਨਾਲ ਵੰਡਣਾ ਚਾਹੀਦਾ ਹੈ।

**ਮੱਤੀ 5:44 ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ।**

ਯਿਸੂ ਨੇ ਕਦੇ ਵੀ ਸਾਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਜੋ ਅਸੀਂ ਕਰਨ ਵਿੱਚ ਸ਼ਕਤੀਹੀਣ (ਅਸੰਭਵ) ਹਾਂ। ਸਾਨੂੰ ਪਰਮੇਸ਼ੁਰ ਦੇ ਅਗਾਪੇ ਪਿਆਰ ਨਾਲ ਆਪਣੇ ਦੁਸ਼ਮਣਾਂ ਨੂੰ ਪਿਆਰ ਕਰਨਾ ਹੈ ਤੇ ਅਸੀਂ ਉਹ ਕਰ ਸਕਦੇ ਹਾਂ।

### *ਅਗਾਪੇ ਪਿਆਰ ਨੂੰ ਪ੍ਰਗਟ ਕਰਨਾ*

ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਕਿਵੇਂ ਅਗਾਪੇ ਪਿਆਰ ਦੂਜਿਆਂ ਪ੍ਰਤੀ, ਉਨ੍ਹਾਂ ਦੇ ਵਰੀਆਂ ਸਮੇਤ ਦਿਖਾ ਸਕਦਾ ਹੈ।

**ਲੂਕਾ 6:27–30 ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ ਭਲਾ ਕਰੋ। ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ ਅਸੀਸ ਦਿਓ। ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਦੇ ਲਈ ਪ੍ਰਾਰਥਨਾ ਕਰੋ। ਜੋ ਤੇਰੀ ਇੱਕ ਗੱਲ ਉੱਤੇ ਚਪੇੜ**

**ਮਾਰੇ ਤੂੰ ਦੂਈ ਵੀ ਉਹ ਦੀ ਵੱਲ ਕਰ ਦਿਹ ਅਰ ਜੋ ਤੇਰੀ ਚਾਦਰ ਖੋਹ ਲਵੇ ਉਹ ਨੂੰ ਕੁੜਤਾ ਵੀ ਲੈਣੋਂ ਮਨਾ ਨਾ ਕਰ। ਜੇ ਕੋਈ ਤੈਥੋਂ ਮੰਗੇ ਉਹਨੂੰ ਦਿਹ ਅਰ ਜੋ ਤੇਰੀਆਂ ਵਸਤਾਂ ਖੋਹ ਲਵੇ ਉਸਤੋਂ ਮੁੜ ਨਾ ਮੰਗ।**

ਪੌਲੁਸ ਰਸੂਲ ਨੇ ਲਿਖਿਆ,

**ਰੋਮੀਆਂ 12:20 ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ।**

*ਅਗਾਪੇ ਪਿਆਰ ਦੀ ਉਦਾਹਰਨ*

ਇਸਤੀਫ਼ਾਨ ਅਲੌਕਿਕ ਅਗਾਪੇ ਪਿਆਰ ਨੂੰ ਕਿਰਿਆਤਮਕ ਰੂਪ ਵਿੱਚ ਕਰਨ ਦੀ ਮਹਾਨ ਉਦਾਹਰਨ ਹੈ ਜਦੋਂ ਉਹ ਆਪਣੇ ਵੈਰੀਆਂ ਵੱਲੋਂ ਪਥਰਾਉ ਕੀਤਾ ਗਿਆ।

**ਰਸੂਲਾਂ 7:59–60 ਸੋ ਉਨ੍ਹਾਂ ਨੂੰ ਇਸਤੀਫ਼ਾਨ ਨੂੰ ਪਥਰਾਹ ਕੀਤਾ ਜੋ ਬੇਨਤੀ ਕਰਦਾ ਅਤੇ ਇਹ ਆਖਦਾ ਸੀ ਕਿ ਹੇ ਪ੍ਰਭੂ ਯਿਸੂ, ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ। ਫੇਰ ਉਹ ਗੋਡੇ ਟੇਕ ਕੇ ਉੱਚੀ ਬੋਲਿਆ ਕਿ ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜੁੰਮੇ ਨਾ ਲਾ। ਅਤੇ ਇਹ ਕਹਿ ਕੇ ਉਹ ਸੌਂ ਗਿਆ ਅਰ ਸੌਲੁਸ ਉਹ ਦੇ ਮਾਰ ਦੇਣ ਉੱਤੇ ਰਾਜ਼ੀ ਸੀ।**

ਅਸੀਂ, ਜੋ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹੁੰਦੇ ਹੋਏ, ਪਵਿੱਤਰ ਆਤਮਾ ਰਾਹੀਂ ਉਹੋ ਹੀ ਅਲੌਕਿਕ ਪਿਆਰ ਦੂਜਿਆਂ ਲਈ ਰੱਖ ਸਕਦੇ ਹਾਂ। ਜਾਂ ਰੱਖਣਾ ਹੈ ਇੱਥੋਂ ਤੀਕ ਜੋ ਸਾਡੇ ਵੈਰੀ ਵੀ ਹਨ।

ਉਹ ਵਿਅਕਤੀ ਜੋ ਉਸਦੀ ਭਾਵਨਾ ਨਾਲ ਜੀਉਂਦਾ ਹੈ, ਕਦੇ ਵੀ ਉਹ ਇਸ ਪ੍ਰਕਾਰ ਦੇ ਪਿਆਰ ਦਾ ਅਨੁਭਵ ਨਹੀਂ ਕਰ ਸਕਦਾ। ਇਹ ਉਹੋ ਹੀ ਸਿਰਫ਼ ਅਨੁਭਵ ਜਾਂ ਪ੍ਰਗਟ ਕਰ ਸਕਦੇ ਹਨ ਜਿਨ੍ਹਾਂ ਦੇ ਅੰਦਰ ਪਰਮੇਸ਼ੁਰ ਦੇ ਪਿਆਰ ਦਾ ਪ੍ਰਕਾਸ਼ ਪਾਇਆ ਜਾਂਦਾ ਹੈ।

*ਪਿਆਰ ਕਰਨਾ ਚੁਣਨਾ*

ਇਸ ਤੋਂ ਪਹਿਲਾਂ, ਆਪਣੇ ਵੈਰੀਆਂ ਨਾਲ ਪਿਆਰ ਕਰਨਾ ਸਾਡੀ ਭਾਵਨਾ ਤੇ ਆਪਣੇ ਆਪ ਦੇ ਉਲਟ ਸੀ। ਪਰ ਅਸੀਂ ਜਿਨ੍ਹਾਂ ਦੇ ਕੋਲ ਪਰਮੇਸ਼ੁਰ ਦੇ ਪਿਆਰ ਵਾਲੇ ਸੁਭਾਉ ਦਾ ਪ੍ਰਕਾਸ਼ ਹੈ ਉਹ ਪਿਆਰ ਕਰਨਾ ਚੁਣਦੇ ਹਨ ਜਿਵੇਂ ਪ੍ਰਭੂ ਨੇ ਪਿਆਰ ਕੀਤਾ।

**1 ਪਤਰਸ 1:22 ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ।**

## ਪਰਮੇਸ਼ੁਰ ਦੇ ਪ੍ਰੇਮੀ

ਜਿਨ੍ਹਾਂ ਕੋਲ ਨਵੀਂ ਸਰਿਸ਼ਟ ਦਾ ਪ੍ਰਕਾਸ਼ ਹੈ ਕਿ ਉਹ ਮਸੀਹ ਵਿੱਚ, ਅਤੇ ਉਸਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣੇ ਹਨ, ਸਾਰੀਆਂ ਗੱਲਾਂ ਨਾਲੋਂ ਵੱਧ ਕੇ ਉਹ ਪਰਮੇਸ਼ੁਰ ਦੇ ਪ੍ਰੇਮੀ ਬਣ ਜਾਂਦੇ ਹਨ।

ਪਰਮੇਸ਼ੁਰ ਨੂੰ ਪ੍ਰਸੰਨ ਕਰਨ ਲਈ ਉਹ ਪਰਮੇਸ਼ੁਰ ਦੇ ਵਚਨ ਦੀ ਆਗਿਆਕਾਰੀ ਅਨੁਸਾਰ ਸਭ ਕੁਝ ਕਰਨਗੇ। ਉਹ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਹੋ ਜਾਣਗੇ।

ਨਵੀਂ ਸਰਿਸ਼ਟ ਵਿਅਕਤੀ ਲਗਾਤਾਰ ਪਰਮੇਸ਼ੁਰ ਦੀਆਂ ਸਾਰੀਆਂ ਅਨੋਖੀਆਂ ਬਰਕਤਾਂ ਲਈ ਧੰਨਵਾਦ ਕਰੇਗਾ। ਉਹ ਕੌਣ ਹੈ ਇਸ ਲਈ ਉਹ ਪਰਮੇਸ਼ੁਰ ਦੀ ਅਰਾਧਨਾ ਕਰਨਗੇ। ਪਰਮੇਸ਼ੁਰ ਦੀ ਅਰਾਧਨਾ ਲਗਾਤਾਰ ਉਨ੍ਹਾਂ ਦੇ ਬੁੱਲਾਂ ਉੱਤੇ ਹੋਵੇਗੀ।

ਨਵੀਂ ਸਰਿਸ਼ਟ ਦਾ ਪਰਮੇਸ਼ੁਰ ਨਾਲ ਡੂੰਘਾ ਤੇ ਨਿੱਜੀ ਪਿਆਰ ਵਾਲਾ ਸੰਬੰਧ ਹੋਵੇਗਾ

**ਜ਼ਬੂਰਾਂ 42:1, 2 – "ਜਿਵੇਂ ਹਰਨੀ ਪਾਣੀ ਦੀਆਂ ਨਦੀਆਂ ਦੇ ਲਈ ਤਰਸਦੀ ਹੈ। ਤਿਵੇਂ ਹੀ ਮੇਰਾ ਜੀ ਹੇ ਪਰਮੇਸ਼ੁਰ, ਤੇਰੇ ਲਈ ਤਰਸਦਾ ਹੈ। ਮੇਰਾ ਜੀ ਪਰਮੇਸ਼ੁਰ ਦੇ ਲਈ, ਜੀਉਂਦੇ ਪਰਮੇਸ਼ੁਰ ਦੇ ਲਈ ਤਿਹਾਇਆ ਹੈ। ਮੈਂ ਕਦੋਂ ਜਾਵਾਂ ਅਤੇ ਪਰਮੇਸ਼ੁਰ ਦੇ ਸਨਮੁਖ ਹਾਜ਼ਰ ਹੋਵਾਂ।**

ਨਵੀ ਸਰਿਸ਼ਟ, ਮਸੀਹ ਦੇ ਅਗਾਪੇ ਪਿਆਰ ਵਿੱਚ ਆਪਣੇ ਸਹਿਯੋਗੀ ਵਿਸ਼ਵਾਸੀਆਂ ਵੱਲ, ਆਪਣੇ ਵੈਰੀਆਂ, ਅਤੇ ਖ਼ੁਦ ਪਰਮੇਸ਼ੁਰ ਵੱਲ ਚੱਲੋਗੇ।

## ਉਸਦੀ ਦਯਾ ਤੇ ਕ੍ਰਿਪਾ ਵਿੱਚ ਸਾਂਝੀ ਹੋਣਾ

### ਪ੍ਰਭੂ ਭਲਾ ਹੈ

ਪ੍ਰਭੂ ਆਪਣੇ ਸਾਰੇ ਸੁਭਾਉ ਵਿੱਚ ਭਲਾ ਹੈ।

**ਜ਼ਬੂਰਾਂ 52:1 ਅ ਪਰਮੇਸ਼ੁਰ ਦੀ ਦਯਾ ਨਿੱਤ ਰਹਿੰਦੀ ਹੈ।**

ਪ੍ਰਭੂ ਦੀ ਦਯਾ ਇੱਕ ਪੂਰੀ ਸੰਪੂਰਨਤਾ ਹੈ। ਉਸਦੀ ਦਯਾ ਉਸਦੀ ਸਾਰੀ ਸਰਿਸ਼ਟ ਉੱਤੇ ਉਸ ਦੀ ਕਿਰਪਾ ਤੇ ਦਯਾ ਨਾਲ ਪ੍ਰਗਟ ਹੁੰਦੀ ਹੈ।

### ਪ੍ਰਭੂ ਦੀ ਕ੍ਰਿਪਾ ਅਤੇ ਦਯਾ

ਪ੍ਰਭੂ ਦੀ ਕਿਰਪਾ ਪਾਪੀ ਮਨੁੱਖ ਲਈ ਉਦੋਂ ਤੇ ਪੂਰੀ ਹੁੰਦੀ ਦਿਖਾਈ ਦਿੱਤੀ ਜਦੋਂ ਉਸਨੇ ਸਪੱਸ਼ਟ ਸਾਡੇ ਸਥਾਨ ਤੇ ਆਪਣੇ ਪੁੱਤਰ ਨੂੰ ਮਰਨ ਲਈ ਦੇ ਦਿੱਤਾ। ਕ੍ਰਿਪਾ ਦੀ ਪਰਿਭਾਸ਼ਾ ਵਿੱਚੋਂ ਇੱਕ ਹੈ :–

* *ਸ਼ਰਾ ਤੋੜਨ ਵਾਲੇ ਉੱਤੇ ਦੰਡ ਦੀ ਸਜ਼ਾ ਦੇਣ ਲਈ ਪਰਹੇਜ਼।*

ਪ੍ਰਭੂ ਦੀ ਕਿਰਪਾ ਜੋ ਕਿ ਸਾਡੀਆਂ ਜ਼ਰੂਰਤਾਂ ਦੇ ਬਦਲੇ ਪਰਮੇਸ਼ੁਰ ਦੀ ਭਲਾਈ ਦੀ ਵਰਤੋਂ ਕਰਨਾ ਹੈ।

**ਅਫ਼ਸੀਆਂ 2:4 ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।**

ਪਰਮੇਸ਼ੁਰ ਜੋ ਦਿਆਲਗੀ ਦਾ ਪਿਤਾ ਕਹਾਉਦਾ ਹੈ।

**2 ਕੁਰਿੰਥੀਆਂ 1:3 ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹੜਾ ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ੁਰ ਹੈ।**

*ਦਯਾ ਰਾਹੀਂ ਬਚਾਏ ਗਏ*

ਦਯਾ ਦਾ ਪਰਿਭਾਸ਼ਾ :

** ਮਨੁੱਖਤਾ ਵੱਲ ਪਰਮੇਸ਼ੁਰ ਦੀ ਕਿਰਪਾ*

ਇਹ ਇੱਕ ਹੋਰ ਉਸਦੇ ਮਹਾਨ ਪਿਆਰ ਦਾ ਪ੍ਰਗਟੀਕਰਨ ਹੈ।

**ਅਫ਼ਸੀਆਂ 2:5, 8 ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)"**

**"ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ"।**

*ਕਿਰਪਾ ਦਾ ਸਿੰਘਾਸਣ*

ਹੁਣ, ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਕਿਰਪਾ ਦੇ ਸਿੰਘਾਸਣ ਕੋਲ ਦਲੇਰੀ ਨਾਲ ਆ
ਸਕਦੇ ਹਾਂ।

**ਇਬਰਾਨੀਆਂ 4:16 ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।**

## ਉਸਦੀ ਮਾਫ਼ੀ ਵਿੱਚ ਸਾਂਝੀ ਹੋਣਾ

### ਪਰਮੇਸ਼ੁਰ ਮਾਫ਼ ਕਰਦਾ ਹੈ

ਪਰਮੇਸ਼ੁਰ ਦੀ ਦਯਾ ਤੇ ਕਿਰਪਾ ਦਾ ਮਹਾਨ ਪ੍ਰਗਟੀਕਰਨ ਉਸ ਦੀ ਮਾਫ਼ੀ ਵਿੱਚ ਮਿਲਦਾ ਹੈ। ਉਸਦੀ ਮਾਫ਼ੀ ਹਰੇਕ ਪਾਪੀ ਲਈ ਫੈਲੀ ਹੋਈ ਹੈ ਜਦੋਂ ਉਹ ਯਿਸੂ ਨੂੰ ਆਪਣਾ ਨਿੱਜੀ ਮੁਕਤੀਦਾਤਾ ਤੇ ਆਪਣਾ ਨਿੱਜੀ ਪ੍ਰਤੀਨਿਧੀ ਮੰਨਦੇ ਹਨ।

**ਅਫ਼ਸੀਆਂ 1:7 ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ।**

ਉਸਦੀ ਮਾਫ਼ੀ ਵਿਸ਼ਵਾਸੀ ਲਈ ਫੈਲਾਈ ਗਈ ਹੈ ਜਦੋਂ ਉਹ ਆਪਣੇ ਪਾਪ ਦਾ ਇਕਰਾਰ ਕਰਦੇ ਹਨ।

**1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁਧ ਕਰੋ।**

ਨਵੇਂ ਨਿਯਮ ਵਿੱਚ, ਮਾਫੀ ਤੋਂ ਭਾਵ ਹੈ :

** ਉਸ ਪਾਸੋਂ ਭੇਜਣਾ*

** ਕਰਜ਼ਾ ਜਾਂ ਪਾਪ ਨੂੰ ਖਿਮਾ ਕਰਕੇ ਪੂਰੀ ਤਰ੍ਹਾਂ ਰੱਦ ਕਰਨਾ*

** ਬਿਨ੍ਹਾਂ ਸ਼ਰਤ ਕਿਰਪਾ ਪ੍ਰਦਾਨ ਕਰਨਾ, ਬਿਨ੍ਹਾਂ ਹਾਨੀ ਮੁਕਤ ਕਰਨਾ, ਜਾਂ ਪਾਪ ਨੂੰ ਬਰਖਾਸਤ ਕਰਨਾ ਜਾਂ ਬਿਨ੍ਹਾਂ ਅਧਿਕਾਰ ਕਬਜ਼ਾ ਕਰਨਾ।*

ਪ੍ਰਭੂ ਮਾਫ਼ ਕਰਦਾ ਅਤੇ ਉਹ ਭੁੱਲ ਜਾਂਦਾ ਹੈ। ਉਸਦੀ ਮਾਫੀ ਯਿਸੂ ਦੇ ਮੁਕਤੀ ਵਾਲੇ ਕੰਮ ਉੱਤੇ ਅਧਾਰਿਤ ਹੈ। ਜਿਸਨੇ ਸਿਰਫ਼ ਸਾਡੇ ਪਾਪਾਂ ਦਾ ਕਰਜ਼ਾ ਹੀ ਨਹੀਂ ਦਿੱਤਾ ਪਰੰਤੂ ਧਰਤੀ ਦੇ ਤਲ ਤੱਕ ਸਾਡੇ ਪਾਪਾਂ ਨੂੰ ਚੁੱਕ ਲਿਆ ਜੋ ਕਦੇ ਵੀ ਯਾਦ ਨਹੀਂ ਕਰਦਾ ਜਾਂ ਫਿਰ ਤੋਂ ਸਾਡੇ ਵਿਰੁੱਧ ਨਹੀਂ ਰੱਖਦਾ ਹੈ।

**ਇਬਰਾਨੀਆਂ 8:12 ਮੈਂ ਤਾਂ ਓਹਨਾਂ ਦੇ ਕੁਧਰਮਾਂ ਉੱਤੇ ਤਰਸਵਾਨ ਹੋਵਾਂਗਾ। ਅਤੇ ਓਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।**

**ਸਾਨੂੰ ਵੀ ਮਾਫ਼ ਕਰਨਾ ਚਾਹੀਦਾ ਹੈ**

ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਹੁੰਦੇ ਹੋਏ ਅਸੀਂ ਨਵੀਂ ਸਰਿਸ਼ਟ ਵਿਅਕਤੀ ਦੀ ਤਰ੍ਹਾਂ ਦੂਜਿਆਂ ਦੇ ਪ੍ਰਤੀ ਪਰਮੇਸ਼ੁਰ ਦੀ ਦਯਾ ਤੇ ਕਿਰਪਾ ਵਿੱਚ ਹੋ ਕੇ ਚੱਲਾਂਗੇ। ਅਸੀਂ ਮਾਫ਼ ਕਰਾਂਗੇ ਜਿਵੇਂ ਪਰਮੇਸ਼ੁਰ ਮਾਫ਼ ਕਰਦਾ ਹੈ।

**ਅਫ਼ਸੀਆਂ 4:32 ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ।**

***ਲਗਾਤਾਰ ਮਾਫ਼ ਕਰਦੇ ਰਹੋ***

ਜੇਕਰ ਇੱਕ ਵਿਅਕਤੀ ਲਗਾਤਾਰ ਸਾਡੇ ਵਿਰੁੱਧ ਪਾਪ ਹੀ ਕਰਦਾ ਰਹਿੰਦਾ ਹੈ ਤਾਂ ਸਾਨੂੰ ਲਗਾਤਾਰ ਮਾਫ਼ ਕਰਦੇ ਰਹਿਣਾ ਹੈ।

***ਮੱਤੀ 18:21, 22 "ਤਦ ਪਤਰਸ ਨੇ ਕੋਲ ਆਣ ਕੇ ਉਹਨੂੰ ਆਖਿਆ, ਪ੍ਰਭੂ ਜੀ, ਮੇਰਾ ਭਾਈ ਕਿੰਨੀ ਵਾਰੀ ਮੇਰਾ ਪਾਪ ਕਰੇ ਅਤੇ ਮੈਂ ਉਹਨੂੰ ਮਾਫ਼ ਕਰਾਂ? ਕੀ ਸੱਤ ਵਾਰ ਤੀਕਰ?"***

***ਯਿਸੂ ਨੇ ਉਹ ਨੂੰ ਕਿਹਾ, "ਮੈਂ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ ਅਰ ਸੱਤਰ ਦੇ ਸੱਤ ਗੁਣਾ ਤੀਕਰ।"***

ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਮਾਫ਼ ਕਰਨਾ ਹੈ ਕਿਉਂਕਿ ਅਸੀਂ ਪਰਮੇਸ਼ੁਰ ਦੇ ਸੁਭਾਓ ਦੇ ਸਾਂਝੀਦਾਰ ਹਾਂ ਅਸੀਂ ਪੱਕਾ ਮਾਫ਼ ਕਰਨਾ ਜਾਂ ਕਰ ਸਕਦੇ ਹਾਂ ਕਿਉਂਕਿ ਯਿਸੂ ਨੇ ਮਾਫ਼ ਕੀਤਾ।

***ਮਾਫ਼ ਕਰਨਾ ਚੁਣਨਾ***

ਮਾਫ਼ੀ ਇੱਕ ਫੈਸਲਾ ਹੈ। ਇਹ ਪਰਮੇਸ਼ੁਰ ਦੀ ਆਗਿਆਕਾਰੀ ਦੀ ਕ੍ਰਿਆ ਹੈ। ਅਸੀਂ ਮਾਫ਼ ਕਰਨ ਲਈ ਇੰਤਜਾਰ ਨਹੀਂ ਕਰਨਾ ਜਦੋਂ ਤੱਕ ਇਹ ਨੂੰ ਮਹਿਸੂਸ ਨਾ ਕਰੀਏ। ਸਾਨੂੰ ਪਰਮੇਸ਼ੁਰ ਦੀ ਆਗਿਆ ਮੰਨਣੀ ਤੇ ਮਾਫ ਕਰਨ ਦਾ ਫੈਸਲਾ ਕਰਨਾ ਹੈ ਕਿਉਂਕਿ ਪ੍ਰਭੂ ਨੇ ਆਪਣੀ ਦਯਾ ਤੇ ਕ੍ਰਿਪਾ ਰਾਹੀਂ ਸਾਨੂੰ ਮਾਫ਼ ਕੀਤਾ ਹੈ।

ਯਿਸੂ ਆਪਣੇ ਵੈਰੀਆਂ ਦੀ ਮੌਜੂਦਗੀ ਵਿੱਚ ਸਲੀਬ ਤੇ ਲਟਕਾਇਆ ਗਿਆ। ਉਨ੍ਹਾਂ ਨੇ ਉਸ ਤੇ ਥੁੱਕਿਆ, ਮਖੌਲ ਉਡਾਇਆ, ਉਸ ਪ੍ਰਤੀ ਝੂਠ ਬੋਲਿਆ, ਸਿਰ ਉੱਤੇ ਕੰਢਿਆਂ ਦਾ ਤਾਜ ਪਾਇਆ ਅਤੇ ਇੱਥੋਂ ਤੱਕ ਉਸਨੂੰ ਸਲੀਬ ਤੇ ਚੜ੍ਹਾ ਦਿੱਤਾ ਪਰ ਅਜੇ ਵੀ ਸਲੀਬ ਉੱਤੇ ਲਟਕਦੇ ਹੋਏ ਉਸਨੇ ਉਨ੍ਹਾਂ ਨੂੰ ਮਾਫ਼ ਕੀਤਾ।

**ਲੂਕਾ 23:34 ੳ ਤਦ ਯਿਸੂ ਨੇ ਆਖਿਆ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਦਿਉ ਜੋ ਉਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"**

ਯਿਸੂ ਸਾਡੀ ਉਦਾਹਰਨ ਹੈ। ਕਿਉਂਕਿ ਉਸਨੇ ਮਾਫ਼ ਕੀਤਾ ਅਤੇ ਉਹ ਸਾਡੇ ਵਿੱਚ ਹੈ ਤਾਂ ਅਸੀਂ ਵੀ ਮਾਫ਼ ਕਰ ਸਕਦੇ ਹਾਂ।

**ਮਾਫ਼ ਕਰਨ ਲਈ ਮਾਫ਼ ਕੀਤੇ ਗਏ**

ਉਸੇ ਤਰ੍ਹਾਂ ਯਿਸੂ ਨੇ ਕਿਹਾ,

**ਮਰਕੁਸ 11:25 ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ ਤਾਂ ਉਹ ਨੂੰ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ।**

ਮਸੀਹ ਵਿੱਚ ਨਵੀਂ ਸਰਿਸ਼ਟ, ਪਰਮੇਸ਼ੁਰ ਦੇ ਈਸ਼ਵਰੀ ਪਿਆਰ ਵਾਲੇ ਸੁਭਾਉ, ਕਿਰਪਾ ਤੇ ਦਯਾ ਨੂੰ ਪਾ ਕੇ ਅਸੀਂ ਵੀ ਉਨ੍ਹਾਂ ਸਾਰਿਆਂ ਨੂੰ ਮਾਫ਼ ਕਰਨ ਦੇ ਯੋਗ ਹਾਂ ਜਿਨ੍ਹਾਂ ਸਾਡੇ ਜਾਂ ਸਾਡੇ ਕਿਸੇ ਪਿਆਰੇ ਵਿਰੁੱਧ ਪਾਪ ਕੀਤਾ ਹੈ। ਅਸੀਂ ਮਾਫ਼ ਕਰਨ ਲਈ ਆਗਿਆ ਦਿੱਤੇ ਗਏ ਹਾਂ ਤਾਂ ਜੋ ਅਸੀਂ ਮਾਫ ਕੀਤੇ ਜਾ ਸਕੀਏ।

ਸਿੱਟਾ

ਨਵੀਂ ਸਰਿਸਟ ਹੁੰਦੇ ਹੋਏ, ਸਾਡੇ ਕੋਲ ਆਪਣੀ ਆਤਮਾ ਵਿੱਚ ਪਰਮੇਸ਼ੁਰ ਦਾ ਜੀਵਨ ਤੇ ਸੁਭਾਉ ਹੈ। ਸਾਡੀਆਂ ਜਾਨਾਂ ਤੇ ਸਰੀਰ ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਵਿੱਚ ਸਾਂਝੀਦਾਰ ਬਣ ਜਾਂਦੇ ਹਨ ਜਦੋਂ ਅਸੀਂ ਉਸਦੇ ਪੁੱਤਰ ਦੀ ਸ਼ਕਲ ਵਿੱਚ ਬਦਲਦੇ ਜਾਵਾਂਗੇ।

ਸਾਡਾ ਹਿੱਸਾ ਇੰਨਾ ਕਿ ਆਪਣੇ ਸਰੀਰਾਂ ਨੂੰ ਪਰਮੇਸ਼ੁਰ ਅੱਗੇ ਜੀਉਂਦਾ ਬਲੀਦਾਨ ਦੇ ਰੂਪ ਵਿੱਚ ਸਮਰਪਿਤ ਕਰਨਾ, ਪਰਮੇਸ਼ੁਰ ਦੇ ਵਚਨ ਵਿੱਚ ਸਮਾਂ ਗੁਜਾਰਨਾ ਅਤੇ ਉਸਦੇ ਅਧਿਆਪਕਾਂ (ਸੇਵਕਾਂ) ਦੀ ਸੁਣਨਾ ਤਾਂ ੋ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਨਾਲ ਸਾਡੀਆਂ ਜਾਨਾਂ ਬਦਲਦੀਆਂ ਜਾਣ।

ਅਸੀਂ ਪਰਮੇਸ਼ੁਰ ਦੀ ਧਾਰਮਿਕਤਾ, ਪਵਿੱਤਰਤਾਈ, ਪਿਆਰ ਅਤੇ ਭਲਾਈ ਵਿੱਚ ਸਾਂਝੀਦਾਰ ਬਣਨਾ ਹੈ। ਅਸੀਂ ਉਸਦੀ ਕ੍ਰਿਪਾ ਤੇ ਦਯਾ ਵਿੱਚ ਉਦੋਂ ਤੱਕ ਸਾਂਝੀ ਕਿਰਪਾ ਬਣਨਾ ਹੈ ਜਦ ਤੱਕ ਅਸੀਂ ਉਸਦੇ ਸਮਾਨ ਦੂਜਿਆਂ ਨੂੰ ਮਾਫ਼ ਕਰਨ ਵਾਲੇ ਨਹੀਂ ਬਣ ਜਾਂਦੇ ਹਾਂ।

ਨਵੀਂ ਸਰਿਸ਼ਟ ਹੁੰਦੇ ਹੋਏ, ਸਾਡੀ ਆਤਮਾ ਪਰਮੇਸ਼ੁਰ ਦੇ ਈਸ਼ਵਰੀ ਸਭਾਉ ਨੂੰ ਪ੍ਰਦਾਨ ਕਰਨ ਤੋਂ ਪ੍ਰਾਪਤ ਕਰਦਾ ਹੈ। ਸਾਡੀਆਂ ਜਾਨਾਂ ਅਤੇ ਸਰੀਰ ਆਪਣੇ ਜੀਵਨਾਂ ਵਿੱਚ ਪਰਿਵਰਤਨ ਕਰਨ ਵਾਲੀ ਪਰਮੇਸ਼ੁਰ ਦੇ ਵਚਨ ਦੀ ਸ਼ਕਤੀ ਰਾਹੀਂ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਜਾਂਦੇ ਹਨ।

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਉਸ ਤਰੀਕੇ ਦਾ ਵਰਣਨ ਕਰੋ ਜਿਸ ਨਾਲ ਅਸੀਂ ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਸਕਦੇ ਹਾਂ?
2. ਜਿਵੇਂ ਕਿ ਤੁਸੀਂ ਪਰਮੇਸ਼ੁਰ ਦੇ ਈਸ਼ਵਰੀ ਸੁਭਾਉ ਦੇ ਸਾਂਝੀਦਾਰ ਬਣ ਜਾਂਦੇ ਹੋ ਤਾਂ ਕਿਹੜੇ ਬਦਲਾਵ ਤੁਸੀਂ ਆਪ ਵਤੀਰੇ, ਸੰਬੰਧ ਤੇ ਦੂਜਿਆਂ ਪ੍ਰਤੀ ਕ੍ਰਿਆ ਹੋਣਾ ਚਾਹੁੰਦੇ ਹੋ?
3. ਕਿਉਂ ਇਹ ਜਰੂਰੀ ਹੈ ਕਿ ਅਸੀਂ ਉਨ੍ਹਾਂ ਸਾਰਿਆਂ ਨੂੰ ਮਾਫ਼ ਕਰੀਏ ਜਿਨ੍ਹਾਂ ਨੇ ਸਾਡੇ ਵਿਰੁੱਧ ਪਾਪ ਕੀਤਾ।

**ਅਧਿਆਏ ਦਸ**

# ਪਰਮੇਸ਼ੁਰ ਦੇ ਵਚਨ ਅਤੇ ਨਵੀ ਸਰਿਸ਼ਟ

## ਪਰਮੇਸ਼ੁਰ ਦਾ ਵਚਨ

### ਭੂਮਿਕਾ

ਨਵੀਂ ਸਰਿਸ਼ਟ ਦਾ ਪ੍ਰਕਾਸ਼ ਪਰਮੇਸ਼ੁਰ ਦੇ ਵਚਨ ਵਿੱਚ ਪਾਇਆ ਜਾਂਦਾ ਹੈ। ਉਸ ਦਾ ਵਚਨ ਯਿਸੂ ਨੂੰ ਤੇ ਉਸ ਵਿੱਚ ਸਾਡੀ ਪਦਵੀ ਨੂੰ ਪ੍ਰਗਟ ਕਰਦਾ ਹੈ। ਸਾਡੀਆਂ ਜਾਨਾਂ ਤੇ ਸਰੀਰਾਂ ਦਾ ਬਦਲਨਾ ਸਿਰਫ਼ ਸਾਡੇ ਮਨ ਦੇ ਬਦਲ ਜਾਣ ਤੋਂ ਹੁੰਦਾ ਹੈ ਜੋ ਪਰਮੇਸ਼ੁਰ ਦੇ ਵਚਨ ਦੀ ਸ਼ਕਤੀ ਨਾਲ ਹੈ।

ਇਹ ਬਦਲਣ ਦੀ ਵਿਧੀ ਉਦੋਂ ਹੁੰਦੀ ਹੈ ਜਦੋਂ ਅਸੀਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਦੇ, ਤੇ ਆਪਣੇ ਆਪ ਨੂੰ ਜਿਵੇਂ ਪ੍ਰਭੂ ਦੇਖਦਾ ਹੈ ਉਸੇ ਤਰ੍ਹਾਂ ਖਿਆਲਾਂ ਵਿੱਚ ਨਜ਼ਾਰਾ ਦੇਖਦੇ ਹਾਂ। ਜਿਵੇਂ ਕਿ ਅਸੀਂ ਜਦੋਂ ਆਪਣੇ ਆਪ ਉੱਤੇ ਬਾਰ-ਬਾਰ ਪਰਮੇਸ਼ੁਰ ਦੇ ਵਚਨ ਦੀ ਘੋਸ਼ਣਾ ਕਰਦੇ ਹਾਂ। ਸਾਡੇ ਖਿਆਲ ਪ੍ਰਭੂ ਦੀ ਸ਼ਕਲ ਦਾ ਆਕਾਰ ਬਣਾਉਣਾ ਸ਼ੁਰੂ ਕਰਦੇ ਹਨ। ਸਾਡੀ ਨਿਹਚਾ ਮੁਕਤ ਹੋ ਜਾਵੇਗੀ ਅਤੇ ਅਸੀਂ ਆਪਣੇ ਆਪ ਦੀ ਹੋਂਦ, ਕਾਰਨਾਮੇ, ਸੱਭੋ ਕੁਝ ਪਾਉਂਦੇ ਹੋਏ ਦੇਖਣਾ ਸ਼ੁਰੂ ਕਰ ਦੇਵਾਂਗੇ ਜੋ ਪ੍ਰਭੂ ਨੇ ਸਾਡੇ ਬਾਰੇ ਉਸਦੇ ਪੁੱਤਰ ਵਿੱਚ ਨਵੀਂ ਸਰਿਸ਼ਟ ਹੁੰਦੇ ਹੋਏ ਕਿਹਾ ਹੈ।

### ਯਿਸੂ, ਜੀਉਂਦਾ ਵਚਨ

ਯਿਸੂ ਅਤੇ ਵਚਨ ਇੱਕ ਹੈ, ਉਸਦੇ ਵਚਨ ਨੂੰ ਜਾਣਨਾ, ਕਿ ਯਿਸੂ ਨੂੰ ਜਾਣਨ ਤੋਂ ਹੈ।

**ਯੂਹੰਨਾ 1:1, 14 ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ।**

ਯਿਸੂ ਪਰਮੇਸ਼ੁਰ ਦਾ ਵਚਨ ਹੈ, ਅਤੇ ਵਚਨ ਯਿਸੂ ਦਾ ਪ੍ਰਕਾਸ਼ ਹੈ। ਯਿਸੂ ਬਾਈਬਲ ਦੀ ਹਰੇਕ ਕਿਤਾਬ ਵਿੱਚ ਪ੍ਰਗਟ ਕੀਤਾ ਗਿਆ ਹੈ। ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨਾ, ਯਿਸੂ ਨਾਲ ਮੁਲਾਕਾਤ ਕਰਨ ਵਰਗਾ ਹੈ।

ਜਦੋਂ ਯਿਸੂ ਸਾਡੇ ਉੱਤੇ ਪ੍ਰਗਟ ਕੀਤਾ ਗਿਆ ਤਾਂ ਅਸੀਂ ਉਸਦੇ ਸਮਾਨ ਹੋਵਾਂਗੇ।

**1 ਯੂਹੰਨਾ 3:2 ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ। ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ।**

ਇਹ ਪਰਮੇਸ਼ੁਰ ਦੇ ਵਚਨ ਦੀ ਸਮਝ ਰਾਹੀਂ ਹੀ ਨਵੀਂ ਸਰਿਸ਼ਟ ਦੇ ਜੀਵਨ ਪਰਿਵਰਤਨ ਦੇ ਪ੍ਰਕਾਸ਼ ਦੀ ਭਾਲ ਕੀਤੀ ਹੈ।

**ਪ੍ਰੇਰਨਾ ਦੁਆਰਾ ਦਿੱਤਾ ਗਿਆ**

ਬਾਈਬਲ ਦਾ ਨਿਰਮਾਤਾ ਪਰਮੇਸ਼ੁਰ ਹੈ। ਇਹ ਸਿਰਫ ਕਿਤਾਬਾਂ ਦਾ ਸਮੂਹ ਹੀ ਨਹੀਂ ਜੋ ਕਈ ਸਾਲਾਂ ਤੋਂ ਕਈ ਆਦਮੀਆਂ ਦੁਆਰਾ ਲਿਖਿਆ ਗਿਆ। ਇਹ ਪ੍ਰਭੂ ਦਾ ਸਾਹ ਅਤੇ ਪਰਮੇਸ਼ੁਰ ਦੀ ਪ੍ਰੇਰਣਾ ਹੈ।

**2 ਤਿਮੋਥਿਉਸ 3:16–17 ਸਾਰੀ ਲਿਖਤ ਪਰਮੇਸ਼ੁਰ ਦੀ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।**

"ਪਰਮੇਸ਼ੁਰ ਦੀ ਪ੍ਰੇਰਨਾ" ਦਾ ਮੂਲ ਸ਼ਬਦ ਦਾ ਅਨੁਵਾਦ ਤੋਂ ਭਾਵ ਹੈ ਕਿ "ਪਰਮੇਸ਼ੁਰ ਦਾ ਸਾਹ"।

ਜਦੋਂ ਪਰਮੇਸ਼ੁਰ ਨੇ ਆਪਣੇ ਸਾਹ ਨੂੰ ਆਦਮ ਵਿੱਚ ਪਾਇਆ ਤਾਂ ਆਦਮ ਜੀਉਂਦੀ ਜਾਨ ਬਣ ਗਿਆ। ਆਦਮ ਦੇ ਅੰਦਰ ਪਰਮੇਸ਼ੁਰ ਦਾ ਜੀਵਨ ਪਾਇਆ ਜਾਂਦਾ ਸੀ।

ਉਸੇ ਹੀ ਤਰ੍ਹਾਂ ਪਰਮੇਸ਼ੁਰ ਨੇ ਆਪਣੇ ਜੀਵਨ ਨੂੰ ਵਚਨ ਵਿੱਚ ਪਾਇਆ ਹੈ। ਪਰਮੇਸ਼ੁਰ ਦਾ ਵਚਨ ਸੰਪੂਰਨ ਤੇ ਯੋਗ ਹੈ ਕਿਉਂਕਿ ਇਹ ਪਵਿੱਤਰ ਆਤਮਾ ਦੀ ਪ੍ਰੇਰਣਾ ਰਾਹੀਂ ਹੈ।

**2 ਪਤਰਸ 1:20, 21 ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਧਰਮ ਪੁਸਤਕ ਦੇ ਕਿਸੇ ਆਗੰਮ ਵਾਕ ਦਾ ਅਰਥ ਆਪਣੇ ਜਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਿਆ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਾਸਣ ਨਾਲ ਪਰਮੇਸ਼ੁਰ ਦੀ ਵੱਲੋਂ ਬੋਲਦੇ ਸਨ।**

**ਜੀਉਂਦਾ ਤੇ ਸ਼ਕਤੀਸ਼ਾਲੀ**

ਪਰਮੇਸ਼ੁਰ ਦਾ ਵਚਨ, ਪਰਮੇਸ਼ੁਰ ਦੇ ਜੀਵਨ ਨਾਲ ਜੀਉਂਦਾ ਹੈ। ਪਰਮੇਸ਼ੁਰ ਦਾ ਵਚਨ, ਪਰਮੇਸ਼ੁਰ ਦੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਸਾਡੇ ਜੀਵਨ ਨੂੰ ਬਦਲਣ ਲਈ ਡਾਢਾ ਤਕੜਾ ਹੈ।

**ਇਬਰਾਨੀਆਂ 4:12 ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।**

**ਪਰਮੇਸ਼ੁਰ ਦਾ ਜੀਵਨ ਸ਼ਾਮਲ ਹੋਣਾ**

ਪਰਮੇਸ਼ੁਰ ਦਾ ਜੀਵਨ, ਜੋ ਪ੍ਰਭੂ ਦੇ ਵਚਨ ਵਿੱਚ ਪਾਇਆ ਜਾਂਦਾ ਹੈ, ਉਹ ਅਜੇ ਵੀ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਜੀਉਂਦਾ ਅਤੇ ਉਨ੍ਹਾਂ ਹੀ ਸ਼ਕਤੀਸ਼ਾਲੀ ਹੈ ਜਿੰਨਾ ਕਿ ਜਿਸ ਦਿਨ ਲਿਖਿਆ ਗਿਆ ਸੀ। ਪਰਮੇਸ਼ੁਰ ਦਾ ਜੀਵਨ, ਜੋ ਉਸਦੇ ਵਚਨ ਵਿੱਚ ਪਾਇਆ ਜਾਂਦਾ ਹੈ, ਇਹ ਉਨ੍ਹਾਂ ਦੇ ਜੀਵਨਾਂ ਵਿੱਚ ਪਾਇਆ ਜਾਂਦਾ ਹੈ, ਇਹ

ਉਨ੍ਹਾਂ ਦੇ ਜੀਵਨਾਂ ਵਿੱਚ ਲਗਾਤਾਰ ਵਹਿੰਦਾ ਹੈ ਜੋ ਉਸ ਨਾਲ ਸਮਾਂ ਬਿਤਾਉਂਦੇ ਹਨ।

**ਕਹਾਉਤਾਂ 4:20–22 ਹੇ ਮੇਰੇ ਪੁੱਤ੍ਰ, ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ, ਅਤੇ ਮੇਰੇ ਵਾਕਾਂ ਉੱਤੇ ਕੰਨ ਲਾ। ਓਹਨਾਂ ਨੂੰ ਆਪਣੀਆਂ ਅੱਖੀਆਂ ਤੋਂ ਪਰੋਖੇ ਨਾ ਹੋਣ ਦੇਹ, ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ। ਜਿਨ੍ਹਾਂ ਨੂੰ ਉਹ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦੇ ਲਈ ਜੀਉਣ ਹਨ, ਤੇ ਉਨ੍ਹਾਂ ਦੇ ਸਰੀਰ ਦੇ ਲਈ ਤੰਦਰੁਸਤੀ।**

**ਵਚਨ ਨਾਲ ਜੀਉਣਾ**

ਨਵੀਂ ਸਰਿਸ਼ਟ ਪਰਮੇਸ਼ੁਰ ਦੇ ਵਚਨ ਨਾਲ ਜੀਉਂਦੀ ਰਹਿੰਦੀ ਹੈ।

**ਮੱਤੀ 4:4 ਪਰ ਉਹ ਨੇ ਉੱਤਰ ਦਿੱਤਾ, ਲਿਖਿਆ ਹੈ, ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁਖੋਂ ਨਿਕਲਦਾ ਹੈ"।**

ਨਵੀਂ ਸਰਿਸਟ ਨੂੰ ਪਰਮੇਸ਼ੁਰ ਦੇ ਵਚਨ ਵਿੱਚ ਜੀਉਣਾ, ਦਿਨ ਰਾਤ ਉਸ ਵਿੱਚ ਬਣੇ ਰਹਿਣਾ ਹੈ।

**ਯਹੋਸ਼ੁਆ 1:8 ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇ ਤਾਂ ਤੂੰ ਆਪਣੇ ਮਾਰਗ ਨੂੰ ਸਫ਼ਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

**ਵਚਨ ਪਰਬਲ ਹੋਣਾ**

ਜਿਵੇਂ ਕਿ ਅਸੀਂ ਇਸ ਨੂੰ ਪੜ੍ਹਦੇ, ਅਧਿਐਨ, ਵਿਸ਼ਵਾਸ, ਇਕਰਾਰ ਅਤੇ ਜੀਉਂਦੇ ਵਚਨ ਉੱਤੇ ਕ੍ਰਿਆ ਕਰਦੇ ਹਾਂ ਤਾਂ ਇਹ ਪਰਬਲ ਹੋਵੇਗਾ ਜਿਵੇਂ ਅਫ਼ਸੁਸ ਦੇ ਸ਼ਹਿਰ ਵਿੱਚ ਇਸਨੇ ਕੀਤਾ।

ਪੌਲੁਸ ਤਰਸੁਸ ਦੀ ਪਾਠਸ਼ਾਲਾ ਵਿੱਚ ਰੋਜ਼ ਵਚਨ ਸੁਣਾਉਂਦਾ ਸੀ।

**ਰਸੂਲਾਂ 19:10–12 ਇਹ ਦੋ ਵਰਿਹਾਂ ਤੀਕ ਹੁੰਦਾ ਰਿਹਾ ਐਥੋਂ ਤੋੜੀ ਜੋ ਅਸਿਯਾ ਦੇ ਵਾਸੀ ਕੀ ਯਹੂਦੀ ਕੀ ਯੂਨਾਨੀ ਸਭਨਾਂ ਨੇ ਪ੍ਰਭੂ ਦਾ ਬਚਨ ਸੁਣਿਆ। ਪਰਮੇਸ਼ੁਰ ਪੌਲੁਸ ਦੇ ਹੱਥੋਂ ਅਨੋਖੀਆਂ ਕਰਾਮਾਤਾਂ ਵਿਖਾਲਦਾ ਸੀ।**

**ਐਥੋਂ ਤੀਕ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੁਆ ਕੇ ਰੋਗੀਆਂ ਉੱਤੇ ਪਾਉਂਦੇ ਸਨ ਅਤੇ ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿਕਲ ਜਾਂਦੇ ਸਨ"।**

ਜਿਵੇਂ-ਜਿਵੇਂ ਪੌਲੁਸ ਨੇ ਲਗਾਤਾਰ ਅਫ਼ਸੁਸ ਵਿੱਚ ਵਚਨ ਦੀ ਸਿੱਖਿਆ ਤੇ ਪ੍ਰਚਾਰ ਕੀਤਾ ਤਾਂ ਅਨੋਖੀਆਂ ਕਰਾਮਾਤਾਂ ਹੋਣੀਆਂ ਸ਼ੁਰੂ ਹੋ ਗਈਆਂ।

**ਰਸੂਲਾਂ 19:17–20 ਇਹ ਗੱਲ ਸਭ ਯਹੂਦੀਆਂ ਅਰ ਯੂਨਾਨੀਆਂ ਉੱਤੇ ਜਿਹੜੇ ਅਫ਼ਸੁਸ ਵਿੱਚ ਰਹਿੰਦੇ ਸਨ ਉਜਾਗਰ ਹੋ ਗਈ ਅਤੇ ਓਹ ਸਭ ਡਰ ਗਏ ਅਤੇ ਪ੍ਰਭੂ ਯਿਸੂ ਦੇ ਨਾਮ ਦੀ ਵਡਿਆਈ ਹੋਈ ਜਿਨ੍ਹਾਂ ਨਿਹਚਾ ਕੀਤੀ**

**ਸੀ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਣ ਕੇ ਆਪਣਿਆਂ ਕੰਮਾਂ ਨੂੰ ਮੰਨ ਲਿਆ ਅਤੇ ਦੱਸ ਦਿੱਤਾ। ਅਰ ਬਹੁਤੇ ਉਨ੍ਹਾਂ ਵਿੱਚੋਂ ਵੀ ਜਿਹੜੇ ਜਾਦੂ ਕਰਦੇ ਸਨ ਆਪਣੀਆਂ ਪੋਥੀਆਂ ਇਕੱਠੀਆਂ ਕਰ ਕੇ ਲਿਆਏ ਅਤੇ ਸਭਨਾਂ ਦੇ ਸਾਹਮਣੇ ਫੂਕ ਸੁੱਟੀਆਂ ਅਤੇ ਜਾਂ ਓਹਨਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪਿਆ ਹੋਇਆ। ਇਸੇ ਤਰ੍ਹਾਂ ਪ੍ਰਭੂ ਦਾ ਬਚਨ ਵਧਿਆ ਅਤੇ ਪਰਬਲ ਹੋਇਆ।"**

ਜੇ ਅਸੀਂ ਪ੍ਰਭੂ ਦੇ ਵਚਨ ਵਿੱਚ ਬਣੇ ਰਹੇ, ਪੜਨਾ, ਤੇ ਰਾਤ ਦਿਨ ਉਸ ਉੱਤੇ ਅਧਿਐਨ ਕਰਨਾ, ਵਿਸ਼ਵਾਸ, ਬੋਲਣਾ, ਤੇ ਦਲੇਰੀ ਨਾਲ ਉਸ ਉੱਤੇ ਕ੍ਰਿਆ ਕਰੀਏ ਤਾਂ ਪਰਮੇਸ਼ੁਰ ਦੇ ਵਚਨ ਦਾ ਪ੍ਰਕਾਸ਼ ਸਾਡੇ ਜੀਵਨਾਂ ਤੇ ਸ਼ਹਿਰ ਵਿੱਚ ਬਹੁਤ ਵਧੇਗਾ ਅਤੇ ਪਰਬਲ ਹੋਵੇਗਾ ਜਿਵੇਂ ਕਿ ਅਫ਼ਸੁਸ ਤੇ ਏਸ਼ੀਆ ਮਹਾਂਦੀਪ ਵਿੱਚ ਹੋਇਆ।

## ਸਾਡੇ ਜੀਵਨਾਂ ਵਿੱਚ ਵਚਨ ਦੀ ਮਹੱਤਤਾ

### ਸਾਡੀ ਆਤਮਾ ਨੂੰ ਭੋਜਨ ਦੇਣਾ

ਪਰਮੇਸ਼ੁਰ ਦਾ ਵਚਨ ਸਾਡੀ ਆਤਮਾ ਵਿੱਚ ਵਿਸ਼ਵਾਸ ਦੇਂਦਾਹੈ ਤੇ ਇਹ ਪਰਮੇਸ਼ੁਰ ਤੇ ਇੱਕ ਦੂਜੇ ਪ੍ਰਤੀ ਸਾਡੇ ਪਿਆਰ ਦੀ ਸਥਾਪਨਾ ਕਰਦਾ ਹੈ। ਪਰਮੇਸ਼ੁਰ ਦਾ ਵਚਨ ਨਵੀਂ ਸ੍ਰਿਸ਼ਟ ਦੇ ਆਤਮਾ ਨੂੰ ਭੋਜਨ ਦਿੰਦਾ ਹੈ ਜੋ ਕਿ ਸਰੀਰ ਨੂੰ ਕੁਦਰਤੀ ਭੋਜਨ ਖਿਲਾਉਣ ਤੋਂ ਵੀ ਜ਼ਿਆਦਾ ਜਰੂਰੀ ਹੈ।

**ਅਯੂੱਬ 23:12 ਉਹ ਦੇ ਬੁੱਲਾਂ ਤੋਂ ਮੈਂ ਨਾ ਹੱਟਿਆ, ਉਹ ਦੇ ਮੂੰਹ ਦਿਆਂ ਵਾਕਾਂ ਦੀ ਮੈਂ ਆਪਣੇ ਜ਼ਰੂਰੀ ਭੋਜਨ ਨਾਲੋਂ ਵਧੀਕ ਕਦਰ ਕੀਤੀ।**

**ਯਿਰਮਿਯਾਹ 15:16 ੳ ਤੇਰੀਆਂ ਗੱਲਾਂ ਮੈਨੂੰ ਲੱਭੀਆਂ ਅਤੇ ਮੈਂ ਉਨ੍ਹਾਂ ਨੂੰ ਖਾ ਲਿਆ। ਤੇਰੀਆਂ ਗੱਲਾਂ ਮੇਰੇ ਲਈ ਖੁਸ਼ੀ ਅਤੇ ਮੇਰੇ ਦਿਲ ਦਾ ਅਨੰਦ ਸਨ।**

**ਮੱਤੀ 4:4 ਪਰ ਉਹਨੇ ਉੱਤਰ ਦਿੱਤਾ, ਲਿਖਿਆ ਹੈ "ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜੀਉਂਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜਾ ਪਰਮੇਸ਼ੁਰ ਦੇ ਮੁਖੋਂ ਨਿਕਲਦਾ ਹੈ।"**

### ਮਨਜੂਰੀ ਪੇਸ਼ ਕਰਨੀ

ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਵਚਨ ਦੀ ਸਿੱਖਿਆ ਤੇ ਉਸਨੂੰ ਜਾਣੀਏ ਜਿਵੇਂ ਪੌਲੁਸ ਨੇ ਤਿਮੋਥਿਉਸ ਨੂੰ ਕਰਨ ਲਈ ਸਿੱਖਿਆ ਦਿੱਤੀ।

**2 ਤਿਮੋਥਿਉਸ 2:15 ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰ ਜਿਹਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ।**

### ਆਪਣੇ ਵਿਸ਼ਵਾਸ ਦਾ ਨਿਰਮਾਣ ਕਰਨਾ

ਵਿਸ਼ਵਾਸ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨ ਤੇ ਸੁਣਨ ਤੋਂ ਆਉਂਦਾ ਹੈ।

**ਰੋਮੀਆਂ 10:17 ਸੋ ਪਰਤੀਤ ਸੁਣਨ ਨਾਲ ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ।**

ਜਦੋਂ ਨਿਹਚਾ ਵਚਨ ਦੇ ਸੁਣਨ ਤੋਂ ਆਉਂਦੀ ਹੈ ਤਾਂ ਉਹ ਨਿਹਚਾ ਬੋਲਣ, ਇਕਰਾਰ ਕਰਨ ਅਤੇ ਸਚਾਈ ਦੇ ਤੌਰ ਤੇ ਪਰਮੇਸ਼ੁਰ ਦੇ ਵਚਨ ਦੀ ਘੋਸ਼ਣਾ ਕਰਨੀ ਸ਼ੁਰੂ ਕਰ ਦਿੰਦੀ ਹੈ।

## ਪਰਮੇਸ਼ੁਰ ਦੇ ਵਚਨ ਉੱਤੇ ਅਧਿਐਨ ਕਰਨਾ

ਇਹ ਜਰੂਰੀ ਹੈ ਕਿ ਪਰਮੇਸ਼ੁਰ ਦੇ ਵਚਨ ਉੱਤੇ ਅਧਿਐਨ ਕਰੀਏ ਨਾ ਕਿ ਆਪਣੀ ਪਿਛੋਕੜ, ਕਮੀਆਂ, ਯੋਗਤਾਵਾਂ ਦੀ ਘਾਟ, ਹਾਲਤਾਂ ਜਾਂ ਸਮੱਸਿਆ ਉੱਤੇ। ਜੇਕਰ ਲਗਾਤਾਰ ਅਸੀਂ ਇਨ੍ਹਾਂ ਨਕਾਰਾਤਮਕ ਚੀਜ਼ਾਂ ਉੱਤੇ ਆਪਣੇ ਵਿਚਾਰ ਕਰਾਂਗੇ ਤਾਂ ਸਾਡਾ ਮਨ ਤਾਜ਼ਾ ਨਹੀਂ ਹੋ ਸਕਦਾ।

**ਫ਼ਿਲਿੱਪੀਆਂ 4:8, 9 ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੋ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ। ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿੱਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀਦਾਤਾ ਪਰਮੇਸ਼ੁਰ ਤੁਹਾਡੇ ਅੰਗ ਸੰਗ ਹੋਵੇਗਾ।**

ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨਾ ਹੀ ਇੱਕ ਅਜਿਹੀ ਕੁੰਜੀ ਹੈ ਜੋ ਸਾਡੇ ਮਨ ਨੂੰ ਤਾਜ਼ਾ ਬਣਾਕੇ ਬਦਲ ਦਿੰਦੀ ਹੈ।

**ਜ਼ਬੂਰਾਂ ਦੀ ਪੋਥੀ 1:1–3 ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ, ਅਤੇ ਦਿਨ ਰਾਤ ਉਸਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

ਨਵੇਂ ਸਰਿਸ਼ਟ ਵਿਅਕਤੀ ਹੁੰਦੇ ਹੋਏ ਰਾਤ ਦਿਨ ਜੋ ਪਰਮੇਸ਼ੁਰ ਦੇ ਵਚਨ ਤੇ ਧਿਆਨ ਕਰਦਾ ਹੈ ਤਾਂ ਉਸਦੇ ਜੀਵਨ ਵਿੱਚ ਬਦਲਾਓ ਆਉਂਦਾ ਹੈ।

ਜਿਹੜਾ ਵਿਅਕਤੀ ਲਗਾਤਾਰ ਉਸਦੇ ਵਚਨ ਉੱਤੇ ਧਿਆਨ ਕਰਦਾ ਹੈ ਆਇਤ-3 ਉਸਦੇ ਚਾਰ ਨਤੀਜਿਆਂ ਜੋ ਉਸਦੇ ਜੀਵਨ ਵਿੱਚ ਵਾਪਰਦੇ ਹਨ ਦੱਸਦੀ ਹੈ।

* **ਸਥਿਰਤਾ** – ਉਸ ਦੀ ਜੜ੍ਹਾਂ ਨੂੰ ਲਗਾਤਾਰ ਜੀਉਂਦੇ ਪਾਣੀ ਦੀ ਪੂਰਤੀ ਰਹੇਗੀ।

* **ਫ਼ਲਦਾਰ** – ਉਹ ਜਿਹੜਾ ਰੁੱਤ ਸਿਰ ਫਲ ਦੇਵੇਗਾ।

* **ਭਰੋਸੇ ਯੋਗਤਾ (ਨਿਰਭਰਤਾ)** – ਜਿਹਦੇ ਪੱਤੇ ਨਹੀਂ ਕੁਮਲਾਉਂਦੇ।

* **ਸਫ਼ਲਤਾ** - ਜੋ ਕੁਝ ਉਹ ਕਰੇ ਉਹ ਸਫ਼ਲ ਹੁੰਦਾ ਹੈ।

### ਆਪਣੀ ਬੁੱਧ ਦੇ ਨਵੇਂ ਹੋਣ ਲਈ

ਜਿਵੇਂ-ਜਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਦੇ ਹਾਂ ਤਿਵੇਂ ਅਸੀਂ ਆਪਣੀ ਬੁੱਧ ਵਿੱਚ ਨਵੇਂ ਹੋ ਜਾਂਦੇ ਹਾਂ।

**ਰੋਮੀਆਂ 12:2 ੳ ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ...**

ਪਰਮੇਸ਼ੁਰ ਦੇ ਵਚਨ ਤੇ ਧਿਆਨ ਲਗਾਉਣ ਨਾਲ ਬਦਲਾਓ ਹੁੰਦਾ ਹੈ। ਸਾਡੀ ਜਾਨ (ਬੁੱਧੀ, ਭਾਵਨਾਵਾਂ ਅਤੇ ਇੱਛਾ) ਬਦਲ ਜਾਂਦੀ ਹੈ ਜਿਸ ਪ੍ਰਕਾਰ ਮੁਕਤੀ ਦੇ ਪਲ ਸਾਡੀ ਆਤਮਾ ਹੁੰਦੀ ਹੈ।

ਰਾਜਾ ਸੁਲੇਮਾਨ ਨੇ ਲਿਖਿਆ,

**ਕਹਾਉਤਾਂ 23:7 ੳ ਕਿਉਂ ਜੋ ਜਿਹੇ ਉਹਦੇ ਮਨ ਦੇ ਵਿਚਾਰ ਹਨ ਤੇਰਾ ਉਹ ਆਪ ਹੈ।**

ਜਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਾਉਂਦੇ ਹਾਂ ਤਾਂ ਤਬਦੀਲੀ ਹੋਣੀ ਸ਼ੁਰੂ ਹੋ ਜਾਂਦੀ ਹੈ। ਸਾਡੀ ਪੁਰਾਣੀ ਜਾਨੀ ਸੁਭਾਅ ਵਾਲਾ ਕੀੜਾ ਉਸ ਸੁੰਦਰ ਤਿੱਤਲੀ ਵਿੱਚ ਬਦਲ ਜਾਂਦਾ ਹੈ ਜੋ ਆਪਣੇ ਵਿੱਚ ਮਸੀਹ ਦੀ ਸ਼ਕਲ ਦਾ ਅਨੁਕਰਣ ਕਰਦਾ ਹੈ।

### ਧਿਆਨ ਲਾਉਣ ਤੋਂ ਭਾਵ

#### *ਕੇਂਦਰੀਕਰਣ*

ਜਿਵੇਂ ਅਸੀਂ ਪ੍ਰਭੂ ਦੇ ਵਚਨ ਤੋਂ ਧਿਆਨ ਲਾਉਂਦੇ ਹਾਂ ਤਾਂ ਅਸੀਂ ਆਪਣੇ ਪੂਰੇ ਧਿਆਨ ਨੂੰ ਉਨ੍ਹਾਂ ਸ਼ਬਦਾਂ ਵੱਲ ਜੋ ਪ੍ਰਭੂ ਨੇ ਕਹੇ, ਉਸ ਵੱਲ ਕੇਂਦਰੀਕਰਣ ਕਰਦੇ ਹਾਂ।

**1 ਤਿਮੋਥਿਉਸ 4:15 ਇਨ੍ਹਾਂ ਗੱਲਾਂ ਦਾ ਉੱਦਮ ਕਰ। ਇਨ੍ਹਾਂ ਵਿੱਚ ਲੱਗਾ ਰਹੁ ਭਈ ਤੇਰੀ ਤਰੱਕੀ ਸਭਨਾਂ ਉੱਤੇ ਪਰਗਟ ਹੋਵੇ।**

#### *ਕਲਪਨਾ ਕਰਨੀ*

ਜਿਵੇਂ ਹੀ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਾਉਂਦੇ ਹਾਂ ਤਾਂ ਅਸੀਂ ਨਵੀਂ ਸਰਿਸ਼ਟ ਦੀ ਕਲਪਨਾ ਕਰਨੀ ਸ਼ੁਰੂ ਕਰ ਦਿੰਦੇ ਹਾਂ। ਅਸੀਂ ਆਪਣੇ ਆਪ ਨੂੰ ਇੰਝ ਦੇਖਦੇ ਹਾਂ ਜਿਵੇਂ ਪ੍ਰਭੂ ਸਾਨੂੰ ਦੇਖਦਾ ਹੈ।

* *ਹੋਣਾ, ਜਿਵੇਂ ਉਹ ਕਹੇ ਉਸੇ ਤਰ੍ਹਾਂ ਹੋਣਾ।*

* *ਕਰਨਾ, ਜਿਵੇਂ ਓਹ ਕਹੇ ਉਸੇ ਤਰ੍ਹਾਂ ਕਰਨਾ।*

* *ਰੱਖਣਾ, ਜਿਵੇਂ ਉਹ ਕਹੇ ਉਸੇ ਤਰ੍ਹਾਂ ਰੱਖਣਾ।*

ਪੌਲੁਸ ਰਸੂਲ ਨੇ ਤਿਮੋਥਿਉਸ ਨੂੰ ਲਿਖਿਆ ਕਿ ਜਿਵੇਂ ਜਿਵੇਂ ਉਹ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਾਵੇਗਾ ਤਾਂ ਉਸ ਦੀ ਤਰੱਕੀ ਸਭਨਾਂ ਉੱਤੇ ਪ੍ਰਗਟ ਹੋਵੇਗੀ।

ਯਹੋਸ਼ੁਆ ਨੇ ਲਿਖਿਆ ਕਿ ਸਭ ਤੋਂ ਪਹਿਲਾਂ ਸਾਨੂੰ ਰਾਤ ਦਿਨ ਉਸਦੇ ਵਚਨ ਤੇ ਧਿਆਨ ਲਾਉਣਾ ਹੈ ਤੇ ਜੋ ਕੁਝ ਉਹਨੇ ਕਿਹਾ ਉਸ ਨੂੰ ਪੂਰਾ ਕਰਨਾ ਤਾਂ ਹੀ ਆਖਰ ਅਸੀਂ ਆਪਣੇ ਮਾਰਗਾਂ ਨੂੰ ਸਫ਼ਲ ਬਣਾਵਾਂਗੇ ਅਤੇ ਸਾਡਾ ਬੋਲਬਾਲਾ ਹੋਵੇਗਾ।

**ਯਹੋਸ਼ੁਆ 1:8 ਇਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇ ਤੇ ਉਸਨੂੰ ਪੂਰਾ ਕਰੇ ਤਾਂ ਤੂੰ ਆਪਣੇ ਮਾਰਗ ਨੂੰ ਸਫ਼ਲ ਬਣਾਵੇਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

ਜਿਵੇਂ ਅਸੀਂ ਯਿਸੂ ਦੀ ਜਿਸ ਤਰ੍ਹਾਂ ਦਾ ਉਹ ਹੈ ਕਲਪਨਾ ਕਰਦੇ ਹਾਂ ਅਤੇ ਉਸ ਵਿੱਚ ਅਸੀਂ ਨਵੀਂ ਸਰਿਸ਼ਟ ਹਾਂ ਤਾਂ ਅਸੀਂ ਉਸ ਦੀ ਤਰ੍ਹਾਂ ਆਪਣੇ ਆਪ ਨੂੰ ਦੇਖਣਾ ਸ਼ੁਰੂ ਕਰ ਦੇਵਾਂਗੇ ਯੂਹੰਨਾ ਲਿਖਦਾ ਹੈ ਕਿ ਅਸੀਂ ਉਸਦੇ ਸਮਾਨ ਹੋਵਾਂਗੇ ਇਹ ਕਿੰਨਾ ਅਨੋਖਾ ਵਾਇਦਾ ਹੈ।

**1 ਯੂਹੰਨਾ 3:2 ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ। ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ।**

ਜਿਵੇਂ ਕਿ ਅਸੀਂ ਧਿਆਨ ਲਾਉਂਦੇ ਹਾਂ ਤਾਂ ਅਸੀਂ ਜੋ ਪਰਮੇਸ਼ੁਰ ਦਾ ਵਚਨ ਸਾਡੇ ਬਾਰੇ ਸ਼ੁਰੂ ਤੋਂ ਅਖੀਰ ਤੱਕ ਕਹਿੰਦਾ ਹੈ ਉਸ ਬਾਰੇ ਬੋਲਦੇ ਰਹਾਂਗੇ ਜਦੋਂ ਤੱਕ ਸਾਡੇ ਜੀਵਨਾਂ ਵਿੱਚ ਇਹ ਅਸਲੀਅਤ ਨਾ ਬਣ ਜਾਵੇ।

### *ਮੂੰਹ ਵਿੱਚ ਬੋਲਣਾ*

ਧਿਆਨ ਲਾਉਣਾ ਦਾ ਇਬਰਾਨੀ ਸ਼ਬਦ ਤੋਂ ਭਾਵ ਕਿ "ਮੂੰਹ ਵਿੱਚ ਬੋਲਣਾ" ਹੈ। ਜਿਵੇਂ ਅਸੀਂ ਆਪਣੇ ਵਿੱਚ ਸ਼ੁਰੂ ਤੋਂ ਅਖੀਰ ਤੱਕ ਪ੍ਰਭੂ ਦੇ ਵਚਨ ਨੂੰ ਮੂੰਹ ਵਿੱਚ ਬੋਲਣਾ ਜਾਂ ਉਸਦੀ ਘੋਸ਼ਣਾ ਕਰਦੇ ਹਾਂ, ਤਾਂ ਇਹ ਪਰਮੇਸ਼ੁਰ ਦੇ ਵਚਨ ਦੀ ਸ਼ਕਤੀ ਨੂੰ ਸਾਡੀ ਜਿੰਦਗੀ ਦੀ ਕ੍ਰਿਆ ਵਿੱਚ ਪ੍ਰਦਾਨ ਕਰਦਾ ਹੈ।

**ਯਸਾਯਾਹ 59:21 ਮੇਰੀ ਵੱਲੋਂ, ਯਹੋਵਾਹ ਆਖਦਾ ਹੈ, "ਉਹਨਾਂ ਨਾਲ ਮੇਰਾ ਏਹ ਨੇਮ ਹੈ, ਮੇਰਾ ਆਤਮਾ ਜੋ ਤੇਰੇ ਉੱਤੇ ਹੈ, ਅਤੇ ਮੇਰੇ ਬਚਨ ਜੋ ਮੈਂ ਤੇਰੇ ਮੂੰਹ ਵਿੱਚ ਪਾਏ, ਤੇਰੇ ਮੂੰਹ ਵਿੱਚੋਂ, ਤੇਰੀ ਅੰਸ ਦੇ ਮੂੰਹ ਵਿੱਚੋਂ, ਹੁਣ ਤੋਂ ਸਦੀਪਕਾਲ ਤੀਕ ਚੱਲੇ ਨਾ ਜਾਣਗੇ, ਯਹੋਵਾਹ ਆਖਦਾ ਹੈ।"**

ਜਿਵੇਂ ਹੀ ਅਸੀਂ ਆਪਣੇ ਆਪ ਵਿੱਚ ਪਰਮੇਸ਼ੁਰ ਦੇ ਵਚਨ ਨੂੰ ਬੋਲਦੇ ਤੇ ਉਸਦੀ ਘੋਸ਼ਣਾ ਕਰਦੇ ਹਾਂ ਤਾਂ ਅਸੀਂ ਅਨੁਭਵ ਕਰ ਸਕਦੇ ਹਾਂ ਉਹ ਸਾਡੇ ਮਨ ਨੂੰ ਪੱਕਾ ਪ੍ਰਭਾਵਿਤ ਬਣਾਏਗਾ ਜਿਸਨੂੰ ਅਸੀਂ ਯਾਦ ਕੀਤਾ ਹੈ।

### *ਅੰਦਾਜਾ ਲਾਉਣਾ*

ਜਿਉਂ-ਜਿਉਂ ਅਸੀਂ ਲਗਾਤਾਰ ਪਰਮੇਸ਼ੁਰ ਦੇ ਵਚਨ ਵਿੱਚ ਨਵੀਂ ਸਰਿਸ਼ਟ ਦੀ ਸਚਿਆਈਆਂ ਉੱਤੇ ਧਿਆਨ ਲਾਉਂਦੇ ਹਾਂ ਤਾਂ ਇਹ ਸਾਡੇ ਅੰਦਾਜੇ ਨੂੰ ਪਰਮੇਸ਼ੁਰ ਦੇ ਸਰੂਪ ਦੀ ਤਰ੍ਹਾਂ ਆਕਾਰ ਕਰਨ ਵਿੱਚ ਸਹਾਇਤਾ ਕਰਦਾ ਹੈ। ਅਸੀਂ

ਪਰਮੇਸ਼ੁਰ ਦੇ ਵਿਚਾਰਾਂ ਨੂੰ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੀਆਂ ਨਜ਼ਰਾਂ ਰਾਹੀਂ ਨਵੀਂ ਸਰਿਸਟ ਕਰਕੇ ਦੇਖਦੇ ਹਾਂ।

**ਯਸਾਯਾਹ 55:8–9 "ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ", ਯਹੋਵਾਹ ਦਾ ਵਾਕ ਹੈ। "ਜਿਵੇਂ ਅਕਾਸ਼ ਧਰਤੀ ਤੋਂ ਉੱਤੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ ਮੇਰੇ ਖਿਆਲ ਤੁਹਾਡੇ ਖਿਆਲ ਤੋਂ ਉੱਚੇ ਹਨ।"**

### *ਸਮਝਣਾ*

ਅਸੀਂ ਪਰਮੇਸ਼ੁਰ ਦੇ ਪ੍ਰਕਾਸ਼ ਤੇ ਬੁੱਧੀ ਨੂੰ ਧਿਆਨ ਵਿੱਚ ਲਿਆਉਣਾ ਤੇ ਸਮਝਣਾ ਸ਼ੁਰੂ ਕਰ ਦੇਵਾਂਗੇ।

**ਅਫ਼ਸੀਆਂ 1:17–18 ਭਈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਜਿਹੜਾ ਤੇਜ ਦਾ ਪਿਤਾ ਹੈ ਆਪਣੀ ਪੂਰੀ ਪਛਾਣ ਵਿੱਚ ਗਿਆਨ ਅਤੇ ਪਰਕਾਸ਼ ਦਾ ਆਤਮਾ ਤੁਹਾਨੂੰ ਦਾਨ ਕਰੇ। ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿੱਚ ਉਹਦੇ ਤੇਜਵਾਨ ਅਧਿਕਾਰ ਦਾ ਧਨ ਕੀ ਹੈ।**

## ਪਰਮੇਸ਼ੁਰ ਦਾ ਵਚਨ

ਇਥੇ ਦੇ ਖਾਸ ਸ਼ਬਦ ਜੋ ਯੂਨਾਨੀ ਨਵੇਂ ਨਿਯਮ ਵਿੱਚ ਪਰਮੇਸ਼ੁਰ ਦੇ ਵਚਨ ਲਈ ਇਸਤੇਮਾਲ ਕੀਤੇ ਗਏ ਹਨ।

ਪਹਿਲਾ ਹੈ ਲੋਗੋਸ ਜੋ ਕਿ ਲਿਖਿਆ ਹੋਇਆ ਪਰਮੇਸ਼ੁਰ ਦਾ ਵਚਨ ਹੈ। ਦੂਜਾ ਰਿਮਾ ਜੋ ਕਿ ਬੋਲਿਆ ਗਿਆ ਪਰਮੇਸ਼ੁਰ ਦਾ ਵਚਨ ਹੈ।

### *ਲੋਗੋਸ*

ਲੋਗੋਸ ਸ਼ਬਦ ਜੋ ਸਾਡੀ ਬਾਈਬਲ ਲਈ ਇਸਤੇਮਾਲ ਕੀਤਾ ਗਿਆ ਹੈ। ਪ੍ਰਭੂ ਦਾ ਇਹ ਸਧਾਰਨ ਸ਼ਬਦ ਜੋ ਸਾਰੇ ਲੋਕਾਂ ਲਈ ਦਿੱਤੇ ਗਏ ਹਨ।

### *ਰਿਮਾ*

ਰਿਮਾ ਜੋ ਪਰਮੇਸ਼ੁਰ ਦਾ ਵਚਨ ਮੇਰੇ ਨਾਲ ਵਿਅਕਤੀਗਤ ਤੌਰ ਨਾਲ ਬੋਲਿਆ ਗਿਆ।

ਰਿਮਾ ਜੋ ਕੁਦਰਤੀ ਚਾਨਣ ਜਿਹੜਾ ਵਿਅਕਤੀਗਤ ਤੌਰ ਤੇ ਆਉਂਦਾ ਹੈ। ਜੋ ਕਿ ਪਵਿੱਤਰ ਆਤਮਾ ਦੇ ਪ੍ਰਕਾਸ਼ ਨਾਲ ਜਦੋਂ ਅਸੀਂ ਲਿਖਿਤ ਪਰਮੇਸ਼ੁਰ ਦੇ ਵਚਨ ਦੇ ਧਿਆਨ ਲਗਾਉਣ ਨਾਲ ਮਿਲਦਾ ਹੈ।

ਜਦੋਂ ਰਿਮਾ ਆਉਂਦਾ ਹੈ, ਇਹ ਤਾਂ ਇੰਝ, ਜਿਵੇਂ ਕਿ ਸਾਡੇ ਆਤਮਾ ਵਿੱਚ ਚਾਨਣ ਆਉਂਦਾ ਹੈ। ਅਸੀਂ ਜਾਣਦੇ ਹਾਂ ਕਿ ਪ੍ਰਭੂ ਨੇ ਸਾਡੇ ਨਾਲ ਵਿਅਕਤੀਗਤ ਤੌਰ ਨਾਲ ਬੋਲਿਆ ਹੈ। ਇਹ (ਰਿਮਾ, ਲੋਗੋਸ) ਬੋਲੇ ਤੇ ਲਿਖਿਤ ਵਚਨ ਸਾਨੂੰ ਪਵਿੱਤਰ ਆਤਮਾ ਰਾਹੀਂ ਚਾਨਣ ਕਰਕੇ ਸਾਨੂੰ ਨਿਹਚਾ ਪ੍ਰਦਾਨ ਕਰਦੇ ਹਨ।

# ਪਰਮੇਸ਼ੁਰ ਦੇ ਵਚਨ ਦਾ ਐਲਾਨ ਕਰਨ ਦੀ ਸ਼ਕਤੀ

ਪੌਲੁਸ ਰਸੂਲ ਨੇ ਲਿਖਿਆ ਕਿ ਨਿਹਚਾ ਸੁਣਨ ਤੇ ਅਤੇ ਸੁਣਨਾ ਪਰਮੇਸ਼ੁਰ ਦੇ ਵਚਨ ਤੋਂ ਹੈ। ਅਸੀਂ ਪਰਮੇਸ਼ੁਰ ਦੇ ਵਚਨ ਨੂੰ ਆਪਣ ਆਪ ਪੜ੍ਹਨ ਤੋਂ, ਆਪਣੇ ਆਪ ਵਿੱਚ ਦੁਹਰਾਉਣ ਤੋਂ ਅਤੇ ਚੰਗੀ ਸਿੱਖਿਆ ਦੁਆਰਾ ਸੁਣਦੇ ਹਾਂ।

ਜੇਕਰ ਸਾਡੇ ਜੀਵਨ ਵਿੱਚ ਕੋਈ ਵਿਸ਼ੇਸ਼ ਜਰੂਰਤ ਹੈ ਤਾਂ ਸਾਨੂੰ ਉਸ ਜਰੂਰਤ ਦੇ ਉੱਤ ਲਈ ਪਰਮੇਸ਼ੁਰ ਦੇ ਵਚਨ ਦੀਆਂ ਆਇਤਾਂ ਨੂੰ ਲੱਭਣਾ ਤੇ ਬਾਰ-ਬਾਰ ਉਨ੍ਹਾਂ ਨੂੰ ਪੜ੍ਹਨਾ ਹੈ। ਨਿਹਚਾ ਸੁਣਨ ਤੋਂ ਅਤੇ ਸੁਣਨਾ ਰਿਮਾ (ਬੋਲਿਆ ਗਿਆ) ਪਰਮੇਸ਼ੁਰ ਦਾ ਵਚਨ। ਜਿਵੇਂ ਹੀ ਅਸੀਂ ਪੜ੍ਹਦੇ ਜਾਂ ਸ਼ੁਰੂ ਤੋਂ ਅਖੀਰ ਤੱਕ ਉਨ੍ਹਾਂ ਦਾ ਹਵਾਲਾ ਦੇਂਦੇ ਹਾਂ ਤਾਂ ਤੁਰੰਤ ਉਹ ਸਾਡੇ ਲਈ ਅਸਲੀ ਬਣ ਜਾਣਗੇ ਉਦੋਂ ਜਦ ਅਸੀਂ ਕਿਸੇ ਵੀ ਹਾਲਤ ਵਿੱਚ ਹਾਂ। ਨਿਹਚਾ ਆਉਂਦੀ ਹੈ।

ਲੋਗੋਸ (ਲਿਖਿਤ) ਵਚਨ ਪਰਮੇਸ਼ੁਰ ਦਾ ਵਿਅਕਤੀਗਤ ਤੌਰ ਰਿਮਾ (ਬੋਲਿਆ ਗਿਆ) ਵਚਨ ਬਣ ਜਾਂਦਾ ਹੈ ਜਦੋਂ ਇਹ ਪਵਿੱਤਰ ਆਤਮਾ ਰਾਹੀਂ ਸਾਡੀ ਆਤਮਾ ਤੇ ਪ੍ਰਗਟ ਤੇ ਬੋਲਿਆ ਜਾਂਦਾ ਹੈ। ਤੁਰੰਤ ਅਸੀਂ ਜਦ ਪ੍ਰਕਾਸ਼ ਨੂੰ ਪ੍ਰਾਪਤ ਕਰਦੇ ਹਾਂ ਤਾਂ ਸਾਡੀ ਆਤਮਾ ਵਿੱਚ ਨਿਹਚਾ ਉਛਲਣ ਲੱਗਦੀ ਹੈ।

**ਰੋਮੀਆਂ 10:17 – "ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ"।**

ਜਦੋਂ ਸਾਡੀ ਸਮਝ ਪਰਮੇਸ਼ੁਰ ਦੇ ਰਿਮਾ (ਬੋਲਿਆ ਗਿਆ) ਵਚਨ ਨਾਲ ਚਾਨਣ ਹੁੰਦੀ ਹੈ, ਤਾਂ ਅਸੀਂ ਮਸੀਹ ਵਿੱਚ ਅਸਲੀ ਕੀ ਹਾਂ ਉਸ ਗਿਆਨ ਤੱਕ ਆਉਂਦੇ ਹਾਂ। ਅਸੀਂ ਨਵੀਂ ਸਰਿਸਟ ਵਿਅਕਤੀ ਦੀ ਤਰ੍ਹਾਂ ਬਦਲ ਜਾਵਾਂਗੇ।

### ਪਰਮੇਸ਼ੁਰ ਦੇ ਵਚਨ ਦਾ ਐਲਾਨ ਕਰਨਾ

ਰਿਮਾ (ਬੋਲਿਆ ਗਿਆ) ਵਚਨ ਦਾ ਐਲਾਨ ਕਰਨ ਦੀ ਕ੍ਰਿਆ, ਪਰਮੇਸ਼ੁਰ ਦੇ ਵਚਨ ਦਾ ਇਕਰਾਰ ਕਰਨਾ ਕਿਹਾ ਜਾਂਦਾ ਹੈ। "ਇਕਰਾਰ" ਯੂਨਾਨੀ ਸ਼ਬਦ ਵਿੱਚ "ਹੋਮੋ ਲੋਗੀਐ" ਅਨੁਵਾਦ ਕੀਤਾ ਗਿਆ ਹੈ ਪਰਮੇਸ਼ੁਰ ਦੇ ਵਚਨ ਦਾ ਇਕਰਾਰ ਕਰਨ ਤੋਂ ਭਾਵ ਕਿ '

* *ਉਸੇ ਤਰ੍ਹਾਂ ਦਾ ਹੀ ਬੋਲਣਾ।*

* *ਉਸ ਨਾਲ ਸਹਿਮਤ ਹੋਣਾ।*

* *ਮਜ਼ਬੂਰ ਕੀਤੇ ਬਿਨਾਂ ਰਹਿਣਾ।*

ਇਸੇ ਤਰ੍ਹਾਂ ਸਾਡੇ ਵਿੱਚ ਹਰ ਇੱਕ ਨਾਲ ਵਾਪਰਿਆ ਜਦੋਂ ਅਸੀਂ ਸ਼ੁਭਸਮਾਚਾਰ ਦੇ ਰਿਮਾ ਪ੍ਰਕਾਸ਼ ਨੂੰ ਪ੍ਰਾਪਤ ਕੀਤਾ। ਅਸੀਂ ਨਿਹਚਾ ਤੇ ਇਕਰਾਰ ਕੀਤਾ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਜੋ ਸਾਡੇ ਲਈ ਸਾਡੀ ਥਾਂ ਤੇ ਮਰ ਗਿਆ ਅਤੇ ਉਹ ਮੁਰਦਿਆਂ ਵਿੱਚ ਜਿੰਦਾ ਹੋ ਗਿਆ।

**ਰੋਮੀਆਂ 10:9–10 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇ ਜੋ ਪਰਮੇਸ਼ੁਰ ਨੇ ਉਹਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। ਧਰਮ ਲਈ ਤਾਂ**

**ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ।**

### *ਮੈਂ ਨਿਹਚਾ ਕੀਤੀ – ਮੈਂ ਬੋਲਿਆ*

ਜਿਸ ਪਲ ਅਸੀਂ ਨਿਹਚਾ ਕਰਦੇ ਹਾਂ, ਅਸੀਂ ਬੋਲਦੇ ਤੇ ਜੋ ਕੁਝ ਸਾਡੇ ਉੱਤੇ ਪ੍ਰਗਟ ਕੀਤਾ ਉਸ ਦਾ ਇਕਰਾਰ ਕਰਦੇ ਹਾਂ। ਇੱਥੇ ਨਿਹਚਾ ਦਾ ਆਤਮਾ ਹੈ ਅਤੇ ਜੋ ਕਹਿੰਦਾ ਹੈ, ਮੈਂ ਨਿਹਚਾ ਕੀਤੀ, ਇਸ ਲਈ ਮੈਂ ਬੋਲਿਆ।

**2 ਕੁਰਿੰਥੀਆਂ 4:13 ਨਿਹਚਾ ਦਾ ਉਹੋ ਆਤਮਾ ਸਾਨੂੰ ਮਿਲਿਆ ਹੈ ਜਿਵੇਂ ਲਿਖਿਆ ਹੋਇਆ ਹੈ ਭਈ ਮੈਂ ਨਿਹਚਾ ਕੀਤੀ ਇਸ ਲਈ ਬੋਲਿਆ ਸੋ ਅਸੀਂ ਵੀ ਨਿਹਚਾ ਕਰਦੇ ਹਾਂ ਇਸ ਲਈ ਬੋਲਦੇ ਵੀ ਹਾਂ।**

### *ਗਲਤਫਹਿਮੀ ਹੋਣਾ*

ਕਈਆਂ ਨੂੰ ਇਸ ਸੱਚਿਆਈ ਦੀ ਗਲਤਫਹਿਮੀ ਹੈ ਅਤੇ ਜਿਸ ਚੀਜ਼ ਦੇ ਉਹ ਇੱਛੁਕ ਹਨ ਉਸ ਦਾ ਸ਼ੁਰੂ ਤੋਂ ਅਖੀਰ ਤੱਕ ਇਕਰਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਸੀ ਆਪਣੀ ਇੱਛਾਵਾਂ ਦੀ ਸੰਤੁਸ਼ਟੀ ਲਈ ਉਹਨਾਂ ਨੇ ਧਰਮ ਸ਼ਾਸਤਰ ਨੂੰ ਐਲਾਨ ਕਰਨ ਲਈ ਖੋਜਿਆ ਜੋ ਇੰਝ ਜਾਪਦਾ ਹੈ ਕਿ ਆਪਣੀਆਂ ਇੱਛਾਵਾਂ ਦੀ ਮਦਦ ਲਈ ਪਰਮੇਸ਼ੁਰ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਹ ਰਿਮਾ ਹੀ ਹੈ, ਜੋ ਪਰਮੇਸ਼ੁਰ ਨੇ ਸਾਡੇ ਨਾਲ ਵਿਅਕਤੀਗਤ ਤੌਰ ਨਾਲ ਬੋਲਿਆ ਤੋਂ ਪ੍ਰਗਟ ਕੀਤਾ ਜੋ ਸਾਡੀ ਨਿਹਚਾ ਨੂੰ ਦਲੇਰੀ ਨਾਲ ਇਕਰਾਰ ਤੇ ਐਲਾਨ ਕਰਨ ਲਈ ਪ੍ਰੇਰਿਤ ਕਰਦਾ ਹੈ ਜਿਸਦੇ ਅਸੀਂ ਹੱਕਦਾਰ ਹਾਂ। ਇਹ ਰਿਮਾ ਹੀ ਹੈ। ਜੋ ਸਾਨੂੰ ਨਵੀਂ ਸਰਿਸ਼ਟ ਹੁੰਦੇ ਹੋਏ ਦਲੇਰੀ ਨਾਲ ਐਲਾਨ ਕਰਾਉਂਦਾ ਹੈ। ਜਿਵੇਂ ਹੀ ਅਸੀਂ ਇਹ ਪਰਮੇਸ਼ੁਰ ਦੁਆਰਾ ਦਿੱਤੇ ਹੋਏ ਸ਼ਬਦਾਂ ਨੂੰ ਬੋਲਦੇ ਹਾਂ ਤਾਂ ਸ਼ਕਤੀਸ਼ਾਲੀ ਗੱਲਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ।

### ਪਰਮੇਸ਼ੁਰ ਨੇ ਬੋਲਦੇ ਹੋਏ ਸਰਿਸ਼ਟ ਕੀਤਾ

ਅਸੀਂ ਪਰਮੇਸ਼ੁਰ ਦੀ ਸ਼ਕਲ ਤੇ ਸਰਿਸਟ ਕੀਤੇ ਗਏ ਹਾਂ ਪਰਮੇਸ਼ੁਰ ਸਰਿਸਟੀਕਰਤਾ ਤੇ ਉਸਨੇ ਸ਼ਬਦ ਬੋਲ ਕੇ ਸਰਿਸ਼ਟੀ ਕੀਤਾ।

**ਇਬਰਾਨੀਆਂ 11:3 ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ।**

ਉਤਪਤ ਦੇ ਪਹਿਲੇ ਅਧਿਆਏ ਵਿੱਚ ਅਸੀਂ ਪਰਮੇਸ਼ੁਰ ਦੀ ਸਿਰਜਨਾਤਮਕ ਸ਼ਕਤੀ ਨੂੰ ਕ੍ਰਿਆ ਵਿੱਚ ਦੇਖਦੇ ਹਾਂ ਜਿੱਥੇ ਇਹ ਵਾਕ ਦਾ ਭਾਗ "ਅਤੇ ਪ੍ਰਭੂ ਨੇ ਕਿਹਾ" ਕਈ ਥਾਵਾਂ ਤੇ ਦੁਹਰਾਇਆ ਗਿਆ ਹੈ।

### ਅਸੀਂ ਬੋਲਣ ਨਾਲ ਸਿਰਜੇ ਗਏ

ਅਸੀਂ ਜੋ ਕਿ ਨਵੀਂ ਸਰਿਸ਼ਟ ਹੁੰਦੇ ਹੋਏ ਵੀ ਸ਼ਬਦਾਂ ਨਾਲ ਸਿਰਜੇ ਗਏ ਹਾਂ ਜਿਹੜੇ ਅਸੀਂ ਬੋਲਦੇ ਹਾਂ।

**ਕਹਾਉਤਾਂ 18:20 ਆਦਮੀ ਦਾ ਢਿੱਡ ਉਹਦੇ ਮੂੰਹ ਦੇ ਫ਼ਲ ਨਾਲ ਭਰਦਾ ਹੈ। ਅਤੇ ਆਪਣੇ ਬੁੱਲਾਂ ਦੀ ਪ੍ਰਾਪਤੀ ਨਾਲ ਉਹ ਰੱਜਦਾ ਹੈ।**

*ਜੀਭ ਦੀ ਤਾਕਤ*

ਸਾਡੇ ਸ਼ਬਦ ਸਾਡੇ ਉੱਤੇ ਸਰਾਪ ਲਿਆ ਸਕਦੇ ਹਨ ਜਾਂ ਉਹ ਫਿਰ ਜੀਵਨ ਦੇ ਸ਼ਬਦ ਵੀ ਹੋ ਸਕਦੇ ਹਨ।

**ਕਹਾਉਤਾਂ 18:21 ਮੌਤ ਅਤੇ ਜੀਉਣ ਦੋਵੇਂ ਜੀਭ ਦੇ ਵੱਸ ਵਿੱਚ ਹਨ, ਅਤੇ ਜੋ ਉਸ ਨਾਲ ਪ੍ਰੀਤ ਰੱਖਦੇ ਹਨ ਉਹ ਉਸ ਦਾ ਫਲ ਖਾਣਗੇ।**

ਨਵੀਂ ਸਰਿਸ਼ਟ ਹੁੰਦੇ ਹੋਏ, ਪਰਮੇਸ਼ੁਰ ਦੀ ਸ਼ਕਲ ਤੇ ਸਿਰਜੇ ਗਏ, ਅਸੀਂ ਸ਼ਬਦਾਂ ਰਾਹੀਂ ਸਿਰਜੇ ਗਏ ਹਾਂ। ਜੀਭ ਦੀ ਤਾਕਤ ਦੁਆਰਾ ਅਸੀਂ ਜਾਂ ਤਾਂ ਜੀਉਣ ਦੇ ਜਾਂ ਮੌਤ ਦੇ ਸ਼ਬਦ ਕੱਢਦੇ ਹਾਂ।

ਨਵੀ ਸਰਿਸ਼ਟ ਹੁੰਦੇ ਹੋਏ ਸਾਨੂੰ ਆਪਣੇ ਮੂੰਹ ਦੀ ਰਾਖੀ ਕਰਨੀ ਅਤੇ ਜੋ ਕੁਝ ਬੋਲਦੇ ਹਾਂ ਉਸ ਦਾ ਧਿਆਨ ਰੱਖਣਾ ਹੈ। ਸਾਨੂੰ ਆਪਣੇ ਬੋਲਣ ਦੇ ਤਰੀਕੇ ਨੂੰ ਬਦਲਣ ਦੀ ਲੋੜ ਹੈ। ਹੁਣ ਤੋਂ ਸਾਡੇ ਮੂੰਹ ਵਿੱਚ ਗੰਦੇ ਜਾਂ ਮੌਤ ਦੇ ਸ਼ਬਦ ਨਹੀਂ ਨਿਕਲਣੇ ਚਾਹੀਦੇ।

**ਵਚਨ ਦਾ ਐਲਾਨ ਕਰਨਾ**

ਜਿਵੇਂ ਜਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਾਉਂਦੇ ਹਾਂ ਤਾਂ ਸਾਡੀ ਆਤਮਾ ਵਿੱਚ ਵਿਸ਼ਵਾਸ ਉਛਲੇਗਾ ਅਤੇ ਪ੍ਰਭੂ ਆਪਣੇ ਵਚਨ ਨੂੰ ਸਾਡੇ ਉੱਤੇ ਪ੍ਰਗਟ ਕਰੇਗਾ। ਤਾਂ ਅਸੀਂ ਦਲੇਰੀ ਨਾਲ ਐਲਾਨ ਕਰਾਂਗੇ ਜੋ ਪ੍ਰਭੂ ਨੇ ਆਪਣੇ ਵਚਨ ਵਿੱਚ ਬੋਲਿਆ ਹੈ।

**1 ਪਤਰਸ 4:11 ਓ ਜੋ ਕੋਈ ਗੱਲ ਕਰੇ ਤਾਂ ਉਹ ਪਰਮੇਸ਼ੁਰ ਦੀਆਂ ਬਾਣੀਆਂ ਦੇ ਅਨੁਸਾਰ ਕਰੇ।**

*ਪਹਾੜ ਨੂੰ ਕਹੋ*

ਯਿਸੂ ਨੇ ਬੋਲਣ ਵਾਲੇ ਵਿਸ਼ਵਾਸ ਦੀ ਮਹੱਤਤਾ ਨੂੰ ਪ੍ਰਗਟ ਕੀਤਾ ਹੈ ਜੋ ਪਰਮੇਸ਼ੁਰ ਦਾ ਵਚਨ ਐਲਾਨ ਕਰਦਾ ਹੈ।

**ਮਰਕੁਸ 11:22–24 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਪਰਮੇਸ਼ੁਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਭ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੋ ਪਰ ਪਰਤੀ ਕਰੋ ਕਿ ਜਿਹੜੀਆ ਗੱਲਾਂ ਮੈਂ ਆਖਦਾ ਹਾਂ ਉਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ।"**

**"ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰਕੇ ਮੰਗੋ ਪਰਤੀ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ।"**

*ਨਿਹਚਾ ਕਰੋ ਕਿ ਅਸੀਂ ਪਾ ਲਿਆ*

ਜਦੋਂ ਅਸੀਂ ਆਪਣੀ ਨਵੀਂ ਸਰਿਸ਼ਟ ਆਤਮਾ ਵਿੱਚ ਪਰਮੇਸ਼ੁਰ ਦੇ ਰਿਮਾ ਵਚਨ ਦਾ ਪ੍ਰਕਾਸ਼ ਪ੍ਰਾਪਤ ਕਰਦੇ ਹਾਂ ਤਾਂ ਅਸੀਂ ਨਿਹਚਾ ਨਾਲ ਉਹ ਪ੍ਰਾਪਤ ਕਰਾਂਗੇ ਜੋ

ਪ੍ਰਭੂ ਨੇ ਸਾਨੂੰ ਬੋਲਿਆ। ਅਸੀਂ ਆਪਣੇ ਜੀਵਨਾਂ ਵਿੱਚ ਮੁਸੀਬਤ ਦੇ ਪਹਾੜ ਨਾਲ ਬੋਲਣਾ ਸ਼ੁਰੂ ਕਰ ਦੇਵਾਂਗੇ। ਜੋ ਉਹ ਕਹੇ ਉਹੋ ਹੀ ਨਵੀਂ ਸਰਿਸ਼ਟ ਵਿਅਕਤੀ ਕੋਲ ਹੋਵੇਗਾ।

## ਨਵੀਂ ਸਰਿਸ਼ਟ ਦਾ ਐਲਾਨ

ਜਿਨ੍ਹਾਂ ਨੇ ਨਵੀਂ ਸਰਿਸ਼ਟ ਦੇ ਪ੍ਰਕਾਸ਼ ਨੂੰ ਪਾਇਆ ਉਹ ਆਪਣੀ ਨਵੀਂ ਸਰਿਸ਼ਟ ਦੇ ਹੱਕ ਅਤੇ ਸਹੂਲਤਾਂ ਦਾ ਐਲਾਨ ਕਰਨਾ ਸ਼ੁਰੂ ਕਰ ਦੇਣਗੇ।

**ਦਲੇਰੀ ਨਾਲ ਐਲਾਨ ਕਰੋ**

*ਮੈਂ ਜਾਣਦਾ ਹਾਂ ਕਿ ਮੈਂ ਯਿਸੂ ਮਸੀਹ ਵਿੱਚ ਕੌਣ ਹਾਂ।*

*ਮੈਂ ਨਵੀਂ ਸਰਿਸ਼ਟ ਹਾਂ।*

*ਪੁਰਾਣੀਆਂ ਗੱਲਾਂ ਬੀਤ ਗਈਆਂ,*

*ਵੇਖੋ ਉਹ ਸਾਰੀਆਂ ਨਵੀਆਂ ਹੋ ਗਈਆਂ ਹਨ।*

*ਮੈਂ ਯਿਸੂ ਮਸੀਹ ਵਿੱਚ ਪਰਮੇਸ਼ੁਰ ਦੀ ਧਾਰਮਿਕਤਾ ਹਾਂ।*

*ਇਸ ਲਈ ਹੁਣ ਤੋਂ ਕੋਈ ਸਜਾ ਨਹੀਂ*

*ਕਿਉਂਕਿ ਮੈਂ ਮਸੀਹ ਯਿਸੂ ਵਿੱਚ ਹਾਂ।*

*ਮੈਂ ਅਬਰਾਹਾਮ ਦਾ ਨਿਹਚਾ ਦਾ ਬੀਜ ਹਾਂ।*

*ਅਬਰਾਹਾਮ ਦੀ ਸਾਰੀ ਵਾਇਦੇ ਕੀਤੀਆਂ ਹੋਈਆਂ ਬਰਕਤਾਂ ਮੇਰੀਆਂ ਹਨ।*

*ਪ੍ਰਭੂ ਨੇ ਮੈਨੂੰ ਡਰ ਦਾ ਆਤਮਾ ਨਹੀਂ ਦਿੱਤਾ*

*ਪਰ ਤੂੰ ਸ਼ਕਤੀ ਦਾ, ਪਿਆਰ ਦਾ ਅਤੇ ਚੰਗਾ ਮਨ ਦਿੱਤਾ ਹੈ।*

*ਮਸੀਹ ਵਿੱਚ ਮੈਂ ਸੱਭੋ ਕੁਝ ਕਰ ਸਕਦਾ ਹਾਂ ਜੋ ਮੈਨੂੰ ਬਲ ਦਿੰਦਾ ਹੈ ਜੋ ਕੰਮ ਯਿਸੂ ਨੇ ਕੀਤੇ ਮੈਂ ਵੀ ਕਰ ਸਕਦਾ ਹਾਂ।*

*ਪਰਮੇਸ਼ੁਰ ਦਾ ਆਨੰਦ ਮੇਰੀ ਤਾਕਤ ਹੈ।*

*ਵਚਨ ਕਹਿੰਦਾ ਹੈ, "ਕਮਜ਼ੋਰ ਇਹ ਕਹੇ, ਮੈਂ ਬਲਵਾਨ ਹਾਂ" ਇਸ ਲਈ ਮੈਂ ਬਲਵਾਨ ਹਾਂ।*

*ਸੱਚਮੁੱਚ, ਯਿਸੂ ਨੇ ਮੇਰੀ ਬੀਮਾਰੀ, ਆਫ਼ਤਾਂ ਅਤੇ ਦੁੱਖਾਂ ਨੂੰ ਚੁੱਕ ਲਿਆ ਹੈ।*

*ਜੋ ਹੁਣ ਤੋਂ ਮੈਨੂੰ ਚੁੱਕਣ ਦੀ ਲੋੜ ਨਹੀਂ ਹੈ ਯਿਸੂ ਦੇ ਕੋੜੇ ਖਾਣ ਨਾਲ ਮੈਂ ਚੰਗਾ ਕੀਤਾ ਗਿਆ ਹਾਂ।*

*ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਵੀ ਮੇਰੇ ਨੇੜੇ ਨਹੀਂ ਆਵੇਗੀ।*

*ਪ੍ਰਭੂ ਦੀ ਇੱਛਾ ਜੋ ਸਾਰੀਆਂ ਚੀਜ਼ਾਂ ਨਾਲੋਂ ਉੱਚੀ ਹੈ ਤਾਂ ਜੋ ਮੈਂ ਸਫਲ ਅਤੇ ਤੰਦਰੁਸਤ ਰਹਾਂ ਮੇਰਾ ਪਰਮੇਸ਼ੁਰ ਤੇਜ਼ ਵਿੱਚ ਆਪਣੇ ਧਨ ਦੇ ਅਨੁਸਾਰ ਸਾਡੀ*

*ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇਗਾ। ਪਰਮੇਸ਼ੁਰ ਹੀ ਹੈ ਜਿਸਨੇ ਮੈਨੂੰ ਧਨ ਕਮਾਉਣ ਦਾ ਬਲ ਦਿੱਤਾ ਹੈ।*

*ਅਤੇ ਉਹ ਆਪਣੀ ਆਰਥਿਕ ਬਰਕਤਾਂ ਨਾਲ ਮੈਨੂੰ ਪੂਰੀ ਅਤੇ ਭਰੇ ਹੋਏ ਮਾਪ ਨਾਲ ਬਰਕਤ ਦੇਵੇਗਾ।*

*ਜੋ ਕੁਝ ਬੀਜਿਆ ਉਹ ਮੈਂ ਵੱਢਾਂਗਾ।*

*ਮੈਂ ਅੰਦਰ ਆਉਣ ਅਤੇ ਬਾਹਰ ਜਾਣ ਵਿੱਚ ਮੁਬਾਰਕ ਹੋਵਾਂਗਾ।*

*ਮੇਰੇ ਹੱਥਾਂ ਦੇ ਕੰਮਾਂ ਨੂੰ ਪਰਮੇਸ਼ੁਰ ਮੁਬਾਰਕ ਕਰੇਗਾ।*

*ਮੈਂ (ਅਸਫਲ) ਨਹੀਂ ਹੋਵਾਂਗਾ।*

*ਯਿਸੂ ਮਸੀਹ ਵਿੱਚ ਮੈਂ ਨਵੀਂ ਸਰਿਸ਼ਟ ਹਾਂ।*

**ਸਿੱਟਾ**

ਜਿਵੇਂ ਜਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਦੇ, ਸੁਣਦੇ, ਸਿੱਖਦੇ ਅਤੇ ਉਸ ਉੱਤੇ ਧਿਆਨ ਲਾਉਂਦੇ ਹਾਂ ਤਾਂ ਸਾਡੇ ਹਿਰਦੇ ਵਿੱਚ ਵਿਸ਼ਵਾਸ ਸਥਾਪਿਤ ਹੁੰਦਾ ਹੈ। ਨਵੀਂ ਸਰਿਸ਼ਟ ਹੁੰਦੇ ਹੋਏ ਅਸੀਂ ਪਰਮੇਸ਼ੁਰ ਦੇ ਵਚਨ ਦੀ ਰਚਨਾਤਮਕ ਸ਼ਕਤੀ ਨੂੰ ਖੋਲ੍ਹਣਾ ਸ਼ੁਰੂ ਕਰ ਦੇਂਦੇ ਹਾਂ। ਨਿਹਚਾ ਰਾਹੀਂ, ਅਸੀਂ ਉਸ ਵਚਨ ਦਾ ਐਲਾਨ ਕਰਦੇ ਹਾਂ ਜੋ ਬੋਲਦੇ ਹਨ।

ਪਰਮੇਸ਼ੁਰ ਦਾ ਵਚਨ ਜਿਉਂਦਾ ਅਤੇ ਸ਼ਕਤੀਸ਼ਾਲੀ ਹੈ। ਇਸ ਵਿੱਚ ਪਰਮੇਸ਼ੁਰ ਦਾ ਜੀਵਨ ਸ਼ਾਮਿਲ ਹੈ। ਜਿਵੇਂ-ਜਿਵੇਂ ਅਸੀਂ ਨਵੀਂ ਸਰਿਸ਼ਟ ਦੇ ਪ੍ਰਕਾਸ਼ ਦਾ ਐਲਾਨ ਕਰਦੇ ਹਾਂ ਤਾਂ ਅਸੀਂ ਪਰਮੇਸ਼ੁਰ ਦੇ ਸੁਭਾਓ ਦੇ ਸਾਂਝੀਦਾਰ ਬਣਦੇ ਹਾਂ।

ਜਿਵੇਂ ਜਿਵੇਂ ਕਿ ਅਸੀਂ ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ ਦਾ ਐਲਾਨ ਕਰਦੇ ਰਹਿੰਦੇ ਹਾਂ। ਤਾਂ ਅਸੀਂ ਆਪਣੇ ਆਪ ਵਿੱਚ ਨਵੀਂ ਸਰਿਸਟ ਦਾ ਅਨੁਭਵ ਕਰਦੇ ਹਾਂ।

*ਉਸੇ ਤਰ੍ਹਾਂ ਹੋਣਾ ਜਿਵੇਂ ਪਰਮੇਸ਼ੁਰ ਕਹੇ ਅਸੀਂ ਹਾਂ, ਸਭੋ ਕੁਝ ਕਰਨਾ ਜਿਵੇਂ ਪਰਮੇਸ਼ੁਰ ਕਹੇ ਕਿ ਅਸੀਂ ਕਰ ਸਕਦੇ ਹਾਂ।*

*ਸੱਭੋ ਕੁਝ ਰਖਣਾ ਜਿਵੇਂ ਪਰਮੇਸ਼ੁਰ ਕਹੇ ਕਿ ਅਸੀਂ ਰੱਖ ਸਕਦੇ ਹਾਂ*

*ਨਵੇਂ ਸਰਿਸ਼ਟ ਦਾ ਪ੍ਰਕਾਸ਼ ਸਾਡੇ ਜੀਵਨਾਂ ਵਿੱਚ ਇੱਕ ਅਸਲੀਅਤ ਬਣ ਜਾਂਦੀ ਹੈ।*

## ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਕਿਵੇਂ ਅਸੀਂ ਪਰਮੇਸ਼ੁਰ ਦੇ ਵਚਨ ਉੱਤੇ ਧਿਆਨ ਲਾਉਂਦੇ ਹਾਂ ਵਰਣਨ ਕਰੋ?
2. ਲੋਗੋਸ ਅਤੇ ਰੇਮਾ ਵਿੱਚ ਕੀ ਅੰਤਰ ਹੈ ਵਰਣਨ ਕਰੋ?
3. ਆਪਣੇ ਮੂੰਹ ਤੋਂ ਪਰਮੇਸ਼ੁਰ ਦੇ ਵਚਨ ਦਾ ਐਲਾਨ ਬੋਲਣਾ, ਜਾਂ ਇਕਰਾਰ ਕਰਨਾ ਕਿਉਂ ਜ਼ਰੂਰੀ ਹੈ?